57 ਭਾਸ਼ਾਵਾਂ ਵਿਚ ਤਿੰਨ ਮੀਲੀਯਨ ਤੋਂ ਜਿਆਦਾ ਛੱਪ ਚੁੱਕੀਆਂ ਹਨ



## ਪਰਮੇਸ਼ਰ ਦੇ ਲਈ ਤੁਹਾਡੀ ਖੋਜ

ਡਾ. ਰਿਚਰਡ ਨੇ ਆਪਣੇ ਜੀਵਨ ਦੀ ਸ਼ੁਰੂਆਤ ਇਕ ਪਲੈਨਰ ਦੇ ਰੂਪ ਵਿਚ ਕੀਤੀ ਸੀ। ਪੜਾਈ ਕਰਦੇ ਹੋਏ ਰਿਚਰਡ ਦਾ ਸਾਹਮਣਾ ਜੀਵਨ ਪਰਿਵਰਤਿਤ ਕਰਨ ਵਾਲੇ ਪਰਮੇਸ਼ਰ ਦੇ ਨਾਲ ਹੋਇਆ। ਨਤੀਜੇ ਵਜੋਂ ਉਸ ਨੇ ਆਪਣੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਅਮਰੀਕਾ ਵਿਚ ਇਕ ਬਾਈਬਲ ਦਾ ਅਧਿਅਨ ਕਰਨ ਦੇ ਲਈ ਚੱਲੇ ਗਏ।

ਰਿਚਰਡ ਅਤੇ ਡੋਰਥੀ ਦਾ ਵਿਆਹ 1958 ਵਿਚ ਹੋਇਆ, ਅਤੇ ਉਹ ਦੋਵੇਂ ਪਰਮੇਸ਼ਰ ਦੀ ਸੇਵਾ ਕਰਦੇ ਹਨ ਇਸ ਤੋਂ ਇਲਾਵਾ ਡੋਰਥੀ ਔਰਤਾਂ ਵਿਚ ਸੇਵਾ ਵੀ ਕਰਦੀ ਹੈ।

ਪਿਛਲੇ ਸਾਲਾਂ ਵਿਚ ਰਿਚਰਡ ਅਤੇ ਡੋਰਥੀ ਦੀ ਸੇਵਕਾਈ ਲੋਕਾਂ ਦੇ ਵਿਚ ਕਾਂਨਫ੍ਰੈਂਸਾਂ ਦੇ ਰੂਪ ਵਿਚ ਜਿਆਦਾ ਹੋਈਆਂ ਸਨ। ਦੂਜੇ ਦੇਸ਼ਾਂ ਵਿਚ ਆਤਮਿਕ ਬੇਦਾਰੀ ਦੇ ਕੰਮ ਨੂੰ ਕਰਦੇ ਹੋਏ ਉਨ੍ਹਾਂ ਨੂੰ ਖੁਸ਼ੀ ਹੋਈ ਜਦ ਉਨ੍ਹਾਂ ਨੇ ਲੋਕਾਂ ਦੀ ਆਤਮਿਕ ਭੁੱਖ ਨੂੰ ਵੇਖਿਆ। ਪਰੰਤੂਉਨ੍ਹਾਂ ਦੀ ਖੁਸ਼ੀ ਦੁੱਖ ਵਿਚ ਮਿਲ ਗਈ ਜਦ ਉਨ੍ਹਾਂ ਨੇ ਲੋਕਾਂ ਨੂੰ ਗਰੀਬੀ ਅਤੇ ਭੁੱਖ ਵਿਚ ਪਏ ਵੇਖਿਆ। ਪਰਮੇਸ਼ਰ ਦੇ ਲਈ ਪਿਆਰ ਨੇ ਜਿਹੜਾ ਉਹ ਲੋਕਾਂ ਦੇ ਨਾਲ ਕਰਦਾ ਹੈ ਰਿਚਰਡ ਅਤੇ ਡੋਰਥੀ ਨੂੰ ਲੋਕਾਂ ਦੀ ਮਦਦ ਕਰਨ ਦੇ ਲਈ ਕਾਇਲ ਕੀਤਾ।

ਕੁਝ ਵੀ ਹੋਵੇ, ਨਾ ਕੇਵਲ ਉਨ੍ਹਾਂ ਦੇਸ਼ਾਂ ਦੇ ਪ੍ਰਤੀ ਜਿਨ੍ਹਾਂ ਵਿਚ ਸੁਧਾਰ ਹੋ ਰਿਹਾ ਹੈ, ਪਰੰਤੂਉਦਮੀ ਦੇਸ਼ਾਂ ਦੇ ਪ੍ਰਤੀ ਵੀ ਬੈਨਟ ਜਦ ਪਰਮੇਸ਼ਰ ਦੇ ਨਾਲ ਲੋਕਾਂ ਦੇ ਰਿਸ਼ਤੇ ਦੇ ਸੁਧਾਰ ਨੂੰ ਵੇਖਦਾ ਹੈ ਤਾਂ ਉਹ ਖੁਸ਼ ਹੋ ਜਾਂਦਾ ਹੈ। ਅਜਿਹੇ ਬਹੁਤ ਸਾਰੇ ਲੋਕਾਂ ਨੇ ਸਵਾਲ ਕੀਤਾ ਹੈ।

ਸਭ ਤੋਂ ਮਹਤੱਵਪੂਰਣ ਸਵਾਲ ਹੈ ਕਿ ਕੀ ਜੀਵਨ ਦੇ ਪ੍ਰਤੀ ਭਰੋਸੇਮੰਦ ਜਵਾਬ ਹਨ? ਰਿਚਰਡ ਬੈਨਟ ਨੇ ਭਰੋਸਾ ਦਵਾਇਆ ਹੈ ਕਿ ਪਰਮੇਸ਼ਰ ਆਪ ਇਨ੍ਹਾਂ ਸਵਾਲਾਂ ਦੇ ਜਵਾਬ ਦਿੰਦਾ ਹੈ। ਇਹੋ ਕਾਰਨ ਹੈ ਕਿ ਉਸ ਨੇ "ਪਰਮੇਸ਼ਰ ਦੇ ਪ੍ਰਤੀ ਤੁਹਾਡੀ ਖੋਜ" ਕਿਤਾਬ ਲਿਖੀ ਹੈ।

ਇਹ ਅਜਿਹੀ ਕਿਤਾਬ ਹੈ ਜਿਸ ਦੇ ਲਈ ਮੈਂ 20 ਸਾਲ ਪ੍ਰਾਰਥਨਾ ਕੀਤੀ ਹੈ।
ਜਾਰਜ ਵਰਵਰ
ਫਾਉਨਡਰ ਡਰੈਕਟਰ, ਓ.ਐਮ

Authentic



ISBN-13: 978-81-7362-511-4
ISBN-10: 81-7362-511-5

Your Quest for God *(Panjabi)*

ਪਰਮੇਸ਼ਰ ਦੇ ਲਈ ਤੁਹਾਡੀ ਖੋਜ    ਰਿਚਰਡ ਏ. ਬੈਨਟ

# ਪਰਮੇਸ਼ਰ ਦੇ ਲਈ ਤੁਹਾਡੀ ਖੋਜ



## ਰਿਚਰਡ ਏ. ਬੈਨਟ

# ਪਰਮੇਸ਼ਰ ਦੇ ਲਈ ਤੁਹਾਡੀ ਖੋਜ

ਜੇਕਰ ਮੇਰੀ ਪਤਨੀ ਡੋਰਥੀ ਦੇ ਦੁਆਰਾ ਹੋਸਲੇ, ਪਿਆਰ, ਕੁਰਬਾਨੀ ਅਤੇ ਪ੍ਰਾਰਥਨਾ ਨਾ ਕੀਤੀ ਜਾਂਦੀ ਤਾਂ ਇਸ ਕਿਤਾਬ ਨੂੰ ਲਿਖਣਾ ਬਹੁਤ ਹੀ ਔਖਾ ਸੀ। ਜਿਸ ਤਰ੍ਹਾਂ ਪੌਲੁਸ ਫੀਬਾ ਦੇ ਵਿਖੇ ਆਖਦਾ ਹੈ ਉਸੇ ਤਰ੍ਹਾਂ ਮੈਂ ਵੀ ਆਖਦਾ ਹਾਂ ਕਿ ...ਜਿਸ ਤਰ੍ਹਾਂ ਉਹ ਬਹੁਤਿਆਂ ਦੇ ਲਈ ਸਹਾਇਕ ਰਹੀ ਹੈ ...ਅਤੇ ਮੇਰੇ ਲਈ ਵੀ

# ਪਰਮੇਸ਼ਰ ਦੇ ਲਈ ਤੁਹਾਡੀ ਖੋਜ


ਰਿਚਰਡ ਏ.ਬੈਨਟ

ਅਨੁਵਾਦਕ : ਪਾਸਟਰ ਯੂਸੁਫ ਵੀਰ ਸਿੰਘ



Authentic

HYDERABAD • COLORADO SPRINGS • LONDON

Parmeshwar De Lye Tuhaidi Khoj

(Punjabi)

Your Quest for God
by Richard A.Bennett

Copyright © 1985, 1988, 1997, 1998, 2003
Cross Currents Internatinal Ministries
www.ccim-media.com

Published by Authentic India
First Punjabi edition 2003
Revised edition 2007
ISBN-13: 978-81-7362-511-4
ISBN-10: 81-7362-511-5

# ਵਿਸ਼ੇ ਸੂਚੀ


ਭੂਮਿਕਾ 7

ਪ੍ਰਸਤਾਵਨਾ 9

**ਅਧਿਆਇ 1**

ਕੀ ਵਾਸਤਵ ਵਿਚ ਹੀ ਪਰਮੇਸ਼ਰ ਹੈ? 15

**ਅਧਿਆਇ 2**

ਕੀ ਤੁਹਾਡਾ ਆਤਮਿਕ ਅਗੂਆ ਵਿਸ਼ਵਾਸਯੋਗ ਹੈ? 23

**ਅਧਿਆਇ 3**

ਪਰਮੇਸ਼ਰ ਕਿਹੋ ਜਿਹਾ ਹੈ? 39

**ਅਧਿਆਇ 4**

ਲੋਕਾਂ ਨੂੰ ਕਿਹੜੀ ਗੱਲ ਵਖਰਾ ਕਰਦੀ ਹੈ? 49

**ਅਧਿਆਇ 5**

ਅਸਲੀ ਸਮਸਿਆ ਕੀ ਹੈ? 63

**ਅਧਿਆਇ 6**

ਕੀ ਕਾਰਨ ਹੈ ਕਿ ਲੋਕ ਅਜਿਹੇ ਭੱਟਕੇ ਫਿਰਦੇ ਹਨ? 73

**ਅਧਿਆਇ 7**

ਕੀ ਵਾਸਤਵ ਵਿਚ ਪਰਮੇਸ਼ਰ ਮੈਨੂੰ ਪਿਆਰ ਕਰਦਾ ਹੈ? 87

**ਅਧਿਆਇ 8**

ਮੈਂ ਜੀਵਨ ਕਿੱਥੇ ਪ੍ਰਾਪਤ ਕਰ ਸਕਦਾ ਹਾਂ? 113

**ਅਧਿਆਇ 9**

ਪਰਮੇਸ਼ਰ ਦੇ ਪਰਿਵਾਰ ਦਾ ਮੈਂ ਕਿਵੇਂ ਸਦੱਸ ਬਣ ਸਕਦਾ ਹਾਂ? 127

**ਅਧਿਆਇ 10**

ਇਸ ਦੇ ਬਾਅਦ ਕੀ? 139

**ਵਿਸ਼ਵਾਸ ਦੇ ਪ੍ਰਤੀ ਮੇਰਾ ਸਮਰਪਣ** 150

# ਭੂਮਿਕਾ

ਮੈਂ ਦਿਲ ਤੋਂ ਇਸ ਕਿਤਾਬ ਦਾ ਜਿਸ ਦਾ ਨਾਂ 'ਪਰਮੇਸ਼ਰ ਦੇ ਪ੍ਰਤੀ ਸਵਾਲ' ਹੈ ਪੱਖ ਕਰਦਾ ਹਾਂ, ਅਤੇ ਪੱਖ ਕਰਨ ਦੇ ਦੋ ਕਾਰਨ ਹਨ। ਪਹਿਲਾ ਇਹ ਹੈ ਕਿ ਇਸ ਦੇ ਲੇਖਕ ਨੂੰ ਜਾਣਦਾ ਹਾਂ। ਉਹ ਵਿਸ਼ਵਾਸ ਦੇ ਵਿਚ ਪੁੱਤਰ ਹੈ, ਅਤੇ ਇਸ ਨਾਲੋਂ ਮੈਨੂੰ ਵੱਡਾ ਅਨੰਦ ਕੋਈ ਨਹੀਂ ਜੋ ਮੈਂ ਸੁਣਾ ਭਈ ਮੇ ਰੇ ਬਾਲਕ ਸਚਿਆਈ ਉੱਤੇ ਚੱਲਦੇ ਹਨ (3ਯੂਹੰਨਾ 4)।

ਦੂਜਾ ਕਾਰਨ ਹੋਰ ਵੀ ਜਿਆਦਾ ਅਨਾਤਮ (ਵਾਸਤਵਿਕ) ਹੈ। ਡਾਕਟਰ ਰਿਚਡ ਬੈਨਟ ਨੇ ਸ਼ਬਦਾਂ ਨੂੰ ਸਫਾਈ ਦੇ ਨਾਲ, ਸੰਖੇਪ ਵਿਚ, ਅਤੇ ਭਰੋਸੇ ਯੋਗ ਤਰੀਕੇ ਦੇ ਨਾਲ ਉਚਾਰਣ ਕਰਨ ਵਿਚ ਮਹਾਰਤ ਪ੍ਰਾਪਤ ਕੀਤੀ ਹੈ ਜਿਹੜਾ ਕਿ ਇਕ ਮਨੁੱਖ ਦੇ ਲਈ ਪਰਮੇਸ਼ਰ ਦੇ ਨਾਲ ਰਿਸ਼ਤਾ ਜੋੜਨ ਦੇ ਲਈ ਜਰੂਰੀ ਹੈ।

ਬਾਈਬਲ ਸਾਨੂੰ ਦੱਸਦੀ ਹੈ ਕਿ ਪਰਮੇਸ਼ਰ ਨੇ ਸਦੀਪਕ ਅਨੰਦ ਨੂੰ ਉਨ੍ਹਾਂ ਦੇ ਮਨ ਵਿਚ ਕਾਇਮ ਕੀਤਾ ਹੈ . . .(ਸਰੇਸ਼ਟ ਗੀਤ 3:11)। ਉਹ ਵਿਚ ਅੱਗੇ ਇਸ ਤਰ੍ਹਾਂ ਦੱਸਿਆ ਗਿਆ ਹੈ, ਕਿ ਇਸ ਲਈ, ਕਿਉਂਕਿ ਮਨੁੱਖ ਨੂੰ ਸਦੀਪਕ ਕਾਲ ਦੇ ਲਈ ਬਣਾਇਆ ਗਿਆ ਹੈ ਇਸ ਲਈ ਇਹ ਜੁਗ ਦੀਆਂ ਵਸਤਾਂ ਉਸ ਨੂੰ ਸੰਤੁਸ਼ਟ ਨਹੀਂ ਕਰ ਸਕਦੀਆਂ। ਇਕ ਅਜਿਹਾ ਖਾਲੀਪਨ ਹੈ ਜਿਸ ਨੂੰ ਕੇਵਲ ਪਰਮੇਸ਼ਰ ਹੀ ਭਰ ਸਕਦਾ ਹੈ। ਸੰਤ ਅਗਸਟਿਨ ਨੇ ਬਿਲਕੁਲ ਸਹੀ ਕਿਹਾ ਹੈ ਕਿ, ''ਹੇ ਪਰਮੇਸ਼ਰ, ਤੂੰ ਸਾਡੀ ਰਚਨਾ ਆਪਣੇ ਲਈ ਕੀਤੀ ਹੈ ਅਤੇ ਸਾਡਾ ਪ੍ਰਾਣ ਉਸ ਵੇਲੇ ਤਕ ਬੇਚੈਨ ਰਹਿੰਦਾ ਹੈ ਜਦ ਤਕ ਇਹ ਤੇਰੇ ਕੋਲ ਨਹੀਂ ਪਹੁੰਚ ਜਾਂਦਾ ਹੈ।'' ਜਦ ਤਕ ਅਸੀਂ ਆਪਣੇ ਸਦੀਪਕ ਪਰਮੇਸ਼ਰ ਦੇ ਪ੍ਰਤੀ ਆਪਣੇ ਰਿਸ਼ਤੇ ਨੂੰ ਨਹੀਂ ਸਮਝਦੇ

ਇਹ ਕਿਤਾਬ ਸਾਡੀ ਸਹਾਇਤਾ ਕਰਦੀ ਹੈ ਕਿ ਅਸੀਂ ਉਸ ਸਵਾਲ ਦਾ ਜਵਾਬ ਪ੍ਰਾਪਤ ਕਰ ਲਈਏ।

ਮੇਰੀ ਇਹ ਦਿਲ ਤੋਂ ਪ੍ਰਾਰਥਨਾ ਹੈ ਕਿ ਇਕ ਕਿਤਾਬ ਨੂੰ ਇਕ ਵੱਡੀ ਭੀੜ ਪੜੇ ਅਤੇ ਪਰਮੇਸ਼ਰ ਦੀ ਮਹਿਮਾ ਅਤੇ ਉਸ ਦੀ ਸਦੀਪਕਤਾ ਦਾ ਜਿਹੜਾ ਸੰਦੇਸ਼ ਇਸ ਕਿਤਾਬ ਵਿਚ ਹੈ ਉਸ ਨੂੰ ਸਵੀਕਾਰ ਕਰ ਲਵੇ।

ਡਾਕਟਰ ਸਟੀਫਨ ਐਫ ਓਲਫਰਡ

# ਪ੍ਰਸਤਾਵਨਾ

ਸਾਡੀ ਵਿਸਤਿਤ ਯਾਤਰਾ ਵਿਚ, ਮੇਰੀ ਪਤਨੀ ਅਤੇ ਮੈਂ ਹਾਇਵੇ ਤੇ ਬਹੁਤ ਸਾਰੇ ਮਿੱਤਰਾਂ ਨੂੰ ਮਿਲਦੇ ਹਾਂ ਅਤੇ ਉਨ੍ਹਾਂ ਦੇ ਕੋਲੋਂ ਹੋ ਕੇ ਗੁਜਰ ਜਾਂਦੇ ਹਾਂ। ਉਨ੍ਹਾਂ ਦੀ ਸੰਸਕ੍ਰਿਤੀ, ਆਰਥਿਕ ਪਿਛੋਕੜਾ ਅਤੇ ਸ਼ੈਸ਼ਿਕ ਸਤੱਰ ਵਖਰਾ ਹੈ।

ਅਸੀਂ ਇਹ ਮੰਨਣ ਨੂੰ ਤਿਆਰ ਨਹੀਂ ਹਾਂ ਕਿ ਇਨ੍ਹਾਂ ਲੋਕਾਂ ਦੇ ਨਾਲ ਸਾਡੀ ਅਚਾਣਕ ਮੁਲਾਕਾਤ ਹੋਈ ਹੈ ਅਤੇ ਨਾ ਹੀ ਸਾਨੂੰ ਇਸ ਗੱਲ ਤੋਂ ਹੈਰਾਨਗੀ ਹੁੰਦੀ ਹੈ ਕਿ ਇਹ ਹੁਣ ਤੁਹਾਡੇ ਹੱਥ ਵਿਚ ਹੈ।

ਇਨ੍ਹਾਂ ਸਾਰੇ ਸਾਲਾਂ ਵਿਚ ਜਿਹੜੀ ਵਾਰਤਾਲਾਪ ਸਾਡੀ ਆਪਣੇ ਬਹੁਤ ਸਾਰੇ ਮਿਤਰਾਂ ਦੇ ਨਾਲ ਹੋਈ ਹੈ ਉਨ੍ਹਾਂ ਦਾ ਮੁੱਖ ਅਧਾਰ ਪਰਮੇਸ਼ਰ ਦੇ ਪ੍ਰਤੀ ਸਵਾਲਾਂ ਦੇ ਚਾਰ ਚੁਫੇਰੇ ਰਹੀ ਹੈ। ਉਨ੍ਹਾਂ ਦੇ ਨਾਲ ਅਸੀ ਜਿਹੜੇ ਵਿਚਾਰ ਵੰਡੇ ਸਨ ਉਨ੍ਹਾਂ ਵਿਚੋਂ ਕੁਝ ਇਸ ਕਿਤਾਬ ਵਿਚ ਵਿਅਕਤ ਕੀਤੇ ਗਏ ਹਨ।

*ਪਰਮੇਸ਼ਰ ਦੇ ਪ੍ਰਤੀ ਤੁਹਾਡੇ ਸਵਾਲ* ਦੀ ਪਹਿਲੀ ਛਾਪ ਜਿਸ ਦੇ ਵਿੱਚੋਂ ਦੂਜੇ ਛਾਪ ਤਿਆਰ ਕੀਤੀ ਗਈ ਹੈ, ਉਹ ਧੰਨਵਾਦ ਦੇ ਇਕ ਭੇਂਟ ਦੇ ਰੂਪ ਵਿਚ ਤਿਆਰ ਕੀਤੀ ਗਈ ਸੀ। ਜਦ ਮੈਂ ਅਤੇ ਡੋਰਥੀ ਆਪਣੇ ਵਿਆਹ ਦੀ 25ਵੀਂ ਬਰਸੀ ਵਿੱਚ ਪਹੁੰਚੀ ਤਾਂ ਅਸੀਂ ਵਿਚਾਰ ਕੀਤਾ ਕਿ ਅਸੀਂ ਉਨ੍ਹਾਂ ਸਾਰੀਆਂ ਭਲਿਆਈਆਂ ਦੇ ਲਈ ਪਰਮੇਸ਼ਰ ਨੂੰ ਕਿਵੇਂ ਧੰਨਵਾਦ ਦੇ ਸਕਦੇ ਹਾਂ ਜਿਹੜੀਆਂ ਉਸ ਨੇ ਸਾਡੇ ਪ੍ਰਤੀ ਕੀਤੀਆਂ ਹਨ।

ਸਾਡੇ ਮਨ ਵਿਚ ਇਕ ਅਨੋਖਾ ਵਿਚਾਰ ਆਇਆ ਕਿ ਅਸੀ ਕਿਉਂ ਨਾ ਅਸੀ ਇਕ ਅਜਿਹੀ ਕਿਤਾਬ ਲਿਖੀਏ ਅਤੇ ਛਾਪ 25000 ਲੋਕਾਂ ਵਿਚ ਵੰਡ ਦਈਏ ਜਿਸ ਵਿਚ ਆਸ ਅਤੇ ਸ਼ਾਂਤੀ ਦਾ ਸੰਦੇਸ਼ ਹੋਵੇ। ਉਹ ਸਾਡੇ ਵਿਵਾਹਿਤ ਜੀਵਨ ਦੇ ਹਰ ਸਾਲ ਦੇ ਲਈ 1000 ਕਾਪੀਆਂ ਦੇ ਰੂਪ ਵਿਚ ਹੋਵੇਗੀ।

ਪਰਮੇਸ਼ਰ ਨੇ ਇਸ ਛੋਟੀ ਕੋਸ਼ਿਸ਼ ਨੂੰ ਜਿਹੜੀ ਪ੍ਰੇਮ ਦੇ ਵਜੋਂ ਲਿਖੀ ਗਈ ਸੀ ਬਰਕਤ ਦਿੱਤੀ ਅਤੇ ਸੰਸਾਰ ਭਰ ਵਿਚ ਇਹ ਪਹੁੰਚ ਗਈ। ਇਹ 25000 ਕਾਪੀਆਂ ਅੱਡ ਅੱਡ ਦੇਸ਼ਾਂ ਵਿਚ ਸਿੱਧੇ ਲੋਕਾਂ ਦੇ ਹੱਥਾਂ ਵਿਚ ਦਿੱਤੀਆਂ ਗਈਆਂ ਸੀ। ਸਾਡੇ ਅਨੰਦ ਦੀ ਕੋਈ ਥਾਂ ਉਸ ਵੇਲੇ ਨਾ ਰਹੀ ਜਦ ਅਸੀਂ ਲੋਕਾਂ ਦੇ ਰਾਹੀਂ ਇਸ ਤਰ੍ਹਾਂ ਦੇ ਖਤ ਪ੍ਰਾਪਤ ਕੀਤੇ ਕਿ ਸਾਡੇ ਰਾਹੀਂ ਲਿਖੀ ਗਈ ਕਿਤਾਬ, ''ਪਰਮੇ ਸ਼ਰ ਦੇ ਪ੍ਰਤੀ ਤੁਹਾਡੇ ਸਵਾਲ'' ਨੇ ਉਨ੍ਹਾਂ ਦੇ ਜੀਵਨ ਨੂੰ ਇਕ ਨਵਾਂ ਮਾਰਗ ਵਿਖਾਇਆ ਹੈ।

ਸਾਡੇ ਕੋਲ ਅਣਗਿਣਤ ਖਤ ਆਏ ਕਿ ਉਨ੍ਹਾਂ ਦੀ ਭਾਸ਼ਾ ਵਿਚ ਇਸ ਕਿਤਾਬ ਦਾ ਅਨੁਵਾਦ ਕਰਵਾਇਆ ਜਾਵੇ। ਇਸ ਲਈ, ਅਸੀਂ ਪ੍ਰਾਰਥਨਾ ਦੇ ਨਾਲ ਇਹ ਫੈਸਲਾ ਕੀਤਾ ਕਿ ਅਸੀ ਇਸ ਕਿਤਾਬ ਦੀ ਦੂਜੀ ਛਾਪ ਤਿਆਰ ਕਰਾਂਗੇ ਤਾਂ ਜੋ ਵਿਸ਼ਵ ਭਰ ਵਿਚ ਜਿਹੜੇ ਲੋਕਾਂ ਦੇ ਪਰਮੇਸ਼ਰ ਦੇ ਵਿਖੇ ਸਵਾਲ ਹਨ ਉਨ੍ਹਾਂ ਦੀ ਸਹਾਇਤਾ ਕੀਤੀ ਜਾਵੇ। ਉਸ ਦਾ ਨਤੀਜਾ ਇਹ ਹੋਇਆ ਵਿਸ਼ਵ ਦੀਆਂ 50 ਭਾਸ਼ਾਵਾਂ ਵਿਚ ਲੱਖਾਂ ਦੀ ਗਿਣਤੀ ਵਿਚ ਕਿਤਾਬ ਦਿੱਤੀ ਗਈ ਹੈ। ਹੁਣ ਸਾਡੀ ਪ੍ਰਾਰਥਨਾ ਇਹ ਹੈ ਕਿ ਇਸ ਕਿਤਾਬ ਦੀ ਪੰਜਵੀ ਛਾਪ ਹੋਰ ਬਹੁਤ ਸਾਰੇ ਲੋਕਾਂ ਦੇ ਲਈ ਬਰਕਤ ਦਾ ਕਾਰਨ ਹੋ ਜਾਵੇ।

ਇਸ ਕਿਤਾਬ ਦੇ ਪਹਿਲੇ ਦੋ ਅਧਿਆਇ ਹੋ ਸਕਦਾ ਹੈ ਕਿ ਹਰ ਪਾਠਕ ਦੇ ਲਈ ਲਾਭਕਾਰੀ ਨਾ ਹੋਣ। ਪਹਿਲਾ ਅਧਿਆਇ ਉਨ੍ਹਾਂ ਲੋਕਾਂ ਦੇ ਲਈ ਲਿਖਿਆ ਗਿਆ ਹੈ ਜਿਹੜੇ ਹੋ ਸਕਦਾ ਹੈ ਕਿ ਪਰਮੇਸ਼ਰ ਦੇ ਵਜੂਦ ਦੇ ਪ੍ਰਤੀ ਹੀ ਸਵਾਲ ਰੱਖਦੇ ਹਨ। ਦੂਜਾ ਅਧਿਆਇ ਖਾਸ ਕਰਕੇ ਉਨ੍ਹਾਂ ਲੋਕਾਂ ਦੇ ਲਈ ਲਾਭਕਾਰੀ ਹੋਵੇਗਾ ਜਿਹੜੇ ਹਰ ਗੱਲ ਦੇ ਲਈ ਹੀ ਸਵਾਲ ਕਰਨਾ ਪਸੰਦ ਕਰਦੇ ਹਨ, ਵਾਸਤਵ ਵਿਚ ਇਹ ਸਾਰੇ ਪਾਠਕਾਂ ਦੇ ਲਈ ਲਾਭਕਾਰੀ ਹੈ ਕਿ ਇਸ ਨੂੰ ਪੜ ਕੇ ਹਰ ਵਿਅਕਤੀ ਆਪਣੇ ਵਿਸ਼ਵਾਸ ਅਤੇ ਵਰਤਾਉ ਦਾ ਨਿਰੀਖਣ ਕਰ ਸਕਦਾ ਹੈ।

ਇਨ੍ਹਾਂ ਪ੍ਰਾਰੰਭਿਕ ਅਧਿਆਇਆਂ ਵਿਚ ਲਗਭਗ ਹਰ ਵਿਸ਼ਾ ਹੈ ਜਿਸ ਤੋਂ ਬਾਕੀ ਗੱਲਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਤਿੰਨ ਅਧਿਆਇ ਤੋਂ ਦਸ ਅਧਿਆਇ ਵਿਚ ਮੁਢਲੀਆਂ ਸਚਿਆਈਆਂ ਦਾ ਵਰਣਨ ਕੀਤਾ ਗਿਆ ਹੈ ਜਿਨ੍ਹਾਂ ਵਿਚ ਪਰਮੇਸ਼ਰ ਦੇ ਪ੍ਰਤੀ ਜਿਹੜੇ ਤੁਹਾਡੇ ਸਵਾਲ ਹਨ ਉਨ੍ਹਾਂ ਦਾ ਜਵਾਬ ਤੁਹਾਨੂੰ ਮਿਲੇਗਾ। ਇਸ ਲਈ ਅਸੀਂ ਪ੍ਰਾਰਥਨਾ ਦੇ ਲਈ ਇਸ ਛਾਪ ਨੂੰ ਪਰਮੇਸ਼ਰ ਦੇ ਹੱਥ ਵਿਚ ਦਿੰਦੇ ਹਾਂ ਕਿ ਉਹ ਆਪਣੇ ਤਰੀਕੇ ਦੇ ਨਾਲ ਇਸ ਨੂੰ ਬਰਕਤ ਦੇਵੇ।

ਡੋਰਥੀ ਅਤੇ ਮੈਂ ਪਰਮੇਸ਼ਰ ਨੂੰ ਉਨ੍ਹਾਂ ਲੋਕਾਂ ਦੇ ਪ੍ਰਤੀ ਧੰਨਵਾਦ ਦੇਣਾ ਚਾਹੁੰਦੇ ਹਾਂ ਜਿਨ੍ਹਾਂ ਨੇ ਆਪਣੇ ਪਿਆਰ, ਪ੍ਰਾਰਥਨਾਵਾਂ ਅਤੇ ਪਰਮੇਸ਼ਰ ਦੇ ਨਾਲ ਆਪਣੇ ਵਿਅਕਤੀਗਤ ਅਨੁਭਵ ਨੂੰ ਸਾਡੇ ਨਾਲ ਵੰਡਿਆ ਹੈ। ਅਜਿਹੇ ਲੋਕਾਂ ਦੀ ਇਕ ਵੱਡੀ ਸੂਚੀ ਹੈ। ਇਨ੍ਹਾਂ ਸਾਰੇ ਮਿੱਤਰਾਂ ਨੂੰ ਅਸੀਂ ''ਧੰਨਵਾਦ'' ਆਖਦੇ ਹਾਂ।

# ਪਰਮੇਸ਼ਰ ਦੇ ਲਈ ਤੁਹਾਡੀ ਖੋਜ

ਦੂਜੀਆਂ ਸਾਰੀਆਂ ਜੀਵਨੀਆਂ ਦੇ ਵਾਂਗ ਭੂ-ਵਿਗਿਆਨ
ਧਰਤੀ ਦੀ ਆਤਮ ਕਥਾ ਜਾਂ ਜੀਵਨੀ ਹੈ, ਇਹ ਆਰੰਭ ਵੱਲ
ਵਾਪਸ ਨਹੀਂ ਜਾਂਦੀ ਹੈ।

**ਸਰ ਚਾਰਲਸ ਲੋਯਲ**

# ਅਧਿਆਇ 1

# ਕੀ ਵਾਸਤਵ ਵਿਚ ਹੀ ਪਰਮੇਸ਼ਰ ਹੈ?

ਹੋ ਸਕਦਾ ਹੈ ਕਿ ਤੁਹਾਡੇ ਜੀਵਨ ਵਿਚ ਕਦੇ ਕੋਈ ਅਜਿਹਾ ਵੇਲਾ ਆਇਆ ਹੋਵੇ ਜਿਸ ਵਿਚ ਤੁਸੀਂ ਨਾ ਕੇਵਲ ਪਰਮੇਸ਼ਰ ਦੇ ਪ੍ਰੇਮ ਦੇ ਪ੍ਰਤੀ ਸ਼ਕ ਕੀਤਾ ਹੋਵੇ ਪਰੰਤੂ ਉਸ ਦੀ ਮੌਜੂਦਗੀ ਜਾਂ ਵਜੂਦ ਦੇ ਵਿਖੇ ਵੀ ਤੁਹਾਡੇ ਮਨ ਵਿਚ ਸਵਾਲ ਪੈਦਾ ਹੋਇਆ ਹੋਵੇ।

ਬਾਈਬਲ ਦੇ ਵਿਚ, ਪਰਮੇਸ਼ਰ ਦੇ ਮੌਜੂਦਗੀ ਦਾ ਵਰਣਨ ਨਹੀਂ ਕੀਤਾ ਗਿਆ ਹੈ ; ਅਤੇ ਨਾ ਹੀ ਇਸ ਨੂੰ ਸਾਬਤ ਕੀਤਾ ਗਿਆ ਹੈ। ਇਸ ਨੂੰ ਸਾਧਾਰਣ ਤੌਰ ਤੇ ਸਵੀਕਾਰ ਕਰ ਲਿਆ ਗਿਆ ਹੈ। ਬਾਈਬਲ ਦਾ ਪਹਿਲਾ ਵਾਕ ਇਸ ਤਰ੍ਹਾਂ ਬਿਆਨ ਕਰਦਾ ਹੈ ਕਿ, *ਆਦ ਵਿਚ ਪਰਮੇਸ਼ਰ ਨੇ ਅਕਾਸ਼ ਅਤੇ ਧਰਤੀ ਨੂੰ ਉਤਪਤ ਕੀਤਾ (ਉਤਪਤ 1:1*) ਇਹ ਬਹੁਤ ਹੀ ਭਿਆਨਕ ਬਿਆਨ ਹੈ ਜਿਹੜਾ ਕਿ ਇਕ ਆਮ ਬਿਆਨ ਵੀ ਹੈ ਅਤੇ ਡੂੰਘਾ ਵੀ ਹੈ। ਇਹ ਘੋਸ਼ਣਾ ਕਰਦਾ ਹੈ ਕਿ ਪਰਮੇਸ਼ਰ ਹੈ ਅਤੇ ਉਹ ਸਾਰੀ ਸਰਿਸ਼ਟੀ ਦਾ ਰਚਨਾਕਰਤਾ ਹੈ।

ਬਹੁਤ ਸਾਲ ਹੋਏ ਯੁਰੋਪ ਵਿਚ ਮੇਰੀ ਪਤਨੀ ਡੋਰਥੀ ਨੂੰ ਇਕ ਮਸ਼ਹੂਰ ਦਿਮਾਗੀ ਹਸਪਤਾਲ ਵਿਚ ਨਰਸ ਦਾ ਉੱਚਾ ਔਹਦਾ ਮਿਲਿਆ। ਇਕ ਦਿਨ ਇਕ ਮਸ਼ਹੂਰ ਦਿਮਾਗੀ ਡਾਕਟਰ ਨੇ ਜਿਹੜਾ ਆਪਣੇ ਆਪ ਨੂੰ ਨਾਸਤਿਕ ਹੋਣ ਦਾ ਦਾਵਾ ਕਰਦਾ ਸੀ ਉਸ ਨੇ ਡੋਰਥੀ ਨੂੰ ਉਸ ਦੇ ਵਿਸ਼ਵਾਸ ਦੇ ਵਿਖੇ ਸਵਾਲ ਕੀਤਾ। ਉਸ ਨੇ ਜਵਾਬ ਦਿੱਤਾ, ''ਡਾਕਟਰ ਸਾਹਿਬ, ਕੀ ਤੁਸੀਂ ਇਹ ਜਾਣਦੇ ਹੋ ਕਿ ਮੈਂ ਇਕ ਅਧਿਕਾਰੀ ਦੇ ਰੂਪ ਵਿਚ ਤੁਹਾਡਾ ਆਦਰ ਕਰਦੀ ਹਾਂ। ਤੁਸੀਂ ਯੁਨਿਵਰਸਟੀ ਦੇ ਇਕ ਉੱਤਮ ਪ੍ਰੋਫੈਸਰ ਹੋ, ਅਤੇ ਮੈਡੀਕਲ ਵਿਭਾਗ ਵਿਚ ਦੂਰ ਦੂਰ ਤਕ ਤੁਹਾਡੀ ਵਡਿਆਈ ਹੁੰਦੀ ਹੈ। ਇਸ ਤੋਂ ਪਹਿਲਾਂ ਕਿ ਮੁੜ ਕਦੇ ਤੁਸੀ ਆਪਣੇ ਆਪ ਨੂੰ ਨਾਸਤਿਕ ਆਖੋ ਮੈਂ ਤੁਹਾਨੂੰ ਸੁਝਾਉ ਦੇਣਾ ਚਾਹੁੰਦੀ ਹਾਂ ਕਿ ਤੁਸੀਂ ਬਾਈਬਲ ਨੂੰ ਉਸੇ ਉਤਸਾਹ ਦੇ ਨਾਲ ਪੜੋ ਜਿਸ ਦੇ ਨਾਲ ਤੁਸੀ ਦਿਮਾਗ ਦਾ ਅਧਿਅਨ ਕਰਕੇ ਮਹਾਰਤ ਪ੍ਰਾਪਤ ਕੀਤੀ ਹੈ।''

ਇਸ ਦੇ ਨਾਲ ਹੀ ਉਸ ਨੂੰ ਉਨ੍ਹਾਂ ਬੀਮਾਰਾਂ ਦੇ ਵਿਖੇ ਉਸ ਨੂੰ ਚੇਤੇ ਕਰਾਇਆ ਜਿਹੜੇ ਹਾਲ ਦੇ ਵਿਚ ਹੀ ਉਸ ਬਾਰਡ ਵਿਚੋਂ ਚੰਗੇ ਹੋ ਕੇ ਗਏ ਸਨ ਜਿਹੜੇ ਬਾਰਡ ਵਿਚ ਬਹੁਤ ਉਨ੍ਹਾਂ ਰੋਗੀਆਂ ਨੂੰ ਰੱਖਿਆ ਜਾਂਦਾ ਹੈ ਜਿਨ੍ਹਾਂ ਦੇ ਬਚਣ ਦੀ ਆਸ ਘੱਟ ਹੁੰਦੀ ਹੈ ਅਤੇ ਪਰਮੇਸ਼ਰ ਨੇ ਉਨ੍ਹਾਂ ਦੇ ਜੀਵਨਾਂ ਵਿਚ ਵੱਡਾ ਕੰਮ ਕੀਤਾ ਹੈ। ਉਸ ਨੇ ਡਾਕਟਰ ਨੂੰ ਦੋ ਤਿੰਨ ਬੀਮਾਰਾਂ ਦੇ ਨਾਂ ਚੇਤੇ ਕਰਾਏ ਜਿਹੜੇ ਹੀ ਜਿਨ੍ਹਾਂ ਦੇ ਜੀਵਨਾਂ ਵਿਚ ਨਾਟਕਿਯ ਪਰਿਵਰਤਨ ਹੋਇਆ ਸੀ ਅਤੇ ਉਹ ਤੰਦਰੁਸਤੀ ਦਾ ਜੀਵਨ ਬਤੀਤ ਕਰ ਰਹੇ ਸਨ। ਡੋਰਥੀ ਨੇ ਇਸ ਮਸ਼ਹੂਰ ਡਾਕਟਰ ਨੂੰ ਬਿਆਨ ਕੀਤਾ ਕਿ ਕਿਵੇਂ ਇਨ੍ਹਾਂ ਰੋਗੀਆਂ ਨੇ ਪਰਮੇਸ਼ਰ ਨੂੰ ਜਾਣਿਆ ਅਤੇ ਪਰਮੇ ਸ਼ਰ ਨੇ ਉਨ੍ਹਾਂ ਦੇ ਜੀਵਨਾਂ ਵਿਚ ਕੰਮ ਕੀਤਾ। ਡਾਕਟਰ ਵੀ ਇਨ੍ਹਾਂ ਰੋਗੀਆਂ ਦੇ ਬਾਰੇ ਜਾਣਦਾ ਸੀ ਕਿ ਉਨ੍ਹਾਂ ਨੂੰ ਅਜਿਹੀ ਗੰਭੀਰ ਰੋਗ ਵਿਚ ਕਿਸੇ ਵੀ ਤਰ੍ਹਾਂ ਦਾ ਅਧੁਨਿਕ ਇਲਾਜ ਨਹੀਂ ਦਿੱਤਾ ਗਿਆ ਸੀ। ਨਾ ਤਾਂ ਇਕ ਨਾਸਤਿਕ ਤਰੀਕੇ ਦੇ ਨਾਲ ਅਤੇ ਨਾ ਹੀ ਇਕ ਦਿਮਾਗੀ ਡਾਕਟਰੀ ਇਲਾਜ ਦੇ ਨਾਲ, ਕੀ ਉਹ ਇਨ੍ਹਾਂ ਦੇ ਜੀਵਨਾਂ ਵਿਚ ਹੋਈ ਪਰਿਵਰਤਨ ਦੇ ਵਿਖੇ ਵਿਚਾਰ ਕਰ ਸਕਦਾ ਸੀ।

ਇਹ ਡਾਕਟਰ ਡੋਰਥੀ ਨੂੰ ਕੇਵਲ ਇਹ ਆਖ ਰਿਹਾ ਸੀ ਕਿ ਉਹ ਕਿਸੇ ਤਰ੍ਹਾਂ ਪਰਮੇਸ਼ਰ ਵਿਚ ਵਿਸ਼ਵਾਸ ਨਹੀਂ ਕਰਦਾ ਹੈ ਅਤੇ ਉਸ ਨੇ ਇਸ ਗੱਲਬਾਤ ਨੂੰ ਇਹ ਆਖਦੇ ਹੋਏ ਖਤਮ ਕੀਤਾ, ''ਡੋਰਥੀ ਤੂੰ ਮੇਰੇ ਲਈ ਪ੍ਰਾਰਥਨਾ ਕਰ।'' ਉਸ ਨੇ ਇਹ ਵੀ ਵਾਯਦਾ ਕੀਤਾ ਕਿ, ਆਪਣੇ ਜੀਵਨ ਵਿਚ ਪਹਿਲੀ ਵਾਰ ਡੂੰਘੀ ਰੂਚੀ ਦੇ ਨਾਲ ਬਾਈਬਲ ਪੜਨੀ ਸ਼ੁਰੂ ਕਰੇਗਾ।

ਸਤ ਹਫਤੇ ਧਿਆਨ ਦੇ ਨਾਲ ਬਾਈਬਲ ਪੜਨ ਦੇ ਬਾਅਦ, ਉਸ ਦਿਮਾਗੀ ਡਾਕਟਰ ਨੇ ਡੋਰਥੀ ਨੂੰ ਕਿਹਾ, ਕਿ ਹੁਣ ਉਹ ਕਿਸੇ ਤਰ੍ਹਾਂ ਦੇ ਨਾਲ ਨਾਸਤਿਕ ਨਹੀਂ ਰਿਹਾ ਹੈ। ਹਾਲਾਂਕਿ, ਹਾਲੇ ਵੀ ਉਸ ਨੂੰ ਕੁਝ ਸਮਸਿਆ ਸੀ, ਉਸ ਨੂੰ ਇਕ ਵਾਤਸਵਿਕ ਪਰਿਵਰਤਨ ਦੀ ਲੋੜ ਸੀ ਤਾਂ ਜੋ ਉਹ ਆਪਣੇ ਜੀਵਨ ਸ਼ੈਲੀ ਵਿਚ ਸੁਧਾਰ ਲਿਆ ਸਕੇ। ''ਉਸ ਨੇ ਇਸ ਗੱਲ ਦਾ ਇਕਰਾਰ ਕੀਤਾ ਕਿ ਉਸ ਦੀ ਸਮਸਿਆ ਬੁੱਧੀ ਦੇ ਪ੍ਰਤੀ ਨਹੀਂ ਸੀ, ਪਰ ਉਸ ਨੇ ਇਹ ਇਕਰਾਰ ਵੀ ਕੀਤਾ ਕਿ ਮੈਂ ਉਸ ਸਚਿਆਈ ਨੂੰ ਸਵੀਕਾਰ ਕਰਨ ਦੇ ਲਈ ਜਿਹੜੀ ਇਕ ਵਿਸ਼ਵਾਸੀ ਦੇ ਜੀਵਨ ਵਿਚ ਆਉਂਦੀ ਹੈ ਉਸ ਨੂੰ ਸਵੀਕਾਰ ਨਹੀਂ ਕਰ ਰਿਹਾ ਹਾਂ।''

ਦਸ ਸਾਲ ਆਪਣੇ ਡਾਕਟਰ ਮਿੱਤਰ ਦੇ ਲਈ ਪ੍ਰਾਰਥਨਾ ਕਰਨ ਦੇ ਬਾਅਦ, ਸਾਨੂੰ ਉਸ ਡਾਕਟਰ ਤੋਂ ਇਕ ਖਤ ਮਿਲਿਆ ਜਿਸ ਵਿਚ ਉਸ ਨੇ ਇਸ

ਤਰ੍ਹਾਂ ਬਿਆਨ ਕੀਤਾ ਕਿ ਉਸ ਨੂੰ ਨਵਾਂ ਵਿਸ਼ਵਾਸ ਮਿਲ ਗਿਆ ਹੈ ਅਤੇ ਉਸ ਨੇ ਆਪਣੇ ਆਪ ਨੂੰ ਪਰਮੇਸ਼ਰ ਦੇ ਅੱਗੇ ਸਮਰਪਿਤ ਕਰ ਦਿੱਤਾ ਹੈ। ਅਸੀਂ ਅਨੰਦ ਦੇ ਨਾਲ ਭਰ ਗਏ, ਪਰੰਤੂ ਸਾਨੂੰ ਕੋਈ ਜਿਆਦਾ ਹੈਰਾਨਗੀ ਨਹੀਂ ਹੋ ਰਹੀ ਸੀ ਕਿਉਂਕਿ ਅਸੀਂ ਜਾਣਦੇ ਸੀ ਕਿ, *ਵਿਸ਼ਵਾਸ ਸੁਣਨ ਦੇ ਨਾਲ, ਅਤੇ ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ (ਰੋਮੀਆਂ 10:17)*।

ਪਰਮੇਸ਼ਰ ਨੂੰ ਜਾਣਨ ਦੇ ਲਈ ਸਾਡੀ ਸਾਰਿਆਂ ਦੀ ਮਦਦ ਇਸ ਤੋਂ ਮਿਲਦੀ ਹੈ ਕਿ ਪਰਮੇਸ਼ਰ ਨੇ ਸਾਡੇ ਅੰਦਰ ਉਸ ਦੇ ਵਜੂਦ ਨੂੰ ਸਮਝ ਦੇ ਲਈ ਇਕ ਡੂੰਘੀ ਚੇਤਨਾ ਦਿੱਤੀ ਹੈ।

ਕੁਝ ਲੋਕ ਇਹ ਚੋਣ ਕਰ ਸਕਦੇ ਹਨ ਕਿ ਉਹ ਪਰਮੇਸ਼ਰ ਦੇ ਉੱਤੇ ਵਿਸ਼ਵਾਸ ਨਹੀਂ ਕਰਣਗੇ, ਪਰੰਤੂ ਇਕ ਧਰਤੀ ਦੇ ਉੱਤੇ ਕੋਈ ਵੀ ਅਜਿਹਾ ਪ੍ਰਾਣੀ ਨਹੀਂ ਹੋਇਆ ਹੈ ਜਿਸ ਦੇ ਲਈ ਪਰਮੇਸ਼ਰ ਦੇ ਉੱਤੇ ਵਿਸ਼ਵਾਸ ਕਰਨਾ ਔਖਾ ਹੋਇਆ ਹੈ।

ਇੱਥੇ ਤਕ ਕਿ ਸਰੀਰਿਕ ਖੇਤਰ ਵਿਚ ਵੀ ਪਰਮੇਸ਼ਰ ਨੇ ਆਪਣੀ ਮੌਜੂਦਗੀ ਦੇ ਬਹੁਤ ਸਾਰੇ ਪ੍ਰਮਾਣ ਦਿੱਤੇ ਹਨ। 21ਵੀ ਸਦੀ ਵਿੱਚ ਜਦਕਿ ਵਿਗਿਆਨ ਸਰਿਸ਼ਟੀ ਦੇ ਵਿਖੇ ਬਹੁਤ ਹੀ ਡੂੰਘੀ ਖੋਜ ਕਰਦਾ ਜਾ ਰਿਹਾ ਹੈ ਪਰੰਤੂ ਉਹ ਇਹ ਵੀ ਸਮਝ ਰਿਹਾ ਹੈ ਕਿ ਇਸ ਸਭ ਦੇ ਪਿੱਛੇ ਇਕ ਰੂਪਾਕਣਕਾਰ ਜਰੂਰ ਹੈ। ਕੋਈ ਵੀ ਕਦੇ ਅਜਿਹਾ ਵਿਚਾਰ ਹੀ ਨਹੀਂ ਕਰ ਸਕਦਾ ਕਿ ਆਕਾਸ਼ ਮੰਡਲ ਵਿਚ ਉੱਚੀ ਉਡਾਣ ਭਰੀ ਜਾ ਸਕਦੀ ਸੀ, ਧਰਤੀ ਦੇ ਉਤੇ ਗ੍ਰਹਿਮਾਰਗ ਬਣ ਸਕਦੇ ਸਨ, ਅਤੇ ਬਿਨਾ ਕਿਸੇ ਰਚਨਾਕਾਰ ਦੇ ਧਰਤੀ ਦੇ ਉੱਤੇ ਇਹ ਸਭ ਕੰਮ ਸਹੀ ਤਰੀਕੇ ਦੇ ਨਾਲ ਚੱਲ ਸਕਦੇ ਹਨ। ਉਸੇ ਤਰ੍ਹਾਂ ਸੂਰਜ ਦਾ ਚੜਨਾ, ਮੌਸਮ ਦਾ ਆਉਣਾ ਜਾਣਾ, ਆਕਾਸ਼ ਗੰਗਾ ਅਤੇ ਅਣੂ (ਐਟੱਮ) ਅਤੇ ਧਰਤੀ ਦੀ ਗੁਰੂਤੱਵਆਕਰਸ਼ਣ ਸ਼ਕਤੀ, ਅਤੇ ਪਿਆਰ ਦੀ ਸ਼ਕਤੀ ਸਰਿਸ਼ਟੀ ਦੀ ਰਚਨਾ ਕਰਤਾ (ਪਰਮੇਸ਼ਰ) ਦੇ ਵਗੈਰ ਸੰਭਵ ਨਹੀਂ ਹੈ।

ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਇਨ੍ਹਾਂ ਸਾਰੀਆਂ ਗੱਲਾਂ ਦੇ ਉੱਤੇ ਵਿਸ਼ਵਾਸ ਕਰਨ ਦੇ ਲਈ ਬਹੁਤ ਜਿਆਦਾ ਸਮਾਂ ਲੱਗਦਾ ਹੈ ਕਿ ਜਰੂਰ ਇਕ ਮਹਾਨ ਸਰਿਸ਼ਟੀ ਕਰਤਾ ਹੈ ਕਿਉਂਕਿ ਜੇਕਰ ਕੋਈ ਡਿਜਾਈਨਅਰ ਨਾ ਹੁੰਦਾ ਤਾਂ ਇਹ ਸਭ ਕੁਝ ਕਿਵੇਂ ਬਣ ਸਕਦਾ ਸੀ।

ਇੱਥੇ ਤਕ ਕਿ ਉਹ ਸਰਕਾਰ ਜਿਹੜੀ ਪਰਮੇਸ਼ਰ ਦੇ ਵਜੂਦ ਹੋਣ ਦਾ ਇੰਨਕਾਰ ਕਰਦੀ ਹੈ ਉਹ ਵੀ ਸਰਿਸ਼ਟੀ ਦੀਆਂ ਵਸਤਾਂ ਵਿਚ ਭਰੋਸਾ ਕਰਦੀ ਹੈ ਅਤੇ ਇਕ ਨਿਯਮ ਦੇ ਅੰਤ੍ਰਗਤ ਉਹ ਹਮੇਸ਼ਾ ਆਕਾਸ਼ ਮੰਡਲ ਵਿਚ ਪੁਲਾੜ ਯਾਤ੍ਰੀ

ਘੱਲਦੀ ਹੈ। ਅਤੇ ਇਹ ਪੁਲਾੜ ਯਾਤ੍ਰੀ ਉਨ੍ਹਾਂ ਨਿਯਮਾਂ ਦੇ ਅੰਤ੍ਰਗਤ ਵਿਚ ਸੁਰੱਖਿਅਤ ਧਰਤੀ ਤੇ ਵਾਪਸ ਆ ਪਾਉਂਦੇ ਹਨ। ਕੀ ਇਹ ਅਣਹੋਣੀ ਗੱਲ ਨਹੀਂ ਲੱਗਦੀ, ਕਿ ਉਹ ਲੋਕ ਜਿਹੜੇ ਪ੍ਰਾਕ੍ਰਿਤਿਕ ਨਿਯਮਾਂ ਦੀ ਪਾਲਨਾ ਕਰਦੇ ਜਾਂ ਉਨ੍ਹਾਂ ਨੂੰ ਸਵੀਕਾਰ ਕਰਦੇ ਹਨ ਪਰੰਤੂ ਉਨ੍ਹਾਂ ਨਿਯਮਾਂ ਦੀ ਰਚਨਾ ਕਰਤਾ ਦਾ ਤ੍ਰਿਸਕਾਰ ਕਰਦੇ ਹਨ, ਜਿਹੜਾ ਕਿ ਅੱਤ ਮਹਾਨ ਯੋਜਨਾ ਕਰਤਾ ਹੈ?

ਕੁਝ ਵੀ ਹੋਵੇ ਜਦ ਐਟਮ ਬੰਬ ਫੱਟਦਾ ਹੈ ਤਾਂ ਉਸ ਦੇ ਰਾਹੀਂ ਜਿਹੜੀ ਤਬਾਹੀ ਹੁੰਦੀ ਹੈ ਉਸ ਤੋਂ ਅਸੀਂ ਸਾਰੇ ਜਾਣੂ ਹਾਂ। ਇਸ ਗੱਲ ਦੇ ਵਿਖੇ ਬਹੁਤ ਹੀ ਨਜ਼ਦੀਕੀ ਦੇ ਨਾਲ ਅਧਿਅਨ ਕੀਤਾ ਗਿਆ ਹੈ ਕਿ ਸੂਰਜ ਹਰ ਸੈਂਕਿਡ ਜਿਹੜੀ ਸ਼ਕਤੀ ਛੱਡਦਾ ਹੈ ਉਹ 5000 ਬਿਲੀਯਨ ਅਟੋਮਿਕ ਬੰਬ ਦੇ ਬਰਾਬਰ ਹੁੰਦੀ ਹੈ। ਅਤੇ ਇਸ ਦੇ ਨਾਲ ਹੀ ਦੂਜੀਆਂ ਸ਼ਕਤੀਆਂ ਦੀ ਤੁਲਨਾ ਵਿਚ ਜਿਹੜੀਆਂ ਤਾਰਿਆਂ ਦੇ ਰਾਹੀਂ ਜਾਰੀ ਕੀਤੀ ਜਾਂਦੀ ਹੈ, ਜਦ ਕਿ ਸੂਰਜ ਹਾਲੇ ਜਿਆਦਾ ਵੱਡਾ ਨਹੀਂ ਹੈ, ਪਰ ਅਸੀਂ ਫੇਰ ਵੀ ਇਸ ਗੱਲ ਨੂੰ ਸਹੀ ਤਰੀਕੇ ਦੇ ਨਾਲ ਨਹੀਂ ਜਾਣਦੇ ਕਿ ਆਕਾਸ਼ ਮੰਡਲ ਵਿਚ ਤਾਰਿਆਂ ਦੀ ਗਿਣਤੀ ਕਿੰਨੀ ਹੈ। ਹਾਲਾਂਕਿ ਬਿਲੀਯਨ ਦੀ ਗਿਣਤੀ ਵਿਚ ਮਨੁੱਖ ਉਨ੍ਹਾਂ ਨੂੰ ਵੇਖ ਸਕਦਾ ਹੈ, ਪਰ ਫੇ ਰ ਵੀ ਇਹ ਅਣਡਿੱਠ ਗਿਣਤੀ ਵਿੱਚ ਤਾਰਿਆਂ ਦੀ ਬਾਹਰੀ ਝਾਲਰ ਹੈ। ਅੱਜ ਹਾਲਾਂਕਿ ਖਗੋਲ ਵਿਦਿਆ ਦੇ ਮਾਹਰ ਇਹ ਮੰਣਦੇ ਹਨ ਕਿ ਜਿਹੜੀ ਸ਼ਕਤੀ ਆਕਾਸ਼ ਗੰਗਾ ਵਿਚ ਛੱਡੀ ਜਾਂਦੀ ਹੈ ਉਸ ਤੋਂ ਕਈ ਗੁਣਾ ਜਿਆਦਾ ਵੱਡੀ ਉਹ ਸ਼ਕਤੀ ਹੈ ਜਿਹੜੀ ਸਾਡਾ ਸੂਰਜ ਛੱਡਦਾ ਹੈ। ਤਾਂ ਫੇਰ ਅਜਿਹੀ ਸ਼ਕਤੀ ਕਿਵੇਂ ਰਹਿ ਸਕਦੀ ਹੈ ਕੀ ਇਹ ਉਸ ਸਰਿਸ਼ਟੀ ਕਰਤਾ ਦੇ ਲਈ ਨਹੀਂ ਹੈ ਜਿਸ ਦੀ ਸ਼ਕਤੀ ਇਸ ਤੋਂ ਬਹੁਤ ਹੀ ਜਿਆਦਾ ਹੈ?

ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਸਰਿਸ਼ਟੀ ਸਾਨੂੰ ਉਸ ਰਚਨਾ ਕਰਤਾ ਦੇ ਵਿਖੇ ਜਾਣਕਾਰੀ ਦਿੰਦੀ ਹੈ, ਜਿਹੜਾ ਨਿਯਮ ਦਾ ਪਰਮੇਸ਼ਰ, ਅਤੇ ਜਿਸ ਦੀ ਸ਼ਕਤੀ ਬੇ ਅੰਤ ਹੈ। ਬਾਈਬਲ ਦੱਸਦੀ ਹੈ, ਕਿ :

> *ਅਕਾਸ਼ ਪਰਮੇਸ਼ਰ ਦੀ ਮਹਿਮਾ ਦਾ ਵਰਨਣ ਕਰਦੇ ਹਨ, ਅਤੇ ਅੰਬਰ ਉਸ ਦੀ ਦਸਤਕਾਰੀ ਵਿਖਾਲਦਾ ਹੈ। ਦਿਨ ਦਿਨ ਨਾਲ ਬੋਲੀ ਬੋਲਦਾ ਹੈ, ਅਤੇ ਰਾਤ ਰਾਤ ਨੂੰ ਗਿਆਨ ਦੱਸਦੀ ਹੈ। ਉਨ੍ਹਾਂ ਦੀ ਨਾ ਕੋਈ ਬੋਲੀ ਹੈ ਨਾ ਸ਼ਬਦ ਹਨ, ਨਾ ਉਨ੍ਹਾਂ ਦੀ ਅਵਾਜ਼ ਸੁਣੀਦੀ ਹੈ। ਸਾਰੀ ਧਰਤੀ ਵਿਚ ਉਨ੍ਹਾਂ ਦੀ ਤਾਰ ਪਹੁੰਚਦੀ ਹੈ, ਅਤੇ ਸੰਸਾਰ ਦੀਆਂ*

*ਹੱਦਾਂ ਤੀਕੁਰ ਉਨ੍ਹਾਂ ਦੇ ਬੋਲ। ਉਨ੍ਹਾਂ ਵਿਚ ਉਸ ਨੇ ਸੂਰਜ ਲਈ ਡੇਰਾ ਲਾਇਆ ਹੈ, ਜਿਹੜਾ ਲਾੜੇ ਵਾਂਙੁ ਆਪਣੀ ਕੋਠੜੀ ਵਿਚੋਂ ਨਿੱਕਲਦਾ ਹੈ, ਅਤੇ ਸੂਰਮੇ ਵਾਂਙੁ ਆਪਣੇ ਚੱਕਰ ਵਿਚ ਦੌੜ ਲਾ ਕੇ ਖੁਸ਼ ਹੁੰਦਾ ਹੈ। (ਜ਼ਬੂਰਾਂ ਦੀ ਪੋਥੀ 19:1-4)।*

*ਕਿਉਂਕਿ ਜਗਤ ਦੇ ਉਤਪਤ ਹੋਣ ਤੋਂ ਉਹ ਦਾ ਅਣਡਿੱਠ ਸੁਭਾਉ ਅਰਥਾਤ ਉਹ ਦੀ ਅਨਾਦੀ ਸਮਰੱਥਾ ਅਤੇ ਈਸ਼ੁਰਤਾਈ ਉਹ ਦੀ ਰਚਨਾ ਤੋਂ ਚੰਗੀ ਤਰ੍ਹਾਂ ਦਿੱਸ ਪੈਂਦੀ ਹੈ। ਇਸ ਕਰਕੇ ਉਨ੍ਹਾਂ ਦੇ ਲਈ ਕੋਈ ਉਜ਼ਰ ਨਹੀਂ (ਰੋਮੀਆ 1:20)।*

ਇਸ ਲਈ ਕਿਸੇ ਦੇ ਲਈ ਵੀ, ਅਤੇ ਕਿਤੇ ਵੀ ਕੋਈ ਬਹਾਨਾ ਨਹੀਂ ਹੈ ਕਿ ਉਹ ਪਰਮੇਸ਼ਰ ਦੀ ਮੌਜੂਦਗੀ ਤੋਂ ਇੰਨਕਾਰ ਕਰ ਸਕੇ।

**ਪਰਮੇਸ਼ਰ ਦੀ ਮਹਾਨਤਾ ਅਤੇ ਸਰਿਸ਼ਟੀ ਦੀ ਰਚਨਾ ਦੀ ਸਾਮਰਥ ਦੇ ਉੱਤੇ ਧਿਆਨ ਕਰਨ ਦੇ ਰਾਹੀਂ ਬਹੁਤ ਸਾਰੇ ਲੋਕਾਂ ਨੇ ਆਪਣੇ ਆਪ ਨੂੰ ਬਿਲਕੁਲ ਛੋਟਾ ਅਤੇ ਸ਼ੁਨਯ ਮਹਿਸੂਸ ਕੀਤਾ ਹੈ।**

ਇਸਰਾਏਲ ਦਾ ਪਾਤਸ਼ਾਹ ਦਾਊਦ ਨੇ ਵੀ ਅਜਿਹਾ ਹੀ ਮਹਿਸੂਸ ਕੀਤਾ ਅਤੇ ਇਸ ਤਰ੍ਹਾਂ ਉਸ ਨੂੰ ਪ੍ਰਗਟ ਕੀਤਾ :

*ਜਦ ਮੈਂ ਤੇਰੇ ਅਕਾਸ਼ ਨੂੰ ਵੇਖਦਾ ਹਾਂ, ਜਿਹੜਾ ਤੇਰੀ ਦਸਤਕਾਰੀ ਹੈ, ਨਾਲੇ ਚੰਦ ਅਰ ਤਾਰਿਆਂ ਨੂੰ ਜਿਹੜੇ ਤੈਂ ਕਾਇਮ ਕੀਤੇ ਹਨ, ਤਾਂ ਇਨਸਾਨ ਕੀ ਹੈ, ਜੋ ਤੂੰ ਉਸ ਨੂੰ ਚੇਤੇ ਵਿਚ ਲਿਆਵੇਂ, ਅਤੇ ਆਦਮੀ ਜਾਇਆ ਕੀ, ਜੋ ਤੂੰ ਉਸ ਦੀ ਸੁੱਧ ਲਵੇਂ? (ਜ਼ਬੂਰਾਂ ਦੀ ਪੋਥੀ 8:3-4)।*

ਅੱਜ ਸੁਰਗ ਦੇ ਵਿਖੇ ਸਾਡਾ ਗਿਆਨ ਬਹੁਤ ਹੀ ਜਿਆਦਾ ਵੱਧ ਗਿਆ ਹੈ ਅਤੇ ਯੰਤ੍ਰਾਂ ਦੀ ਸਹਾਇਤਾ ਦੇ ਨਾਲ ਅਸੀਂ ਇਨ੍ਹਾਂ ਸਾਰੀਆਂ ਵਸਤਾਂ ਨੂੰ ਬਹੁਤ ਹੀ ਜਿਆਦਾ ਬਾਰੀਕੀ ਦੇ ਨਾਲ ਵੇਖ ਸਕਦੇ ਹਾਂ ਕਿ ਇਹ ਸਭ ਕੁਝ ਧਰਤੀ ਦੇ ਉੱਤੇ ਇਕ ਬਾਹਰੀ ਝਾਲਰ ਦੇ ਰੂਪ ਵਿਚ ਹੈ। ਇਸ ਦਾ ਨਤੀਜਾ ਇਹ ਹੋ ਸਕਦਾ ਹੈ ਕਿ ਅਸੀਂ ਵੀ ਦਾਊਦ ਪਾਤਸ਼ਾਹ ਦੇ ਵਾਂਗ ਇਹ ਸਵਾਲ ਕਰਨ ਦੀ ਪ੍ਰੀਖਿਆ ਵਿਚ ਪੈ ਸਕਦੇ ਹਾਂ : ''ਇਹ ਕਿਵੇਂ ਹੋ ਸਕਦਾ ਹੈ ਕਿ ਜਿਸ ਪਰਮੇਸ਼ਰ ਨੇ ਇਹ ਸਭ ਰੱਚਿਆ ਹੈ ਉਸ ਮੇਰੇ ਜਿਹੇ ਛੋਟੇ ਵਿਅਕਤੀ ਵਿਚ ਦਿਲਚਸਪੀ ਲਵੇ?''

ਖੁਸ਼ਕਿਸਮਤੀ ਦੀ ਗੱਲ ਹੈ ਕਿ ਟੈਲੀਸਕੋਪ (ਦੂਰਬੀਨ) ਦਾ ਜੁਗ ਖੁਰਦਬੀਨ (ਮਾਈਕ੍ਰੋਸਕੋਪ) ਦਾ ਵੀ ਜੁਗ ਹੈ। ਅੱਜ ਅਸੀਂ ਇਹ ਵੀ ਜਾਣਦੇ ਹਾਂ

ਕਿ ਇਹ ਲਘੂ ਰੂਪ ਦਾ ਵੀ ਜੁਗ ਹੈ, ਜਿਹੜਾ ਕੇਵਲ ਖੁਰਦਬੀਨ ਦੇ ਰਾਹੀਂ ਹੀ ਵੇਖਿਆ ਜਾ ਸਕਦਾ ਹੈ, ਅਤੇ ਇਹ ਉਸੇ ਤਰ੍ਹਾਂ ਨਾ ਵਿਸ਼ਵਾਸ ਕੀਤੇ ਜਾਣ ਵਾਲੀ ਗੱਲ ਹੈ ਜਿਵੇਂ ਬਾਹਰੀ ਝਾਲਰ ਦਾ ਵੱਡਾ ਖੇਤਰ ਹੈ। ਇੱਥੇ ਤਕ ਕਿ ਇਸ ਖੇਤਰ ਦੀ ਡੂੰਘਾਈ ਨੂੰ ਪ੍ਰਗਟ ਕਰਨ ਦੇ ਲਈ ਜੋਤੀ ਵੀ ਬਹੁਤ ਹੀ ਖਰੂਵਾ ਮਾਧਯਮ ਹੈ। ਜੇਕਰ ਕੋਈ ਚੀਜ਼ ਇਕ ਵਿਗਿਆਨਿਕ ਦੀ ਅੱਖੋ ਬਚ ਜਾਂਦੀ ਹੈ ਤਾਂ ਇਹ ਖੁਰਦਬੀਨ ਦੀ ਸਹਾਇਤਾ ਦੇ ਨਾਲ ਫੜੀ ਜਾ ਸਕਦੀ ਹੈ ਜਿਸ ਦੀ ਸਹਾਇਤਾ ਦੇ ਨਾਲ ਫੇਰ ਉਸ ਦੀ ਖੁਬਸੂਰਤੀ, ਆਕਾਰ, ਨਿਯਮ ਅਤੇ ਸ਼ਕਤੀ ਨੂੰ ਆਪਣੇ ਛੋਟੇ ਸੰਸਾਰ ਵਿਚ ਵੇਖਦੇ ਹਾਂ।

ਇਸ ਲਈ, ਜੇਕਰ ਤੁਹਾਨੂੰ ਕਦੇ ਹੈਰਾਨਗੀ ਹੁੰਦੀ ਹੈ ਜਾਂ ਤੁਹਾਡੇ ਦਿਮਾਗ ਵਿਚ ਅਜਿਹਾ ਸਵਾਲ ਆਉਂਦਾ ਹੈ ਕਿ ਪਰਮੇਸ਼ਰ ਕੋਲ ਕੋਈ ਅਜਿਹੀ ਛੋਟੀ ਚੀਜ਼ ਹੈ, ਜਿਹੜੀ ਤੁਹਾਡੇ ਵਿਚਾਰ ਵਿਚ ਹੈ ਤਾਂ ਤੁਸੀਂ ਅਣੂ ਸੰਬੰਧੀ ਵਿਗਿਆਨਿਕ ਦੇ ਰਾਹੀਂ ਸੁਣੋ ਕਿ ਉਹ ਕੀ ਆਖਦਾ ਹੈ ਛੋਟੀ ਤੋਂ ਛੋਟੀ ਚੀਜ਼ ਵੀ ਇਸ ਪੂਰੇ ਵਿਸ਼ਵ ਨੂੰ ਸੰਭਾਲਣ ਦੇ ਲਈ ਕਿੰਨੀ ਮਹਤੱਵਪੂਰਣ ਹੈ। ਇਕ ਐਟਮ ਦੇ ਇਕ ਨਿਊਟਰੋਨ ਅਤੇ ਪਰੋਟੋਨ ਨੂੰ 12 ਹਿੱਸਿਆਂ ਵਿਚ ਵੰਡੋ ਤਾਂ ਉਸ ਦੇ ਰਾਹੀਂ ਵਿਸ਼ਵ ਵਿਚ ਇਕ ਵੱਡਾ ਧਮਾਕਾ ਕੀਤਾ ਜਾ ਸਕਦਾ ਹੈ। ਹਾਂ, ਪਰਮੇਸ਼ਰ ਦੀ ਸਰਿਸ਼ਟੀ ਵਿਚ ਛੋਟੀ ਚੀਜ਼ ਉਸੇ ਤਰ੍ਹਾਂ ਮਹਤੱਵਪੂਰਣ ਹੈ ਜਿਵੇਂ ਵੱਡੀ ਚੀਜ਼।

ਸਾਨੂੰ ਇਹ ਨਿਸ਼ਚਿਤ ਕਰ ਲੈਂਣਾ ਚਾਹੀਦਾ ਹੈ ਕਿ ਜਦ ਅਸੀਂ ਅਜਿਹੇ ਸਵਾਲ ਕਰਦੇ ਹਾਂ ਕਿ : ਮਨੁੱਖ ਕੀ ਹੈ ਕਿ ਤੂੰ ਉਸ ਦਾ ਵਿਚਾਰ ਕਰੇ?'' ਇਹ ਮਨੁੱਖ ਦਾ ਆਕਾਰ ਨਹੀਂ ਜਿਸ ਤੋਂ ਉਸ ਦੀ ਮਹਤੱਵਤਾ ਜਾਣੀ ਜਾਂਦੀ ਹੈ। ਇਸ ਦੀ ਵਿਪਰੀਤ ਪਰਮੇਸ਼ਰ ਦੇ ਸਾਹਮਣੇ ਸਾਡੀ ਮਹਤੱਵਤਾ ਕੁਝ ਹੋਰ ਹੀ ਗੱਲਾਂ ਦੇ ਅਧਾਰਿਤ ਹੈ। ਅਤੇ ਪਰਮੇਸ਼ਰ ਨੇ ਸਾਡੇ ਉੱਤੇ ਇਹ ਪ੍ਰਗਟ ਕੀਤਾ ਹੈ ਕਿ ਕਿਉਂ ਅਸੀਂ ਉਸ ਦੇ ਲਈ ਮਹਤੱਵਪੂਰਣ ਅਤੇ ਉਸ ਦੇ ਨਿਗਾਹ ਵਿਚ ਬਹੁਮੁਲ ਹਾਂ।

ਹਾਲਾਂਕਿ ਸਰਿਸ਼ਟੀ ਆਪ ਹੀ ਪਰਮੇਸ਼ਰ ਦੇ ਰੂਪ, ਨਿਯਮ ਅਤੇ ਸ਼ਕਤੀ ਨੂੰ ਪ੍ਰਗਟ ਕਰਦੀ ਹੈ, ਪਰੰਤੂ ਪਰਮੇਸ਼ਰ ਨੇ ਆਪਣੇ ਹੋਂਦ, ਪਿਆਰ, ਅਤੇ ਕਿਰਪਾ ਨੂੰ ਪ੍ਰਗਟ ਕਰਨ ਦੇ ਲਈ ਇਕ ਹੋਰ ਤਰੀਕੇ ਦਾ ਚੋਣ ਕੀਤਾ ਹੈ, ਕਿ ਉਹ ਸਾਥੋਂ ਹੋਰ ਕੁਝ ਨਹੀਂ ਚਾਹੁੰਦਾ ਪਰੰਤੂ ਸਾਡੀ ਮਹਾਨ ਭਲਿਆਈ ਚਾਹੁੰਦਾ ਹੈ। ਪਰੰਤੂ ਜੇ ਕਰ ਤੁਹਾਨੂੰ ਅਜਿਹੇ ਪਰਮੇਸ਼ਰ ਦੀ ਭਾਲ ਕਰਨ ਦੀ ਇੱਛਾ ਹੈ ਤਾਂ ਇਹ ਬਹੁਤ ਹੀ ਜਰੂਰੀ ਹੈ ਕਿ ਤੁਹਾਡਾ ਆਤਮਿਕ ਗਾਈਡ ਪੂਰੀ ਤਰ੍ਹਾਂ ਭਰੋਸੇ ਯੋਗ ਹੋਵੇ।

## ਵਿਚਾਰ ਕਰਨ ਲਈ ਠਹਿਰੋ

1. ਜੇਕਰ ਤੁਸੀਂ ਹਵਾ ਵਿਚ ਲੋਹੇ ਦੀ ਇਕ ਛੋਟੀ ਜਿਹੀ ਚੀਜ਼ ਸੁਟੋ, ਤਾਂ ਜਦ ਉਹ ਵਾਪਸ ਆਵੇਗੀ ਤਾਂ ਕੀ ਤੁਸੀਂ ਆਸ ਕਰਦੇ ਹੋ ਕਿ ਉਹ ਸਵੀਸ ਘੜੀ ਹੋਵੇਗੀ?
2. ਕੀ ਵਿਸ਼ਵ ਦੀਆਂ ਇਹ ਸਾਰੀਆਂ ਅਦਭੁਤ ਅਤੇ ਪੇਚੀਦੀ ਵਸਤਾਂ ਬਿਨਾਂ ਕਿਸੇ ਸਰਿਸ਼ਟੀ ਕਰਤਾ ਦੇ ਬਣ ਗਈਆਂ?
3. ਜਦ ਕਿ ਸਰਿਸ਼ਟੀ ਤੁਹਾਡਾ ਧਿਆਨ ਇਕ ਰਚਨਾ ਕਰਤਾ ਪਰਮੇਸ਼ਰ ਵੱਲ ਲੈ ਕੇ ਜਾਂਦੀ ਹੈ ਜਿਸ ਨੇ ਆਪਣੇ ਆਪ ਨੂੰ ਆਕਾਰ, ਨਿਯਮ ਅਤੇ ਸਾਮਰਥ ਦੇ ਰੂਪ ਵਿਚ ਪ੍ਰਗਟ ਕੀਤਾ ਹੈ ਅਤੇ ਇਹ ਵੀ ਪ੍ਰਗਟ ਕੀਤਾ ਹੈ ਕਿ ਉਹ ਤੁਹਾਨੂੰ ਪਿਆਰ ਕਰਦਾ ਹੈ ਅਤੇ ਤੁਹਾਡੇ ਉੱਤੇ ਕਿਰਪਾ ਕਰਦਾ ਹੈ?

ਅੰਧਕਾਰ ਭਰੀ ਗੁਫਾ ਵਿਚ ਅੰਧਕਾਰ ਦਾ ਸਾਹਮਣਾ ਉਹ
ਵਿਅਕਤੀ ਅਸਾਨੀ ਦੇ ਨਾਲ ਕਰਦਾ ਹੈ ਜਿਹੜਾ ਜੋਤੀ ਦੇ ਨਾਲ
ਉਸ ਵਿਚ ਪ੍ਰਵੇਸ਼ ਕਰਦਾ ਹੈ
ਪਲੈਟੋ
ਗੁਫਾ ਦੇ ਸ਼ੁਰੂ ਵਿਚ ਪ੍ਰਾਕ੍ਰਿਤਿ ਦੀ ਰੋਸ਼ਨੀ ਇਕ ਮਧੱਮ ਰੋਸ਼ਨੀ
ਹੁੰਦੀ ਹੈ ; ਜੋਤੀ ਪਰਮੇਸ਼ਰ ਦਾ ਵਚਨ ਹੈ।
ਏ.ਐਚ.ਸਟਰੋਂਗ

## ਅਧਿਆਇ 2

# ਕੀ ਤੁਹਾਨੂੰ ਆਤਮਿਕ ਅਗਵਾਈ ਦੇਣ ਵਾਲਾ ਵਿਸ਼ਵਾਸਯੋਗ ਹੈ?

ਕੁਝ ਸਮਾਂ ਪਹਿਲਾਂ ਅਖਬਾਰਾਂ ਨੇ ਖਤਰਨਾਕ ਸਚਾਈ ਦੱਸੀ ਕਿ ਹਵਾਈ ਜਹਾਜ਼ ਦੇ ਭਿਅੰਕਰ ਨਾਸ ਨਾਲ ਮਨੁੱਖੀ ਜਾਨ ਦਾ ਨੁਕਸਾਨ ਰਡਾਰ ਦੇ ਸਿਗਨਲ ਵਿਚ ਨੁਕਸ ਪੈਣ ਦੇ ਕਾਰਣ ਹੋਇਆ । ਅਤੇ ਫੇਰ ਵੀ ਉਹ ਭਿਅੰਕਰ ਐਕਸੀਡੈਂਟ ਬਹੁਤ ਛੋਟਾ ਹੈ ਜਦੋਂ ਉਸ ਦੀ ਤੁਲਨਾ ਉਨ੍ਹਾਂ ਲੋਕਾਂ ਦੇ ਨਾਲ ਕੀਤੀ ਜਾਵੇ ਜਿਹੜੇ ਆਪਣਾ ਭਰੋਸਾ ''ਆਤਮਿਕ ਰਡਾਰ ਦੀ ਪ੍ਰਣਾਲੀ'' ਉੱਤੇ ਕਰਦੇ ਹਨ ਜਿਹੜਾ ਉਨ੍ਹਾਂ ਨੂੰ ਆਤਮਿਕ ਘੋਰ ਸੰਕਟ ਵੱਲ ਧਕੇਲ ਦਿੰਦਾ ਹੈ।

ਅੱਜ ਸੰਸਾਰ ਵਿਚ ਬਹੁਤ ਸਾਰੀਆਂ ਮਤਭੇਦ ਅਤੇ ਉਲਝਣ ਵਾਲੀਆਂ ਅਵਾਜ਼ਾਂ ਹਨ, ਹਰੇਕ ਪਰਮੇਸ਼ਰ ਵੱਲ ਅਗਵਾਈ ਕਰਨ ਦਾ ਦਾਅਵਾ ਕਰ ਰਹੀ ਹੈ। ਤੁਸੀਂ ਕਿਵੇਂ ਜਾਣ ਸਕਦੇ ਹੋ ਕਿ ਕਿਸ ਉੱਤੇ ਭਰੋਸਾ ਕੀਤਾ ਜਾਵੇ ? ਪਰਮੇਸ਼ਰ ਲਈ ਤੁਹਾਡੀ ਖੋਜ ਵਿਚ ਤੁਸੀਂ ਗਲਤ ਅਵਾਜ਼ ਦੀ ਅਗਵਾਈ ਵਿਚ ਨਹੀਂ ਜਾ ਸਕਦੇ ਕਿਉਂਕਿ ਇਹ ਮਾਮਲੇ ਸਦੀਪਕ ਹਨ।

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਡਬਲਿਉ.ਈ.ਗਲੈਡਸਟੋਨ ਨੇ ਲਿਖਿਆ : ''ਬਾਈਬਲ ਉੱਤੇ ਵਿਸ਼ੇਸ਼ ਗੁਣ ਦੇ ਆਰੰਭ ਦੀ ਮੋਹਰ ਲੱਗੀ ਹੋਈ ਹੈ, ਅਤੇ ਇਕ ਬੇਅੰਤ ਸਮੇਂ ਦੀ ਦੂਰੀ ਇਸ ਨੂੰ ਇਸ ਦੇ ਸਾਰੇ ਪ੍ਰਤੀਯੋਗੀਆਂ ਨਾਲੋਂ ਅੱਡ ਕਰਦੀ ਹੈ।''

ਇਕ ਵਾਰ ਅਮਰੀਕਾ ਦੇ ਪਰੈਜ਼ੀਡੈਂਟ ਅਬਰਾਹਾਮ ਲਿੰਕਨ ਨੇ ਕਿਹਾ : ਮੈਂ ਵਿਸ਼ਵਾਸ ਕਰਦਾ ਹਾਂ ਕਿ ਬਾਈਬਲ ਸਭ ਤੋਂ ਵੱਡਾ ਉਪਹਾਰ ਹੈ ਜਿਹੜਾ ਪਰਮੇਸ਼ਰ ਨੇ ਮਨੁੱਖ ਨੂੰ ਦਿੱਤਾ ਹੈ।''

ਬੇਸ਼ਕ ਇਤਹਾਸ ਦੇ ਵੱਡੇ ਵੱਡੇ ਮਨੁੱਖਾਂ ਨੇ ਵਾਸਤਵ ਵਿਚ ਇਸ ਦੇ ਬੇਜੋੜ ਹੋਣ ਦੀ ਗਵਾਹੀ ਦਿੱਤੀ ਹੈ, ਬਾਈਬਲ ਵਾਸਤਵ ਵਿਚ ਇਸ ਦੇ ਆਪਣੇ ਰਿਕਾਰਡ ਦੇ ਸਿਧਾਂਤ ਤੇ ਕਾਇਮ ਹੈ।

ਰਾਜਾ ਦਾਊਦ ਆਪਣੇ ਅਗਵਾਈ ਕਰਨ ਵਾਲੇ ਦੇ ਭਰੋਸੇਯੋਗ ਹੋਣ ਬਾਰੇ ਸਪਸ਼ਟ ਸੀ। ਉਸ ਨੇ ਆਖਿਆ : ਤੇਰਾ ਵਚਨ ਤੇਰੇ ਪੈਰਾਂ ਲਈ ਦੀਪਕ ਅਤੇ ਮੇਰੇ ਰਾਹ ਦਾ ਚਾਨਣ ਹੈ (ਜਬੂਰਾਂ ਦੀ ਪੋਥੀ 119:105)।

ਅੱਜ ਤਕ ਲੋਕਾਂ ਨੂੰ ਇਹ ਪਤਾ ਹੈ ਕਿ ਬਾਈਬਲ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ ਕਿ ਉਹ ਪਰਮੇਸ਼ਰ ਵੱਲ ਉਨ੍ਹਾਂ ਦੀ ਅਗਵਾਈ ਕਰਦੀ ਹੈ। ਉਨ੍ਹਾਂ ਦੇ ਬਾਵਜੂਦ ਜਿਨ੍ਹਾਂ ਨੇ ਇਸ ਦੀ ਵਿਸ਼ਵਾਸਯੋਗਤਾ ਨੂੰ ਨਾਸ ਕਰਨ ਦੀ ਕੋਸ਼ਿਸ਼ ਕੀਤੀ, ਬਾਈਬਲ ਅੱਜ ਤੱਕ ਵੀ ਉਸੇ ਤਰਾਂ ਅਟਲ ਅਤੇ ਭਰੋਸੇਯੋਗ ਹੈ ਜਿਵੇਂਇਹ ਪਿੱਛਲੇ ਦਿਨਾਂ ਵਿਚ ਸੀ; ਇਹ ਸੰਸਾਰ ਦੀ ਲਿਖਤਾਂ ਵਿਚੋਂ ਵਾਸਤਵ ਵਿਚ ਬੇਜੋੜ ਹੈ।

ਕਿਉਂਕਿ ਲੋਕਾਂ ਨੂੰ ਇਸ ਨਿਸ਼ਚਿੰਤਤਾ ਦੀ ਲੋੜ ਹੈ ਕਿ ਬਾਈਬਲ ਦੋਵੇ ਬੇਜੋੜ ਅਤੇ ਸੱਚੀ ਹੈ, ਪਰਮੇਸ਼ਰ ਨੇ ਇਸ ਨੂੰ ਮੁਹਰਬੰਦ ਕਰਕੇ ਠੱਪਾ ਲਾਇਆ ਹੋਇਆ ਹੈ ਜਿਹੜਾ ਇਸ ਦੇ ਅਸਤਿੱਤਵ ਨੂੰ ਤਸਦੀਕ ਕਰਦਾ ਹੈ 'ਪਰਮੇ ਸ਼ਰ ਦਾ ਵਚਨ।' ਵਚਨ ਦੇ ਪੰਨਿਆਂ ਵਿਚੋਂ ਅਤੇ ਅਸੰਪ੍ਰਦਾਇਕ ਇਤਹਾਸ ਦੇ ਰਿਕਾਰਡ ਵਿਚੋਂ ਵੀ ਦੋਵੇਂ ਤਰਾਂ ਨਾਲ, ਇਕ ਈਮਾਨਦਾਰ ਜਾਂਚ ਪੜਤਾਲ ਕਰਨ ਵਾਲਾ ਬਹੁਤ ਜਿਆਦਾ ਪ੍ਰਮਾਣ ਸਚਾਈ ਦਾ ਸਮਰਥਨ ਕਰਨ ਲਈ ਲੱਭ ਲਵੇਗਾ ਕਿ : ਸਾਰੀ ਲਿਖਤ ਪਰਮੇਸ਼ਰ ਦੇ ਆਤਮਾ ਤੋਂ ਹੈ (2ਤਿਮੋਥਿਉਸ 3:16)।

ਜੇ ਬਾਈਬਲ ਇਕੋ ਹੀ ਲੇਖਕ ਰਾਹੀਂ ਲਿਖੀ ਜਾਂਦੀ, ਸਾਨੂੰ ਇਸ ਦੇ ਵਿਸ਼ਿਆਂ ਦਾ ਸਿਲਸਿਲੇਵਾਰ ਅਤੇ ਅਗਾਂਹ ਵਧੂ ਢੰਗ ਨਾਲ ਵਿਕਾਸ ਹੁੰਦੇ ਵੇ ਖ ਕੇ ਹੈਰਾਨੀ ਨਾ ਹੁੰਦੀ। ਫੇਰ ਵੀ ਇਹ ਕਿਤਾਬਾਂ ਦੀ ਕਿਤਾਬ, ਇਕ ਵਿਅਕਤੀ ਰਾਹੀਂ ਨਹੀਂ ਲਿਖੀ ਗਈ ਸੀ, ਪਰ ਬਹੁਤ ਸਾਰੇ ਫਰਕ ਫਰਕ ਲੇ ਖਕਾਂ ਰਾਹੀਂ ਜਿਹੜੇ ਭਿੰਨ ਭਿੰਨ ਸਭਿਆਚਾਰ ਤੋਂ ਸੀ ਅਤੇ ਬਹੁਤ ਸਾਰੀਆਂ ਸ਼ਤਾਬਦੀਆਂ ਦੇ ਇਕ ਲੰਮੇ ਅਰਸੇ ਦੇ ਦਰਮਿਆਨ ਲਿਖੀ ਗਈ, ਫੇਰ ਵੀ ਇਸ ਵਿਚ ਪਰਮੇਸ਼ਰ ਬਾਰੇ ਇਕ ਨਿਯਮਿਤ, ਸਿਲਸਿਲੇਕਾਰ ਅਤੇ ਸਚਾਈ ਦਾ ਬੇਜੋੜ ਵਿਕਾਸ ਹੈ। ਜਿਹੜਾ ਆਪਣੇ ਆਪ ਵਿਚ ਹੀ ਬਹੁਤ ਅਨੋਖਾ ਹੈ, ਅਸਾਧਾਰਣ ਨਾਲੋਂ ਵੀ ਜਿਆਦਾ – ਚਮਤਕਾਰੀ ਹੈ।

ਇਸ ਤੋਂ ਇਲਾਵਾ, ਪੁਰਾਤਤੱਵ-ਵਿਗਿਆਨ ਦਾ ਖੁਦਾਈ ਰਾਹੀਂ

ਅਧਿਅਨ ਵੀ ਲਗਾਤਾਰ ਨਵੇਂ ਪ੍ਰਮਾਣ ਲੱਭ ਰਹੇ ਹਨ ਜਿਹੜੇ ਬਾਈਬਲ ਰਿਕਾਰਡ ਦੇ ਇਤਹਾਸਿਕ ਯਥਾਰਥਤਾ ਨੂੰ ਹੋਰ ਵੀ ਜਿਆਦਾ ਪ੍ਰਮਾਣ ਕਰਦੇ ਹਨ। ਘਟਨਾਵਾਂ ਜਿਹੜੀਆਂ ਇਕ ਸਮੇਂ ਮਨਘੜਤ ਗੱਲ ਕਹਿ ਕੇ ਮਖੌਲ ਵਿਚ ਉੱਡਾ ਦਿੱਤੀਆਂ ਜਾਂਦੀਆਂ ਸਨ ਹੁਣ ਆਧੁਨਿਕ ਜਮਾਨੇ ਦੇ ਖੁਦਾਈ ਕਰਨ ਵਾਲਿਆਂ ਦੇ ਫਾਉੜਿਆਂ ਰਾਹੀਂ ਪ੍ਰਮਾਣਿਤ ਕਰ ਦਿੱਤੇ ਗਏ ਤਾਂ।'' ਹਾਂ, ਸੱਚਮੁੱਚ ਬਾਈਬਲ ਪਰਮੇਸ਼ਰ ਦੀ ਕਿਤਾਬ ਹੈ ਸਾਰਿਆਂ ਲੋਕਾਂ ਲਈ ਇਸ ਵਿਚ ਪਰਮੇਸ਼ਰ ਦਾ ਸੰਦੇਸ਼ ਹੈ।

ਇਸ ਸਚਿਆਈ ਦੇ ਬਾਵਜੂਦ ਕਿ ਬਾਈਬਲ ਪਰਮੇਸ਼ਰ ਦੀ ਕਿਤਾਬ ਹੈ, ਕੁਝ ਲੋਕ ਹਾਲੇ ਵੀ ਇਸ ਨੂੰ ਪੜ੍ਹਣ ਤੋਂ ਮੁੜੇ ਹੋਏ ਹਨ ਕਿਉਂਕਿ ਉਨ੍ਹਾਂ ਨੂੰ ਇਹ ਪ੍ਰਚਲਿਤ ਭਰਮ ਹੈ ਕਿ ਸੰਸਾਰ ਦੋ ਵਰਗਾਂ ਵਿਚ ਵੰਡਿਆ ਹੋਇਆ ਹੈ : ਸਾਇੰਸਦਾਨ ਜਿਹੜੇ ਸਚਾਈ ਦਾ ਸਾਹਮਣਾ ਕਰਦੇ ਹਨ, ਅਤੇ ਸੱਚੇ ਵਿਸ਼ਵਾਸੀ ਜਿਨ੍ਹਾਂ ਨੇ ਆਪਣੀਆਂ ਅੱਖਾਂ ਉਨ੍ਹਾਂ ਲਈ ਬੰਦ ਕੀਤੀਆਂ ਹੋਈਆਂ ਹਨ। ਭਾਵ ਇਹ ਹੈ ਕਿ ਇਕ ਸੱਚਾ ਸਾਇੰਸਦਾਨ ਇਕ ਸੱਚਾ ਵਿਸ਼ਵਾਸੀ ਨਹੀਂ ਹੋ ਸਕਦਾ। ਅੱਜ ਫੇਰ ਵੀ ਕਿੰਨੇ ਵੱਡੇ ਸਾਇੰਸਦਾਨ ਹਨ ਜਿਹੜੇ ਇਸ ਧਾਰਣਾ ਦਾ ਇਨਕਾਰ ਕਰਦੇ ਹਨ। ਬੇਸ਼ਕ ਬਾਈਬਲ ਇਕ ਸਾਇੰਸ ਦੀ ਇਕ ਪਾਠ ਪੁਸਤਕ ਨਹੀਂ ਹੈ, ਜਿੱਥੇ ਕਿਤੇ ਵੀ ਇਹ ਇਨ੍ਹਾਂ ਖੇਤਰਾਂ ਦੇ ਸੰਪਰਕ ਵਿਚ ਆਉਂਦੀ ਹੈ ਇਸ ਨੂੰ ਵਿਗਿਆਨ ਦੀ ਕਾਇਮ ਕੀਤੀਆਂ ਹੋਈਆਂ ਸਚਾਈਆਂ ਰਾਹੀਂ ਕਦੇ ਵੀ ਅਸਵੀਕਾਰ ਨਹੀਂ ਕੀਤਾ ਗਿਆ। ਬਜਾਏ ਇਸ ਦੇ, ਇਸ ਦੇ ਉਦੇਸ਼ ਅਤੇ ਪ੍ਰਯੋਜਨ ਵਿਚ ਬਾਈਬਲ ਸਾਇੰਸ ਦੀਆਂ ਸੀਮਾਵਾਂ ਤੋਂ ਕਿਤੇ ਪਰੇ ਜਾਂਦੀ ਹੈ।

ਉਦਾਹਰਣ ਦੇ ਤੌਰ ਤੇ, ਸਾਇੰਸ ਇਹ ਸਪਸ਼ਟ ਨਹੀਂ ਕਰ ਸਕਦੀ ਕਿ ਅਸੀਂ ਕਿਉਂ ਇਸ ਗ੍ਰਹਿ ਧਰਤੀ ਤੇ ਹਾਂ, ਨਾ ਹੀ ਇਹ ਸਾਨੂੰ ਇਹ ਦੱਸ ਸਕਦੀ ਹੈ ਕਿ ਧਰਤੀ ਉੱਤੇ ਆਪਣਾ ਜੀਵਨ ਖਤਮ ਕਰਨ ਦੇ ਬਾਅਦ ਅਸੀਂ ਕਿੱਥੇ ਜਾ ਰਹੇ ਹਾਂ। ਨਾ ਹੀ ਸਾਇੰਸ ਸਾਨੂੰ ਦੱਸ ਸਕਦੀ ਹੈ ਕਿ ਜੀਵਨ ਦਾ ਮੂਲ ਮਕਸਦ ਕੀ ਹੈ, ਜਾਂ ਐਥੋਂ ਤਕ ਵੀ ਕਿ ਇਕ ਵਿਅਕਤੀ ਦੀ ਵਾਸਤਵਿਕ ਕੀਮਤ ਕੀ ਹੈ। ਇਸ ਵਿਚ ਕੋਈ ਗੱਲ ਨਹੀ ਕਿ ਇਕ ਵਿਅਕਤੀ ਭਾਵੇਂ ਕਿੰਨਾਂ ਵੀ ਚਲਾਕ (ਜਾਂ ਸਾਧਾਰਣ) ਹੋਵੇ, ਹਰ ਇਕ ਨੂੰ ਇਸ਼ਵਰੀਯ ਸਹਾਇਤਾ ਦੀ ਲੋੜ ਪਰਮੇਸ਼ਰ ਦੇ ਬਾਰੇ ਸਚਾਈ ਨੂੰ ਜਾਣਨ ਲਈ ਹੁੰਦੀ ਹੈ।

ਟਿਪਣੀ : ਉਦਾਹਰਨ ਦੇ ਤੌਰ ਤੇ 1868 ਵਿਚ ਜਰਮਨੀ ਦਾ ਇਕ ਯਾਤਰੀ ਜਿਸ ਦਾ ਨਾਂ ਕਲੇਨ ਸੀ ਉਸ ਨੇ ਮੋਆਬ ਦੇ ਪੁਰਾਣ ਦੇਸ਼ ਵਿਚ ਜਾ ਕੇ ਨਿਰਖਿਣ ਕੀਤਾ, ਜਿਸ ਨੂੰ ਅੱਜ ''ਜੋਰਡਨ'' ਕਿਹਾ ਜਾਂਦਾ ਹੈ। ਉੱਥੇ ਉਸ ਨੇ ਪੱਥਰ ਦਾ ਇਕ ਸਮਾਰਕ ਚਿੰਨ ਵੇਖਿਆ ਜਿਸ ਉੱਤੇ ਮੋਆਬ ਦੇ ਰਾਜਾ, ਮੇਸ਼ਾ ਰਾਹੀਂ ਚੌਤੀ ਲਾਈਨਾਂ ਲਿਖੀਆਂ ਹੋਈਆਂ ਸਨ। ਇਹ ਲਿਖਤ ਇਸਰਾਏ ਲ ਦੇ ਵਿਰੁੱਧ ਉਸ ਦੀ ਬਗਾਵਤ ਦੀ ਯਾਦਗਾਰ ਵਿਚ ਰਿਕਾਰਡ ਕੀਤੀ ਹੋਈ ਸੀ। ਦੋਵੇਂ ਆਮਰੀ ਅਤੇ ਅਹਾਬ ਦਾ ਜ਼ਿਕਰ 2 ਰਾਜਿਆਂ ਦੇ 1 ਅਧਿਆਇ ਵਿਚ ਕੀਤਾ ਗਿਆ ਹੈ ਅਤੇ ਉਸ ਸਮਾਰਕ ਚਿੰਨ ਉੱਤੇ ਵੀ। ਦੋਨੋਂ ਹਾਲਤਾਂ ਵਿਚ ਸਾਨੂੰ ਦੱਸਿਆ ਗਿਆ ਹੈ ਕਿ ਇਹ ਇਸਰਾਏਲੀ ਰਾਜੇ ਮੋਆਬ ਦੇ ਸਤਾਉਣ ਵਾਲੇ ਸਨ। ਅੱਜ ਬਹੁਤ ਸਾਰੀਆਂ ਅਜਿਹੀਆਂ ਖੋਜਾਂ ਬਾਈਬਲ ਦੇ ਰਿਕਾਰਡ ਦੀ ਇਤਹਾਸਿਕ ਸਚਾਈਆਂ ਦੀ ਪੁਸ਼ਟੀ ਕਰਦੀਆਂ ਹਨ। ਯਕੀਨੀ ਤੌਰ ਤੇ ਕਿਉਂ ਫ੍ਰਾਂਸੀਸੀ ਫਿਲੋਸਫਰ ਅਤੇ ਹਿਸਾਬਦਾਨ ਬਲੇਜ਼ ਪਾਸਕਲ ਨੇ ਕਿਹਾ, ''ਰੀਜ਼ਨ (ਤਰਕ ਕਰਨ ਦੀ ਸਰੇਸ਼ਠ ਸਫਲਤਾ ਸਾਨੂੰ ਇਹ ਵਿਖਾਉਂ ਦੀ ਹੈ ਕਿ ਤਰਕ ਕਰਨ ਲਈ ਇੱਕ ਪਾਬੰਦੀ ਹੈ।'' ਸਾਨੂੰ ਜੀਵਨ ਦੇ ਬਹੁਤ ਮਹਤੱਵਪੂਰਣ ਪ੍ਰਸ਼ਨਾਂ ਦਾ ਕਦੇ ਭਰੋਸੇਯੋਗ ਜਵਾਬ ਨਾ ਮਿਲਦਾ ਜੇ ਇਹ ਪਰਮੇਸ਼ਰ ਦੀ ਕਿਤਾਬ ਦੇ ਲਈ ਨਾ ਹੁੰਦਾ (ਹੋਵੇ)।

**ਆਉ ਹੁਣ ਅਸੀਂ ਦੋ ਜ਼ੋਰਦਾਰ ਸੁਝਾਉ ਤੇ ਸੋਚ ਵਿਚਾਰ ਕਰੀਏ ਕਿ ਬਾਈਬਲ ਵਾਸਤਵ ਵਿਚ ਪਰਮੇਸ਼ਰ ਦੀ ਕਿਤਾਬ ਹੈ।**

ਪਹਿਲੀ ਯਥਾਰਥ ਗੱਲ ਜਿਸ ਤੋਂ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਉਹ ਇਹ ਹੈ ਇਸ ਦੀ ਪੈਗੰਬਰੀ ਭਵਿੱਖਬਾਣੀਆਂ। ਦੂਜੀ ਸਾਮਰਥਸ਼ਾਲੀ ਅਤੇ ਸਕਾਰਾਤਮਕ ਪ੍ਰਭਾਉ ਹੈ ਜਿਸ ਨੇ ਉਨ੍ਹਾਂ ਲੋਕਾਂ ਦੇ ਜੀਵਨਾਂ ਵਿਚ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਨੇ ਇਸ ਦੇ ਸੰਦੇਸ਼ ਨੂੰ ਗੰਭੀਰਤਾ ਨਾਲ ਲਿਆ ਹੈ।

ਬਾਈਬਲ ਦੀ ਭਵਿੱਖਬਾਣੀਆਂ ਦੀ ਯਥਾਰਥਤਾ

ਸਾਡੇ ਵਿਚੋਂ ਜਿਆਦਾਤਰ ਲੋਕਾਂ ਵਿਚ ਇਹ ਉਤਸੁਕਤਾ ਬਣੀ ਹੋਈ ਹੈ ਕਿ ਇਹ ਜਾਣੀਏ ਕਿ ਭਵਿੱਖ ਵਿਚ ਸਾਡੇ ਲਈ ਕੀ ਰੱਖਿਆ ਹੈ। ਅਤੇ ਬਾਈਬਲ ਭੱਵਿਖ ਦੇ ਕੁਝ ਬਹੁਤ ਸਾਰੇ ਵਿਵਰਣ ਜਟਿਲ ਅਤੇ ਦਿਲ ਖਿੱਚਵੇ ਹਨ। ਹੁਣ ਤੁਸੀਂ ਪੁੱਛ ਸਕਦੇ ਹੋ : ''ਤੁਸੀਂ ਕਿਵੇਂ ਪੱਕੀ ਤਰਾਂ ਕਹਿ ਸਕਦੇ ਹੋ?''

ਇਸ ਪ੍ਰਸ਼ਨ ਦਾ ਜਵਾਬ ਦੇਣ ਲਈ ਆਉ ਅਸੀਂ ਕਲਪਨਾ ਕਰੀਏ ਕਿ ਤੁਸੀਂ ਦੇਸ਼ ਵਿਚ ਜਿੱਥੇ ਤੁਸੀਂ ਪਹਿਲਾਂ ਕਦੇ ਨਹੀਂ ਗਏ, ਉੱਥੇ ਘੁਮੰਣ ਫਿਰਣ ਲਈ ਛੁੱਟੀ ਲੈ ਰਹੇ ਹੋ। ਤੁਹਾਡੇ ਹੱਥ ਵਿਚ ਜਿਹੜਾ ਨਕਸ਼ਾ ਹੈ ਕੇ ਵਲ ਉਹੀ ਤੁਹਾਡੀ ਅਗਵਾਈ ਕਰਨ ਵਾਲਾ ਹੈ। ਕੱਲ ਹੀ ਤੁਹਾਨੂੰ ਇਹ ਨਕਸ਼ਾ ਮਿਲਿਆ ਜਿਹੜਾ ਪੂਰੀ ਤਰਾਂ ਨਾਲ ਤੁਹਾਡੇ ਲਈ ਭਰੋਸੇਯੋਗ ਹੈ, ਜਿਵੇਂ ਇਸ ਵਿਚ ਦੱਸਿਆ ਗਿਆ ਸੀ, ਉਸੇ ਤਰਾਂ ਤੁਸੀਂ ਉਸ ਨਦੀ ਕੋਲ ਆਏ ਅਤੇ ਫੇਰ ਉਸ ਪਿੰਡ ਵਿਚ ਜਿੱਥੇ ਪਿਛਲੀ ਰਾਤ ਤੁਸੀਂ ਸੁੱਤੇ ਸੀ। ਅੱਜ ਤੁਸੀਂ ਨਵਾਂ ਰਾਹ ਲੈਣ ਲਈ ਫੈਸਲਾ ਕਰਨਾ ਹੈ। ਤੁਹਾਡੇ ਸਾਹਮਣੇ ਇਕ ਅਣਜਾਣ ਇਲਾਕਾ ਹੈ, ਪਰ ਤੁਹਾਡਾ ਨਕਸ਼ਾ ਇਸ਼ਾਰਾ ਕਰਦਾ ਹੈ ਕਿ ਜੇ ਤੁਸੀਂ ਖੱਬੇ ਪਾਸੇ ਮੁੜੋ ਤਾਂ ਤੁਸੀਂ ਜੰਗਲ ਵਿਚੋਂ ਥੋੜਾ ਰਾਸਤਾ ਪਾਰ ਕਰਕੇ ਅਜਿਹੀ ਥਾਂ ਪਹੁੰਚੋਗੇ ਤਾਂ ਉੱਥੇ ਤੁਹਾਨੂੰ ਇਕ ਵੱਡੀ ਝੀਲ ਮਿਲੇਗੀ। ਹੁਣ ਤੁਸੀਂ ਉਸ ਝੀਲ ਨੂੰ ਵੇਖਣਾ ਚਾਹੋਗੇ, ਤਾਂ ਤੁਸੀਂ ਕੀ ਕਰੋਗੇ? ਮੈਂ ਸੋਚਦਾ ਹਾਂ ਕਿ ਤੁਸੀਂ ਨਕਸ਼ੇ ਵਿਚ ਦੱਸੀ ਗਈ ਦਿਸ਼ਾ ਦੇ ਅਨੁਸਾਰ ਚੱਲੋਗੇ ਅਤੇ ਖੱਬੇ ਪਾਸੇ ਮੁੜੋਗੇ। ਨਿਸ਼ਚਿਤ ਤੌਰ ਤੇ, ਅਜਿਹਾ ਕਰਨ ਲਈ ਤੁਹਾਡੇ ਭਰੋਸੇ ਦਾ ਮੁੱਖ ਕਾਰਣ ਉਹ ਸਚਿਆਈ ਹੋਵੇਗੀ ਜਿਹੜੀ ਕੱਲ ਤੁਹਾਡੇ ਨਕਸ਼ੇ ਨੇ ਇਕ ਅਣਜਾਨ ਪ੍ਰਦੇਸ਼ ਵਿਚ ਤੁਹਾਡਾ ਬਿਲਕੁਲ ਸਹੀ ਅਗਵਾਈ ਕਰਨ ਵਾਲਾ ਹੋ ਕੇ ਸਾਬਿਤ ਕੀਤਾ। ਇਹ ਤੁਹਾਨੂੰ ਦੱਸੇਗਾ ਕਿ ਉੱਥੇ ਤੁਹਾਨੂੰ ਕੀ ਮਿਲੇਗਾ ਇਸ ਤੋਂ ਪਹਿਲਾਂ ਕਿ ਤੁਸੀਂ ਉੱਥੇ ਪਹੁੰਚੋਂ, ਅਤੇ ਇਹ ਠੀਕ ਸੀ।

ਪ੍ਰਮਾਣਾਂ ਵਿਚੋਂ ਇਕ ਅਨੋਖਾ ਪ੍ਰਮਾਣ ਕਿ ਬਾਈਬਲ ਪਰਮੇਸ਼ਰ ਦਾ ਵਚਨ ਹੈ ਉਹ ਇਸ ਦੀ ਅਨੋਖੀ ਯਥਾਰਥਤਾ ਹੈ ਜਦ ਇਹ ਭਵਿੱਖ ਦੀ ਘਟਨਾਵਾਂ ਦੀ ਨਬੂਵਤ ਕਰਦੀ ਹੈ। ਇਸ ਦੇ ਪੰਨਿਆ ਵਿਚ ਅਸੀਂ ਬਹੁਤ ਸਾਰੀਆਂ ਨਬੂਵਤਾਂ ਪੜ੍ਹਦੇ ਹਾਂ ਜਿਹੜੀਆਂ, ਅੱਜ ਦੇ ਅਵਲੋਕਨ ਤੋਂ ਅਸੀ ਜਾਣਦੇ ਹਾਂ ਕਿ ਜਿਵੇਂ ਸੈਂਕੜੇ ਸਾਲ ਪਹਿਲਾਂ ਉਹ ਭਵਿੱਖਬਾਣੀਆਂ ਹੋਈਆਂ ਸਨ ਬਿਲਕੁਲ ਠੀਕ ਉਸੇ ਤਰਾਂ ਪੂਰੀਆਂ ਹੋਈਆਂ ਹਨ।

ਇਹ ਭਵਿੱਖਬਾਣੀਆਂ ਇਕ ਅਸਾਧਾਰਣ ਵਿਸਥਾਰ ਸ਼ਾਮਿਲ ਕਰਦੀਆਂ ਹਨ, ਜਿਸ ਵਿਚ ਧਰਤੀ ਦੇ ਸਾਰੇ ਲੋਕਾਂ ਨੂੰ ਸਵੀਕਾਰ ਕਰਦੀਆਂ ਹਨ, ਇਸ ਤੋਂ ਇਲਾਵਾ ਇਸਰਾਇਲ ਅਤੇ ਅਰਬ ਦੇ ਮੁਲਕਾਂ ਬਾਰੇ ਬਹੁਤ ਵਿਸ਼ਿਸਟ ਵਿਵਰਣ ਸ਼ਾਮਲ ਕਰਦੀਆਂ ਹਨ। ਇਸ ਤੋਂ ਵੀ ਵੱਧ ਮਹਤੱਵਪੂਰਣ ਸੈਂਕੜਿਆਂ

ਦੀ ਤਦਾਦ ਵਿਚ ਨਬੂਵਤਾਂ ਮਸੀਹਾ ਦੇ ਆਉਣ ਬਾਰੇ ਹਨ। ਕਿਉਂਕਿ ਮਸੀਹਾ ਦੇ ਬਾਰੇ ਬਹੁਤ ਸਾਰੀਆਂ ਨਬੂਵਤਾਂ ਹੁਣ ਇਤਹਾਸ ਹਨ, ਅਸੀਂ ਜਾਣਦੇ ਹਾਂ ਕਿ ਮਸੀਹਾ ਦੇ ਜਨਮ, ਜੀਵਨ ਅਤੇ ਮੌਤ ਬਾਰੇ ਕੁਝ ਵਿਵਰਣ ਬਹੁਤ ਜਿਆਦਾ ਅਸੰਭਵ ਅਤੇ ਕਿੰਨੇ ਸਹੀ ਸਨ ਜਿਨ੍ਹਾਂ ਤੇ ਵਿਸ਼ਵਾਸ ਵੀ ਨਹੀਂ ਕੀਤਾ ਜਾ ਸਕਦਾ।

ਅਜਿਹੀ ਖੋਜ ਦੇ ਰਿਕਾਰਡ ਦੇ ਆਧਾਰ ਉੱਤੇ, ਇਹ ਸੱਚ ਮੰਨ ਲੈਣਾ, ਉਚਿਤ (ਅਤੇ ਸਹੀ) ਹੈ ਕਿ ਭਵਿੱਖ ਬਿਲਕੁਲ ਠੀਕ ਇਸ ਨੂੰ ਬਿਆਨ ਕਰੇ ਗਾ ਜਿਵੇਂ ਬਾਈਬਲ ਵਿਚ ਭੱਵਿਖਬਾਣੀਆਂ ਕੀਤੀਆਂ ਗਈਆਂ ਹਨ। ਅਤੇ ਹਰ ਸਾਲ, ਬਾਈਬਲ ਦੀ ਭਵਿੱਖਬਾਣੀਆਂ ਦੇ ਹੋਰ ਵੀ ਸਹੀ ਪ੍ਰਮਾਣ ਸਾਡੀਆਂ ਅੱਖਾਂ ਦੇ ਸਾਹਮਣੇ ਪ੍ਰਗਟ ਕੀਤੇ ਜਾਣਗੇ। ਵਾਸਤਵ ਵਿਚ, ਬਾਈਬਲ ਨੂੰ ਪੜਨਾ ਕੱਲ ਦੇ ਅਖਬਾਰ ਨੂੰ ਪੜਨਾ ਹੈ।

ਡਾਕਟਰ ਵਿਲਬਰ ਸਮਿਥ ਜੀਵਨ ਭਰ ਬਾਈਬਲ ਦਾ ਇਕ ਵਿਦਿਆਰਥੀ ਰਿਹਾ ਹੈ। ਉਸ ਨੇ ਬਾਈਬਲ ਦੀ ਭਵਿੱਖਬਾਣੀ ਦੇ ਸਹੀ ਵਿਵਰਣ ਵੱਲ ਧਿਆਨ ਦਿਵਾਉਣ ਲਈ ਖਾਸ ਅਨੰਦ ਪ੍ਰਾਪਤ ਕੀਤਾ ਹੈ। ਪੁਰਾਣੇ ਨਿਯਮ ਦੀਆਂ ਬਹੁਤ ਸਾਰੀਆਂ ਭਵਿੱਖਬਾਣੀਆਂ ਜਿਹੜੀਆਂ ਮਸੀਹਾ ਬਾਰੇ ਗੱਲ ਕਰਦੀਆਂ ਹਨ ਉਨ੍ਹਾਂ ਦੀ ਤੁਲਨਾ ਦੂਜਿਆਂ ਦੀ ਸਿੱਖਿਆਵਾਂ ਨਾਲ ਕਰਕੇ ਜਿਹੜੇ ਆਪਣੇ ਕੋਲ ਸਚਾਈ ਹੋਣ ਦਾ ਦਾਅਵਾ ਕਰਦੇ ਹਨ, ਵਿਲਬਰ ਸਮਿਥ ਨੇ ਧਿਆਨ ਕੀਤਾ ਕਿ, ''ਮੁਹੰਮਦ ਨੂੰ ਮੰਨਣ ਵਾਲੇ ਮੁਹੰਮਦ ਦੇ ਜਨਮ ਤੋਂ ਸੈਂਕੜੇ ਸਾਲ ਪਹਿਲਾਂ ਉਸ ਨੂੰ ਆਉਣ ਬਾਰੇ ਕਿਸੇ ਵੀ ਨਬੂਵਤ ਵੱਲ ਇਸ਼ਾਰਾ ਨਹੀਂ ਕਰ ਸਕਦੇ। ਨਾ ਹੀ ਕਿਸੇ ਵੀ ਪੂਜਾ ਵਿਧੀ ਦੇ ਸ਼ੁਰੂ ਕਰਨ ਵਾਲੇ ਸਹੀ ਤਰੀਕੇ ਨਾਲ ਕਿਵੇਂ ਵੀ ਪੁਰਾਣੇ ਧਰਮ ਗ੍ਰੰਥ ਵਿਚੋਂ ਉਦਾਹਰਣ ਦੇ ਸਕਦੇ ਹਨ ਜਿਹੜਾ ਖਾਸ ਤੌਰ ਤੇ ਉਨ੍ਹਾਂ ਦੇ ਆਗਮਨ ਬਾਰੇ ਪੂਰਵ ਸੂਚਨਾ ਦੇ ਸਕੇ।

ਹੁਣ ਸਾਨੂੰ ਸਚਾਈ ਸਵੀਕਾਰ ਕਰਨੀ ਚਾਹੀਦੀ ਹੈ ਕਿ ਯਕੀਨੀ ਤੌਰ ਨਾਲ ਕੁਝ ਨਬੂਵਤ ਅਜਿਹੀਆਂ ਅਖਵਾਉਂਦੀਆਂ ਹਨ ਜਿੰਨਾਂ ਨੂੰ ਸਹੀ ਹੋਣ ਲਈ ਅੰਤਰ ਪ੍ਰੇਰਣਾ ਦੀ ਕੋਈ ਲੋੜ ਨਹੀਂ ਹੈ।

ਕੰਮਪਿਊਟਰਾਂ ਦੀ ਸਹਾਇਤਾ, ਚੋਣ ਦੇ ਦਿਨ ਦੇ ਇੰਟਰਵਿਊ ਅਤੇ ਇਤਹਾਸਿਕ ਅੰਕੜਿਆਂ ਦੀ ਸਹਾਇਤਾ ਨਾਲ, ਨਿਊਜ਼ ਮੀਡੀਆਂ ਕਈ ਵਾਰ ਇਲੈਕਸ਼ਣ ਦੇ ਜਿੱਤਣ ਵਾਲੇ ਬਾਰੇ ਜਾਣ ਸਕਦੀ ਹੈ ਇਸ ਤੋਂ ਪਹਿਲਾਂ ਕਿ

ਵੋਟਾਂ ਵਾਲਾ ਬਕਸਾ ਬੰਦ ਹੋਵੇ। ਅੰਕੜਿਆਂ ਸੰਬੰਧੀ ਗਿਆਨ ਜਿਹੜਾ ਉਨ੍ਹਾਂ ਕੋਲ ਉਪਲਬਧ ਹੁੰਦਾ ਹੈ, ਇਸ ਵਿਚ ਕੋਈ ਬਹੁਤ ਅਨੋਖੀ ਗੱਲ ਨਹੀਂ ਹੈ ਜਦ ਉਹ ਸਮੇਂ ਤੋਂ ਪਹਿਲਾਂ ਹੀ ਵਿਜੇਤਾ ਨੂੰ 'ਸੱਦ ਲੈਂਦੇ' ਹਨ ਅਤੇ ਫੇਰ ਵੀ ਕਈ ਵਾਰੀ ਅਸਫਲ ਹੋ ਜਾਂਦੇ ਹਨ।

ਫੇਰ ਵੀ, ਕਿਸੇ ਵੀ ਨਿਊਜ਼ ਰਿਪੋਰਟਰ ਨੂੰ ਪੁੱਛਣ ਦੀ ਕੋਸ਼ਿਸ਼ ਕਰੋ ਕਿ ਹੁਣ ਤੋਂ ਵੀਹ ਤੋਂ ਪੰਜੀ ਸਾਲ ਬਾਅਦ ਉਸ ਉਮੀਦਵਾਰ ਦੀ ਪਛਾਣ ਕਰਨ ਜਿਹੜਾ ਇਲੈਕਸ਼ਨ ਲੜੇਗਾ। ਉਸ ਨੂੰ ਪੁੱਛੋ ਕੌਣ ਜਿੱਤੇਗਾ, ਅਤੇ ਫੇਰ ਉਨ੍ਹਾਂ ਥਾਂਵਾਂ ਦੇ ਵਿਵਰਣ ਬਾਰੇ ਪੁੱਛੋ ਜਿੱਥੇ ਉਹ ਵਿਜੇਤਾ ਜਨਮ ਲੈਣਗੇ, ਉਨ੍ਹਾਂ ਦੇ ਭਵਿੱਖ ਵਿਚ ਜੀਉਣ ਦਾ ਤਰੀਕਾ ਕਿਹੋ ਜਿਹਾ ਹੋਵੇਗਾ, ਅਤੇ ਐਥੋਂ ਤਕ ਕਿ ਉਹ ਹਾਲਾਤ ਜਿਹੜੇ ਉਨ੍ਹਾਂ ਦੀ ਮੌਤ ਦੇ ਵੇਲੇ ਹੋਣਗੇ। ਇਸ ਤੋਂ ਵੀ ਅੱਗੇ ਵੱਧ ਕੇ ਨਿਯੁਜ਼ ਰਿਪੋਰਟਰ

ਨੂੰ ਇਹ ਪੁੱਛੋ ਕਿ ਹੁਣ ਤੋਂ 1000 ਸਾਲ ਬਾਅਦ ਅਰਬ ਦੇ ਮੁਲਕਾਂ ਵਿਚ ਭਰੋਸੇ ਯੋਗ ਸੂਚਨਾ ਦੇਣ ਕਿ ਉੱਥੇ ਕੀ ਹੋਵੇਗਾ। ਉਨ੍ਹਾਂ ਨੂੰ ਇਹ ਵੀ ਪੁੱਛੋ ਕਿ ਉਨ੍ਹਾਂ ਸ਼ਹਿਰਾਂ ਬਾਰੇ ਨਿਸ਼ਚਿਤ ਰੂਪ ਨਾਲ ਬਿਆਨ ਕਰਨ ਜਿਹੜੇ ਉਸ ਲੰਬੇ ਅਰਸੇ ਦੇ ਸਮੇਂ ਵਿਚ ਪੂਰੀ ਤਰ੍ਹਾਂ ਨਸ਼ਟ ਹੋ ਜਾਣਗੇ।

ਨਿਸ਼ਚਿਤ ਰੂਪਨਾਲ ਤੁਸੀਂ ਇਸ ਗੱਲ ਵਿਚ ਸਹਿਮਤ ਹੋਵੋਗੇ ਕਿ ਹਰ ਵਾਰ ਜਦ ਵੀ ਉਸ ਨਿਯੁਜ਼ ਰਿਪੋਰਟਰ ਤੋਂ ਇਕ ਅਤਿਰਿਕਤ ਨਬੂਵਤ ਦੀ ਮੰਗ ਕੀਤੀ ਜਾਵੇਗੀ ਉਸ ਦੀ ਨਬੂਵਤ ਦੇ ਸਹੀ ਹੋਣ ਦੇ ਵਿਪਰੀਤ ਅਵਿਸ਼ਵਸਨੀਯ ਸੰਭਾਵਨਾਵਾਂ ਬਹੁਤ ਵੱਧ ਜਾਣਗੀਆਂ। ਉਹ ਵੀ, ਅੰਤ ਵਿਚ, ਜਦ ਤਕ ਅਨੰਤਕਾਲ ਦਾ ਪਰਮੇਸ਼ਰ ਉਸ ਨੂੰ ਭਵਿੱਖ ਦੇ ਬਾਰੇ ਨਾ ਦੱਸ ਰਿਹਾ ਹੋਵੇ; ਸਿਰਫ ਉੱਤੇ ਹਾਲਤ ਵਿਚ ਅਸੀਂ ਉਸ ਰਿਪੋਰਟਰ ਤੋਂ ਆਸ ਕਰ ਸਕਦੇ ਹਾਂ ਕਿ ਅੰਤ ਨੂੰ ਸ਼ੁਰੂ ਤੋਂ ਜਾਣ ਲਵੇ। ਅਤੇ ਉਨ੍ਹਾਂ ਵਾਂਙੁ ਇਸ ਤਰ੍ਹਾਂ ਦੀਆਂ ਵਾਰਦਾਤਾਂ ਨਾਲ ਹੋਰ ਵੀ ਬਹੁਤ ਸਾਰੀਆਂ ਗੁੰਝਲਦਾਰ ਘਟਨਾਵਾਂ ਦੇ ਵਿਵਰਣ ਬਾਰੇ ਅਸੀਂ ਆਪਣੇ ਨਿਉਜ਼ ਰਿਪੋਰਟਰਾਂ ਨੂੰ ਸੂਚਿਤ ਕੀਤਾ ਹੈ ਅਤੇ ਇਸ ਤੋਂ ਲੰਬੇ ਸਮੇ ਦੀ ਅਵਧੀ ਬਾਰੇ ਬਾਈਬਲ ਵਿਚ ਭਵਿੱਖਬਾਣੀਆਂ ਕੀਤੀਆਂ ਹੋਈਆਂ ਹਨ।

ਉਦਾਹਰਣ ਦੇ ਤੌਰ ਤੇ, ਪੁਰਾਣੇ ਸ਼ਹਿਰ ਤਾਇਰ (Tyre) ਅਮੂਰਾਹ ਦੇ ਬਾਰੇ ਪਰਮੇਸ਼ਰ ਨੇ ਕੀ ਨਬੂਵਤ ਕੀਤੀ ਕਿ ਉਸ ਨਾਲ ਕੀ ਹੋਵੇਗਾ ਉਹ ਕਿਸ ਤਰਾਂ ਪੂਰੀ ਹੋਈ ਇਸ ਗੱਲ ਤੇ ਵਿਸ਼ਵਾਸ ਕਰਨਾ ਔਖਾ ਹੈ।

ਜੇ ਤੁਸੀਂ ਰੁਚੀ ਰੱਖਦੇ ਹੋ, ਪਹਿਲਾਂ ਉਨ੍ਹਾਂ ਭਵਿੱਖਬਾਣੀਆਂ ਨੂੰ ਪੜ੍ਹੋ ਜਿਹੜੀਆਂ ਹਿਜ਼ਕੀਏਲ 26 ਆਇਤਾਂ 3–21 ਵਿਚ ਰਿਕਾਰਡ ਕੀਤੀਆਂ ਗਈਆਂ ਹਨ, ਅਤੇ ਫੇਰ ਐਨਸਾਈਕਲੋਪੀਡੀਆਂ ਬਰੀਟੈਨੀਕਾ (Encyclopedia Britannica) ਅਤੇ ਇਤਹਾਸ ਦੇ ਦੂਜੇ ਰਿਕਾਰਡ ਵੇਖੋ। ਦੋਹਾਂ ਵਿਚ ਤੁਸੀਂ ਇੱਕੋ ਕਹਾਣੀ ਪੜ੍ਹੋਗੇ, ਪਹਿਲੀ ਨਬੂਵਤ ਕੀਤੀ ਹੋਈ, ਅਤੇ ਦੂਜੀ ਇਤਹਾਸ ਵਾਂਙੁ।

**ਨਬੂਵਤ** : ਘਟਨਾਵਾਂ ਦੇ ਹੋਣ ਤੋਂ ਕਾਫੀ ਸਮਾਂ ਪਹਿਲਾਂ, ਪਰਮੇਸ਼ਰ ਨੇ ਸ਼ੂਰ ਦੇ ਸ਼ਹਿਰ ਲਈ ਤਬਾਹੀ ਮਚਾਉਣ ਵਾਲੇ ਭਵਿੱਖ ਦੀ ਨਬੂਵਤ ਕਰ ਦਿੱਤੀ ਸੀ। ਉਸ ਨੇ ਕਿਹਾ :

ਵੇਖ, ਮੈਂ ...ਬਹੁਤ ਸਾਰੀਆਂ ਕੌਮਾਂ ਨੂੰ ਤੇਰੇ ਉੱਤੇ ਚੜ੍ਹਾ ਲਿਆਵਾਂਗਾ, ਉਹ ਸ਼ੂਰ ਦੀਆਂ ਕੰਧਾਂ ਨੂੰ ਢਾਹ ਦੇਣਗੇ ਅਤੇ ਉਹ ਦੇ ਬੁਰਜਾਂ ਨੂੰ ਤੋੜ ਦੇਣਗੇ। ਅਤੇ ਮੈਂ ਉਹ ਦੀ ਮਿੱਟੀ ਤੀਕਰ ਖੁਰਚ ਸੁੱਟਾਂਗਾ ਅਤੇ ਉਹ ਨੂੰ ਨੰਗੀ ਚਟਾਨ ਬਣਾ ਛੱਡਾਂਗਾ। ਇਹ ਵੀ ਪਹਿਲਾਂ ਦੱਸਿਆ ਗਿਆ ਸੀ ਕਿ ਇਹ ਪ੍ਰਸਿੱਧੀ ਦਾ ਸ਼ਹਿਰ ਜਿਸ ਥਾਂ ਤੇ ਬਣਿਆ ਸੀ ਉਹ ਖੁਰਚਿਆ ਜਾ ਕੇ ਨੰਗੀ ਚਟਾਨ ਬਣਾ ਦਿੱਤਾ ਜਾਵੇਗਾ। ਇਸ ਤੋਂ ਵੀ ਵੱਧ, ਇਹ ਭਵਿੱਖਬਾਣੀ ਕੀਤੀ ਗਈ ਸੀ ਕਿ ਉਹ ...ਤੇਰੇ ਪਥੱਰ, ਕਾਠ ਅਤੇ ਤੇਰੀ ਮਿੱਟੀ ਸਾਗਰ ਵਿਚ ਸੁੱਟ ਦੇਣਗੇ ਪਰ ਇਨ੍ਹਾਂ ਨਬੂਵਤਾਂ ਦਾ ਅਵਿਸ਼ਵਸਨੀਯ ਵਿਵਰਣ ਇੱਥੇ ਹੀ ਖਤਮ ਨਹੀਂ ਹੁੰਦਾ। ਪਰਮੇਸ਼ਰ ਨੇ ਪੁਰਾਣੇ ਸ਼ੂਰ ਦੇ ਬਾਰੇ ਕਿਹਾ : ...ਤੂੰ ਜਾਲਾ ਦੇ ਖਿਲਾਰਨ ਦੀ ਥਾਂ ਬਣੇਗਾ (ਹਿਜ਼ਕੀਏਲ 26:3,4,12,14)। ਇਤਹਾਸ ਜਦੋਂ ਤੁਸੀਂ ਇਤਹਾਸ ਦੇ ਰਿਕਾਰਡ ਨੂੰ ਪੜ੍ਹੋ, ਤੁਸੀਂ ਤਸਦੀਕ ਕਰੋਗੇ ਕਿ ਜਦ ਨਬੂਕਦਨੱਸਰ ਨੇ ਸ਼ੂਰ ਦੇ ਪੁਰਾਣੇ ਸ਼ਹਿਰ (ਮਹਾਦੀਪ) ਨੂੰ ਨਾਸ ਕੀਤਾ, ਤਾਂ ਵਾਸਤਵ ਵਿਚ ਉਸ ਨੇ ਉਸ ਦੀਆਂ ਕੰਧਾਂ ਨੂੰ ਢਾਹ ਦਿੱਤਾ ਅਤੇ ਉਹ ਦੇ ਬੁਰਜਾਂ ਨੂੰ ਤੋੜ ਸੁੱਟਿਆ ਜਿਵੇਂ ਭਵਿੱਖਬਾਣੀ ਕੀਤੀ ਗਈ ਸੀ। ਅਤੇ ਬਾਅਦ ਵਿਚ ਸਿਕੰਦਰ ਮਹਾਨ ਦੇ ਇੰਜੀਨਿਅਰਾਂ ਦੇ ਪੁਰਾਣੇ ਸ਼ਹਿਰ ਸੂਰ ਦੀ ਮਿੱਟੀ ਨੂੰ ਖੁਰਚ ਸੁੱਟਿਆ ਅਤੇ ਉਸ ਨੂੰ ਨੰਗੀ ਚਟਾਨ ਬਣਾ ਦਿੱਤਾ।

ਜਦ ਉਨ੍ਹਾਂ ਨੇ ਉਸ ਦੀ ਰੋੜੀ, ਪੱਥਰ ਆਦ ਦੇ ਟੁਕੜੇ ਸਾਗਰ ਵਿਚ ਸੁੱਟ ਦਿੱਤੇ ਤਾਂ ਜੋ ਉਸ ਟਾਪੂ ਉੱਤੇ ਇਕ ਪੁੱਲ ਬਣਾ ਦੇਣ, ਇਹ ਉਸੇ ਤਰ੍ਹਾਂ ਸੀ ਜਿਸ ਤਰਾਂ ਭਵਿੱਖਬਾਣੀ ਕੀਤੀ ਗਈ ਸੀ; ਪੱਥਰ ਅਤੇ ਕਾਠ

ਅਤੇ ਮਿੱਟੀ ਵਾਸਤਵ ਵਿਚ ਪਾਣੀ ਵਿਚ ਸੁੱਟ ਦਿੱਤੇ ਗਏ ਸਨ। ਹਾਂ, ਅੱਜ ਦੇ ਦਿਨ ਤੀਕੁਰ ਪੁਰਾਣੇ ਸੂਰ ਦੀ ਬਰਬਾਦੀ ਦੇ ਨਿਸ਼ਾਨ ਸਮੁੰਦਰ ਦੇ ਪਾਣੀ ਹੇਠ ਦੱਬੇ ਗਏ ਹਨ। ਪਰਮੇਸ਼ਰ ਨੇ ਕਿਹਾ, ਇਹ ਹੋਵੇਗਾ ਅਤੇ ਇਹ ਹੋਇਆ।

ਬੇਸ਼ਕ ਅੱਜ ਵੀ ਮੱਧ ਪੂਰਵ ਦੇ ਇਲਾਕੇ ਵਿਚ ਇਕ ਪ੍ਰਸਿੱਧ ਸ਼ਹਿਰ ਸੂਰ ਹੈ, ਪਰ ਇਹ ਉਹ ਪੁਰਾਣਾ ਸ਼ਹਿਰ ਸੂਰ ਨਹੀਂ ਹੈ ਜਿਹੜਾ ਆਖਰਕਾਰ 1291 ਵਿਚ ਨਾਸ ਕਰ ਦਿੱਤਾ ਗਿਆ ਸੀ।

ਜੇ ਤੁਸੀਂ ਪੁਰਾਣੇ ਸ਼ੂਰੂ ਦੀ ਥਾਂ ਦਾ ਜਾ ਕੇ ਨਿਰੀਖਣ ਕਰ ਸਕੋ, ਤੁਸੀਂ ਜਾਣ ਜਾਉਗੇ ਕਿ ਇਹ ਅਵਿਸ਼ਵਾਸਨਿਯ ਭਵਿੱਖਬਾਣੀਆਂ ਕਿਸ ਤਰਾਂ ਪੂਰੀਆਂ ਹੋਈਆਂ ਹਨ। ਉੱਥੇ ਤੁਸੀਂ ਕੁਝ ਮੱਛੀ ਫੜਣ ਵਾਲਿਆਂ ਕੋਪੜੀਆਂ ਦਾ ਦ੍ਰਿਸ਼ ਇਕ ਛੋਟੇ ਪਿੰਡ ਵਿਚ ਵੇਖ ਸਕਦੇ ਹੋ, ਉੱਥੇ ਦੀ ਤੁਸੀਂ ਮੱਛੀ ਫੜਨ ਵਾਲੀਆਂ ਕਿਸ਼ਤੀਆਂ ਸਮੁੰਦਰ ਵਿਚ ਵਗਦੀਆਂ ਅਤੇ ਮੱਛੀ ਫੜਣ ਵਾਲੇ ਜਾਲ ਨੰਗੀਆਂ ਚਟਾਨਾਂ ਉੱਤੇ ਸੁਕਦੇ ਹੋਏ ਵੇਖ ਸਕਦੇ ਹੋ। ਮਨੁੱਖੀ ਬੁੱਧ ਇਸ ਤਰਾਂ ਦੇ ਵਧਦੇ ਫੁੱਲਦੇ ਵਪਾਰਕ ਸ਼ਹਿਰ ਜਿਸ ਤਰਾਂ ਦਾ ਪੁਰਾਣਾ ਸੂਰ ਸ਼ਹਿਰ ਸੀ ਉਸ ਦੇ ਇਸ ਅਸੰਭਵ ਭੱਵਿਖ ਨੂੰ ਕਿਵੇਂ ਜਾਣ ਸਕਦੀ ਸੀ?

ਪੀਟਰ ਸਟੋਨਰ ਦੇ ਪੁਰਾਣੇ ਸੂਰ ਸ਼ਹਿਰ ਬਾਰੇ ਸੱਤ ਭਵਿੱਖਬਾਣੀਆਂ ਦੀ ਤੁਲਨਾ ਇਤਹਾਸਿਕ ਰਿਕਾਰਡ ਨਾਲ ਕੀਤੀ। ਹਿਸਾਬ ਸੰਬੰਧੀ ਸੰਭਾਵਨਾ ਦੀ ਵਿਉਂਤ ਬਣਾਉਣ ਤੋਂ ਬਾਅਦ ਕਿ ਹਿਜ਼ਕੀਏਲ ਦੀ ਨਬੂਵਤਾਂ ਪੂਰੀਆਂ ਹੋਣਗੀਆਂ, ਉਸ ਨੇ ਨਿਸ਼ਚਿਤ ਕੀਤਾ :

''ਜੇ ਹਿਜ਼ਕੀਏਲ ਨੇ ਆਪਣੇ ਦਿਨਾਂ ਵਿਚ ਸੂਰ ਤੇ ਧਿਆਨ ਦਿੱਤਾ, ਅਤੇ ਇਹ ਸੱਤ ਭਵਿੱਖਬਾਣੀਆਂ ਮਨੁੱਖੀ ਬੁੱਧ ਨਾਲ ਕੀਤੀਆਂ ਹੁੰਦੀਆਂ, ਇਨਾਂ ਅਨੁਮਾਨਾਂ ਦਾ ਅਰਥ ਇਹ ਹੁੰਦਾ ਕਿ 75,000,000 ਵਿਚੋਂ ਇਕੋਂ ਸੰਭਾਵਨਾ ਹੁੰਦੀ ਕਿ ਉਹ ਸਾਰੀਆਂ ਸਹੀ ਨਿੱਕਲਦੀਆਂ।''

ਆਉ ਹੁਣ ਸਿਰਫ ਇਕ ਭਵਿੱਖਬਾਣੀ ਤੇ ਧਿਆਨ ਦੇਈਏ ਜਿਹੜੀ ਇਕ ਬੱਚੇ ਦੇ ਜਨਮ ਦੇ ਸੰਬੰਧ ਵਿਚ ਹੈ।

ਮੱਤੀ, ਇਕ ਟੈਕਸ ਲੈਣ ਵਾਲਿਆਂ ਦਾ ਰਿਟਾਇਰ ਹੋਇਆ ਸਰਕਾਰੀ ਅਫਸਰ ਬਹੁਤ ਸਾਰੀਆਂ ਅਨੋਖੀਆਂ ਭਵਿੱਖਬਾਣੀਆਂ ਵਿਚੋਂ ਚਾਰ ਨੂੰ ਯਾਦ ਕਰਦਾ ਹੈ ਜਿਹੜੀਆਂ ਉਸ ਵੇਲੇ ਪੂਰੀਆਂ ਹੋਈਆਂ ਜਦ ਯਿਸੂ ਦਾ ਜਨਮ

ਹੋਇਆ ਸੀ। ਉਨ੍ਹਾਂ ਵਿਚੋਂ ਇਕ ਵਿਚ ਮੱਤੀ ਮੀਕਾਹ ਨਬੀ ਦਾ ਹਵਾਲਾ ਦਿੰਦਾ ਹੈ, ਜਿਸ ਨੇ ਆਪਣੇ ਸਮੇਂ ਦੇ ਜਿਆਦਾ ਬੋਲਣ ਵਾਲੇ ਹਾਕਮਾਂ ਦੇ ਵਿਰੁੱਧ ਗਰਜਣ ਵਾਲੀ ਨਿੰਦਾ ਕੀਤੀ। ਮੀਕਾਹ ਦਾ ਦਿਲ ਟੁੱਟ ਗਿਆ ਸੀ। ਕਿਉਂਕਿ ਜਦ ਉਹ ਜੀਵਿਤ ਸੀ ਉਸ ਦੇ ਦੇਸ਼ ਵਿਚ ਖਰੀ ਅਗਵਾਈ ਕਰਨ ਵਾਲੇ ਅਧਿਕਾਰੀ ਦੀ ਘਾਟ ਸੀ। ਫੇਰ ਵੀ, ਮੀਕਾਹ ਨੇ ਇਕ ਪੁਰ ਉਮੀਦ ਭਵਿੱਖ ਵੇਖਿਆ ਜਦ ਪਰਮੇਸ਼ਰ ਨੇ ਉਸ ਨੂੰ ਵਿਖਾਇਆ ਕਿ ਇਕ ਦਿਨ ਇਕ ਹਾਕਮ ਪੈਦਾ ਹੋਵੇਗਾ। ਐਥੋਂ ਤਕ ਕਿ ਉਸ ਨੇ ਇਸ ਆਉਣ ਵਾਲੇ ਲੀਡਰ ਦੇ ਸਹੀ ਜਨਮ ਸਥਾਨ ਦਾ ਵੀ ਠੀਕ ਵਰਣਨ ਕੀਤਾ।

ਪਰ ਹੇ ਬੈਤਲਹਮ ਅਫਰਾਥਾਹ, ਤੂੰ ਜੋ ਯਹੂਦਾਹ ਦੇ ਹਜ਼ਾਰਾਂ ਵਿਚੋਂ ਛੋਟਾ ਹੈਂ, ਤੈਥੋਂ ਇਕ ਮੇਰੇ ਲਈ ਨਿੱਕਲੇਗਾ ਜੋ ਇਸਰਾਏਲ ਵਿਚ ਹਾਕਮ ਹੋਵੇਗਾ। ਜਿਹ ਦਾ ਨਿੱਕਲਣਾ ਪਰਾਚੀਣ ਸਮੇਂ ਤੋਂ ਸਗੋਂ ਅਨਾਦੀ ਤੋਂ ਹੈ (ਮੀਕਾਹ 5:2)।

ਪਰਮੇਸ਼ਰ ਨੇ ਪ੍ਰਗਟ ਕੀਤਾ ਕਿ ਇਸਰਾਏਲ ਵਿਚ ਆਉਣ ਵਾਲਾ ਹਾਕਮ ਬੈਤਲਹਮ ਅਫਰਾਥਾਹ ਵਿਚ ਪੈਦਾ ਹੋਵੇਗਾ।

ਜਿਵੇਂ ਮੀਕਾਹ ਨੇ ਭਵਿੱਖਬਾਣੀ ਕੀਤੀ, ਯਿਸੂ ਪੈਦਾ ਹੋਇਆ, ਆਪਣੇ ਪਰਿਵਾਰ ਦੇ ਨਗਰ ਨਾਸਰਤ ਦੇ ਘਰ ਵਿਚ ਨਹੀਂ, ਪਰ ਬੈਤਲਹਮ ਅਫਰਾਥਾਹ ਵਿਚ, ਇਕ ਰੋਮੀ ਸਮ੍ਰਾਟ ਦੇ ਹੁਕਮ ਦੇ ਕਾਰਣ ਮਾਤਾ ਪਿਤਾ ਇਕ ਰਾਜ ਆਗਿਆ ਦਾ ਹੁਕਮ ਮੰਨ ਰਹੇ ਸਨ। ਉਸ ਦੇ ਅਨੁਸਾਰ, ਉਹ ਘਰ ਛੱਡ ਕੇ ਬੈਤਲਹਮ ਨੂੰ ਗਏ। ਨਿਸ਼ਚਿਤ ਤੌਰ ਤੇ ਕੋਈ ਵੀ ਛੋਟੇ ਬੈਤਲਹਮ ਤੋਂ ਹਾਕਮ ਦੀ ਤਲਾਸ਼ ਨਹੀਂ ਕਰੇਗਾ, ਜਿਹੜਾ ਕਿ ਯਹੂਦਾਹ ਦੇ ਬਹੁਤ ਸਾਰੇ ਨਗਰਾਂ ਵਿਚੋਂ ਕੇਵਲ ਇਕ ਸੀ। ਉੱਥੇ ਜਨਮ ਲੈਣ ਦੀ ਸੰਭਾਵਨਾ ਅਵਿਸ਼ਵਾਸਨੀਯ ਸੀ। ਫੇਰ ਵੀ ਇਹੋ ਹੋਇਆ ਜਿਵੇਂ ਮੀਕਾਹ ਨੇ ਭਵਿੱਖਬਾਣੀ ਕੀਤੀ ਸੀ। ਅਤੇ ਯਿਸੂ ਦੇ ਜੀਵਨ ਬਾਰੇ ਇਹੋ ਜਿਹੀਆਂ ਸੈਂਕੜੇ ਹੈਰਾਨ ਕਰਨ ਵਾਲੀਆਂ ਭਵਿੱਖਬਾਣੀਆਂ ਵਿਚੋਂ ਇਹ ਇਕ ਸੀ।

ਅਸੀਂ ਪੜ੍ਹਦੇ ਹਾਂ ਕਿ ਪਰਮੇਸ਼ਰ ਨੇ ਘੋਸ਼ਣਾ ਕੀਤੀ :

ਮੈਂ ਆਦ ਤੋਂ ਅੰਤ ਨੂੰ ਅਤੇ ਮੁੱਢ ਤੋਂ ਜੋ ਅੱਜੇ ਨਹੀਂ ਹੋਇਆ ਦੱਸਦਾ ਹਾਂ, ਮੈਂ ਆਖਦਾ ਹਾਂ, 'ਮੇਰੀ ਸਲਾਹ ਕਾਇਮ ਰਹੇਗੀ, ਅਤੇ ਮੈਂ ਆਪਣੀ ਸਾਰੀ ਇੱਛਿਆ ਨੂੰ ਪੂਰੀ ਕਰਾਂਗਾ, (ਯਸਾਯਾਹ 46:10)।

ਮੈਂ ਪਹਿਲੀਆਂ ਗੱਲਾਂ ਪੁਰਾਣੇ ਸਮੇਂ ਤੋਂ ਦੱਸੀਆਂ ਉਹ ਮੇਰੇ ਮੂੰਹੋਂ

ਨਿੱਕਲੀਆਂ, ਅਤੇ ਮੈਂ ਉਨ੍ਹਾਂ ਨੂੰ ਸੁਣਾਇਆ। ਤੁਰਤ ਫੁਰਤ ਮੈਂ ਉਹਨਾਂ ਨੂੰ ਕਰ ਦਿੱਤਾ, ਅਤੇ ਉਹ ਹੋ ਗਈਆਂ। ... ਮੈਂ ਤੈਨੂੰ ਪੁਰਾਣੇ ਸਮੇਂਤੋਂ ਦੱਸਿਆ, ਉਨ੍ਹਾਂ ਦੇ ਆਉਣ ਤੋਂ ਪਹਿਲਾਂ ਮੈਂ ਤੈਨੂੰ ਸੁਣਾਇਆ (ਯਸਾਯਾਹ 48:3,5)।

ਇਤਹਾਸ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਇਹ ਨਬੂਵਤਾਂ, ਪਰਮੇ ਸ਼ਰ ਰਾਹੀਂ ਦਿੱਤੀਆਂ ਗਈਆਂ ਅਤੇ ਬਾਈਬਲ ਵਿਚ ਰਿਕਾਰਡ ਕੀਤੀਆਂ ਗਈਆਂ ਹਨ, ਇਹ 100 ਪ੍ਰਤੀਸ਼ਤ ਸਹੀ ਹਨ।

ਬਾਈਬਲ ਦਾ ਸਾਮਰਥੀਸ਼ਾਲੀ ਪ੍ਰਤਾਉ

ਦੂਜਾ ਸਾਮਰਥਸ਼ਾਲੀ ਸਬੂਤ ਕਿ ਬਾਈਬਲ ਪਰਮੇਸ਼ਰ ਦਾ ਵਚਨ ਹੈ ਉਹ ਪ੍ਰਭਾਵ ਹੈ ਜਿਹੜਾ ਕੰਮ ਵਿਚ ਲਿਆਇਆ ਗਿਆ ਹੈ। ਸਾਮਾਜਿਕ, ਸਭਿਆਚਾਰ ਅਤੇ ਵਿਅਕਤੀਗਤ ਤੌਰ ਤੇ ਬਾਈਬਲ ਦੇ ਸੰਦੇਸ਼ ਨੇ ਮਨੁੱਖੀ ਵਰਗ ਨੂੰ ਸਨਮਾਨਿਤ ਕੀਤਾ ਹੈ ਜਦ ਵੀ ਅਤੇ ਜਿੱਥੇ ਕਿਤੇ ਵੀ ਇਹ ਸਿਖਾਇਆ ਗਿਆ ਹੈ ਅਤੇ ਇਸ ਉੱਤੇ ਵਿਸ਼ਵਾਸ ਕੀਤਾ ਗਿਆ ਹੈ।

ਇਸ ਕਿਤਾਬ ਦੇ ਪਹਿਲੀ ਦੁਹਰਾਈ ਦੇ ਪ੍ਰਿੰਟ ਹੋਣ ਜਾਣ ਤੋਂ ਥੋੜਾ ਪਹਿਲਾਂ ਇਕ ਨਵਾਂ ਦੋਸਤ ਸਾਡੇ ਘਰ ਮਿਲਣ ਲਈ ਆਇਆ ਇੱਕਠੇ ਅਸੀਂ ਇਸ ਹੱਥ ਨਾਲ ਲਿੱਖੀ ਪੁਸਤਕ ਦਾ ਨਿਰੀਖਣ ਕੀਤਾ। ਬੇਸ਼ਕ ਭਾਵਨਾ ਨੂੰ ਇੱਕ ਦਮ ਪ੍ਰਗਟ ਨਹੀਂ ਕੀਤਾ ਗਿਆ, ਉਸ ਨੇ ਆਪਣੇ ਹੰਝੂਆਂ ਤੇ ਜਿਵੇਂ ਅਸੀਂ ਅਧਿਆਇ ਸਤ ਪੜ ਰਹੇ ਸੀ ਕਾਬੂ ਪਾ ਲਿਆ। ਦੋ ਵਾਰ ਅਸੀਂ ਪ੍ਰਾਰਥਨਾ ਵਿਚ ਸਿਰ ਝੁਕਾਉਣ ਲਈ ਅਤੇ ਪਰਮੇਸ਼ਰ ਦੀ ਉਸਤਤ ਕਰਨ ਲਈ ਰੁਕੇ ਜਿਸ ਦੇ ਪਿਆਰ ਬਾਰੇ ਅਸੀਂ ਪੜ੍ਹ ਰਹੇ ਸੀ। ਇੱਕਠੇ ਅਸੀਂ ਦੋਹਾਂ ਨੇ ਪਰਮੇ ਸ਼ਰ ਦਾ ਧੰਨਵਾਦ ਉਸ ਦੇ ਧੀਰਜ, ਉਸ ਦੀ ਦਯਾ ਅਤੇ ਸਾਡੇ ਅਯੋਗ ਜੀਵਨਾਂ ਵਿਚ ਉਸ ਦੇ ਪਿਆਰ ਦੇ ਹਰੇਕ ਪ੍ਰਮਾਣ ਲਈ ਕੀਤਾ। ਜਿਵੇਂ ਅਸੀਂ ਜੀਵਿਤ ਪਰਮੇਸ਼ਰ ਦੀ ਮਹਤੱਵਪੂਰਣ ਉਪਸਥਿਤੀ ਮਹਿਸੂਸ ਕੀਤੀ, ਸਾਨੂੰ ਕੰਬਣੀ ਛਿੜੱ ਪਈ ਅਸੀਂ ਅਨੰਦ ਨਾਲ ਭਰ ਗਏ।

ਉਹ ਦਿਨ ਖਾਸ ਕਰਕੇ, ਮੇਰੇ ਦੋਸਤ ਲਈ ਮਹਤੱਵਪੂਰਣ ਸੀ। ਬਿਲਕੁਲ ਠੀਕ ਇਕ ਸਾਲ ਪਹਿਲਾਂ, ਉਹ ਇੱਕਲਾ ਵਿਲਾਸ ਵਸਤੂਆਂ ਵਾਲੇ ਕਮਰੇ ਵਿਚ ਇੱਕਲਾ ਬੈਠਾ ਸੀ ਜਿਹੜਾ ਉਸ ਨਿਮ੍ਰਤਾ ਵਾਲੀ ਰਿਹਾਇਸ਼ ਤੋਂ ਬਿਲਕੁਲ ਹੀ ਫਰਕ ਸੀ ਜਿੱਥੇ ਅਸੀਂ ਹੁਣ ਬੈਠੇ ਸੀ।

ਪਰ ਉਸ ਵੇਲੇ ਜਿਹੜੀ ਸੁੰਦਰਤਾ ਉਸ ਦੇ ਚਾਰੋਂ ਪਾਸੇ ਸੀ ਉਸ ਨੇ ਉਸ ਨੂੰ ਕੋਈ ਵੀ ਖੁਸ਼ੀ ਨਹੀਂ ਦਿੱਤੀ ਸੀ। ਵਾਸਤਵ ਵਿਚ ਅੰਦਰੂਨੀ ਤੌਰ ਤੇ ਉਹ ਬਹੁਤ ਹੀ ਨਿਰਾਸ਼ਾਜਨਕ ਸਥਿਤੀ ਵਿਚ ਸੀ ਕਿ ਸੱਚਮੁੱਚ ਉਸ ਨੂੰ ਜੀਉਣ ਦੀ ਕੋਈ ਇਛਿਆ ਨਹੀਂ ਸੀ। ਆਪਣੀ ਵਿਅਕਤੀਗਤ ਖੁਸ਼ੀ ਹੀ ਖੋਜ ਵਿਚ ਉਹ ਆਪਣੀ ਮਰਦਾਨਗੀ ਦੀਆਂ ਸਾਰੀਆਂ ਲੋੜਾਂ ਦੀ ਮੌਜ ਵਿਚ ਸੰਤੁਸ਼ਟ ਹੋ ਗਿਆ। ਕੋਕੇਨ ਦੀ ਆਦਤ ਦਾ ਮੁੱਖ ਉਸ ਦੀ ਸਫਲਤਾ ਸੀ। 'ਡਿੱਗੇ ਹੋਏ' ਅਤੇ 'ਵੱਡੇ ਲੋਕ' ਬਰਾਂਡੀ ਅਤੇ ਵਿਸਕੀ ਸਭ ਉਸ ਦੇ ਰੋਜ਼ ਦੇ ਐਖਵਾਈ ਨਾਲ ਚੱਲਦੇ ਜੀਵਨ ਦੇ ਹਿੱਸੇ ਹਨ। ਸਾਲਾਂ ਤਕ ਯੋਰਪ ਵਿਚ ਅਤੇ ਸੰਸਾਰ ਦੇ ਚਾਰ ਚੁਫੇਰੇ, ਅਮੀਰ ਤੋਂ ਵੀ ਅਮੀਰ ਨਾਲ ਉਸ ਦਾ ਭਾਈਵਾਲ ਸੀ, ਪਰ ਉਸ ਰਾਤ ਉਹ ਇੱਕਲਾ ਸੀ। ਆਪਣੇ ਇਕੱਲੇਪਨ ਵਿਚ, ਉਸ ਦੀ ਸਮਰਣ-ਸ਼ਕਤੀ ਨੂੰ ਪ੍ਰਭਾਵਿਤ ਕਰਨ ਵਾਲੀ ਉਦਾਸੀ ਹੁਣ ਬਹੁਤ ਜਿਆਦਾ ਹੋ ਗਈ ਜਿਸ ਦੇ ਬਾਰੇ ਉਸ ਨੇ ਵਿਚਾਰ ਕੀਤਾ ਕਿ ਸੰਸਾਰ ਦੇ ਸਾਰੇ ਹਾਲਾਤਾਂ ਤੋਂ ਡਰਾਉਣੀ ਅਤੇ ਭਿਆਨਕ ਸੀ। ਉਸ ਨੂੰ ਹੋਰ ਕੋਈ ਰਾਸਤਾ ਨਜ਼ਰ ਨਹੀਂ ਆ ਰਿਹਾ ਸੀ।

ਭਿਆਨਕ ਇਰਾਦੇ ਨਾਲ ਉਸ ਨੇ ਆਪਣੀ ਦੋਨਾਲੀ ਪਿਸਤੋਲ ਗੋਲੀਆਂ ਭਰੀਆਂ, ਆਪਣੀ ਕਨਪਟੀ ਤੇ ਰੱਖੀ ਅਤੇ ਬੰਦੂਕ ਦਾ ਕਾਕ ਉੱਚਾ ਕਰ ਕੇ ਘੋੜੇ ਤੇ ਹੱਥ ਰੱਖ ਦਿੱਤਾ, ''ਸਿਰਫ ਇਕ ਇੰਚ ਦੇ 1/8 ਹਿੱਸੇ ਭੁੱਲ ਜਾਣ ਦੀ ਸਥਿੱਤੀ ਤੋਂ ਪਰੇ,'' ਉਸ ਨੇ ਸੋਚਿਆ, ''ਫੇਰ ਮੇਰੀ ਸਾਰੀ ਪੀੜਾ ਹਮੇਸ਼ਾ ਲਈ ਖਤਮ ਹੋ ਜਾਵੇਗੀ।'' ਉਸੇ ਸੈਂਕਡ ਦੇ ਹਿੱਸੇ ਵਿਚ (ਮੇਰੇ ਦੋਸਤ ਨੂੰ ਪਤਾ ਨਾ ਲੱਗਾ ਕਿ ਇਹ ਕਿਵੇਂ ਹੋਇਆ) ਟੈਲੀਵਿਜਨ ਦਾ ਪ੍ਰੋਗਰਾਮ ਬਦਲ ਗਿਆ। ਉਸ ਨੇ ਆਪਣੇ ਆਪ ਨੂੰ ਬਾਈਬਲ ਇਕ ਸੰਦੇਸ਼ ਸੁਣਦੇ ਹੋਏ ਪਾਇਆ ਜਿਹੜਾ ਭਵਿਖ ਦੀ ਆਸ ਬਾਰੇ ਦੱਸ ਰਿਹਾ ਸੀ। ਜਿਵੇਂ ਅੱਧੀ ਰਾਤ ਦਾ ਵੇਲਾ ਹੋਇਆ ਅਤੇ ਉਹ ਬਿਲਕੁਲ ਇੱਕਲਾ ਸੀ, ਉਹ ਫਰਸ਼ ਤੇ ਜੀਵਿਤ ਪਰਮੇਸ਼ਰ ਦੇ ਸਾਹਮਣੇ ਉਸ ਦੀ ਮੁਆਦੀ ਅਤੇ ਦਯਾ ਪਾਉਣ ਲਈ ਝੁੱਕ ਗਿਆ।

ਕਿਉਂਕਿ ਪਰਮੇਸ਼ਰ ਦੀ ਸਾਮਰਥ ਨੇ ਮੇਰੇ ਦੋਸਤ ਦੇ ਜੀਵਨ ਨੂੰ ਬੁਨਿਆਦੀ ਤੌਰ ਤੇ ਬਦਲ ਦਿੱਤਾ, ਜਿਹੜਾ ਮਨੁੱਖ ਮੇਰੇ ਸਾਹਮਣੇ ਸੀ ਉਹ ਉਸ ਦੀ ਬਹੁਤ ਥੋੜੀ ਸਮਾਨਤਾ ਵਿਚ ਸੀ ਜਿਸ ਦਾ ਮੈਂ ਸੰਖੇਪ ਵਿਚ ਵਰਣਨ ਕੀਤਾ ਹੈ। ਉਸ ਦੇ ਜਨਮ ਤੋਂ ਪਹਿਲਾਂ, ਉਸ ਦੇ ਮਾਪਿਆਂ ਨੇ ਉਸ ਲਈ ਪ੍ਰਾਰਥਨਾ

ਕੀਤੀ ਸੀ, ਅਤੇ ਬੇਸ਼ਕ ਜਵਾਨ ਮਨੁੱਖ ਹੋ ਕੇ ਉਸ ਨੇ ਬਾਈਬਲ ਦਾ ਅਧਿਅਨ ਕੀਤਾ ਸੀ, ਉਸ ਨੇ ਇਸ ਦੇ ਸੰਦੇਸ਼ ਨੂੰ ਗੰਭੀਰਤਾ ਨਾਲ ਮਨ੍ਹਾ ਕਰ ਦਿੱਤਾ ਸੀ। ਆਪਣੇ ਧਨ ਦੌਲਤ ਦੀ ਬਹੁਤਾਇਤ ਅਤੇ ਸੁਖ ਸੁਵਿਧਾ ਵਾਲੇ ਸੰਸਾਰ ਵਿਚੋਂ, ਉਸ ਨੇ ਪਰਮੇਸ਼ਰ ਦੇ ਵਿਰੁੱਧ ਬਗਾਵਤ ਕੀਤੀ ਅਤੇ ਅਵਿਸ਼ਵਸਨੀਯ ਨੈਤਿਕ ਅਵਾਰਗੀ ਵਿਚ ਸੰਤੁਸ਼ਟ ਹੋ ਗਿਆ।

ਸਤਾਰਾਂ ਸਾਲ ਪਹਿਲਾਂ ਉਸ ਯਾਦ ਰੱਖਣ ਵਾਲੀ ਰਾਤ ਜਦ ਉਸ ਨੇ ਆਖਿਰਕਾਰ ਪਰਮੇਸ਼ਰ ਨੂੰ ਪਾ ਲਿਆ, ਮੇਰੇ ਦੋਸਤ ਨੇ ਇਕ ਸੁੰਦਰ ਚਮੜੇ ਦੀ ਜਿਲਦ ਵਾਲੀ ਕਿਤਾਬ ਖਰੀਦੀ। ਇਸ ਦੇ ਵਿਚ ਬਿਨਾਂ ਲਿਖੇ ਹੋਏ ਸਫੇ ਦ ਸਫਿਆਂ ਵਾਲੀ ਕਿਤਾਬ ਸੀ। ਉਸ ਦਾ ਇਰਾਦਾ ਉਸ ਨੇ ਜੀਵਨ ਦੀ ਹਰੇ ਕ ਮਹਤੱਵਪੂਰਣ ਘਟਨਾ ਨੂੰ ਉਸ ਦਿਨ ਤੋਂ ਰਿਕਾਰਡ ਕਰਨ ਦੀ ਸੀ। ਅਤੇ ਫੇਰ ਵੀ ਉਨ੍ਹਾਂ ਸਤਾਰਾਂ ਸਾਲਾਂ ਦੇ ਅੰਸਜਮੀ ਅਤੇ ਉਜਾੜੂ ਜੀਵਨ ਵਿਚ ਇਕ ਵਾਰ ਵੀ ਕੋਈ ਸ੍ਰੇਸ਼ਠ ਗੱਲ ਨਹੀਂ ਲਿਖੀ।

ਵਾਸਤਵਿਕਤਾ ਇਹ ਹੈ ਕਿ ਉਨ੍ਹਾਂ ਸਾਰੇ ਸਾਲਾਂ ਵਿਚ ਮੇਰੇ ਦੋਸਤ ਨੇ ਆਪਣੀ ਪਿੱਠ ਜੀਵਿਤ ਪਰਮੇਸ਼ਰ ਵੱਲ ਕਰ ਕੇ ਰੱਖੀ, ਅਤੇ ਇਕ ਬੇਗਾਨਾ ਅਤੇ ਅਸੰਤੋਸ਼ਜਨਕ ਨਕਲੀ ਆਤਮਿਕ ਸਫਰ ਕੀਤਾ। ਇਸ ਨੇ ਇਸ ਨੂੰ ਰੋਜ਼ਾਨਾ ਦੇ ਟੇਵੇ ਅਤੇ ਸੰਗੀਤ ਨਾਲ ਝੂਲਣ ਅਤੇ ਸੰਗੀਤ ਦੇ ਪ੍ਰੋਗ੍ਰਾਮ ਨਾਲ ਝੂਲਣ ਦੀ ਧੁਣ ਨਾਲ ਸ਼ੁਰੂ ਕੀਤਾ। ਛੇਤੀ ਹੀ ਉਹ ਜਾਦੂ-ਭਰੀ ਗੱਲਾਂ ਵਿਚ ਸ਼ਾਮਲ ਹੋ ਗਿਆ। ਛੇਤੀ ਹੀ ਯੋਗ ਨਾਲ ਉਸ ਦੇ ਆਕਰਸ਼ਣ (ਸੰਮੋਹਣ) ਨੇ ਉਹ ਨੂੰ ਹਿੰਦੂ ਫਿਲਾਸਫੀ ਦੇ ਗੰਭੀਰ ਅਧਿਅਨ ਵੱਲ ਪ੍ਰੇਰਿਤ ਕੀਤਾ ਅਤੇ ਆਖਿਰਕਾਰ ਪੂਰਬੀ ਰਹੱਸਵਾਦ ਨਾਲ ਸ਼ਾਮਿਲ ਹੋ ਗਿਆ। ਜੋ ਕੁਝ ਉਸ ਨੇ ਉਨ੍ਹਾਂ ਸਾਲਾਂ ਵਿਚ ਅਨੁਭਵ ਕੀਤਾ ਉਨ੍ਹਾਂ ਵਿਚੋਂ ਉਸ ਭੂਰੇ ਰੰਗ ਦੀ ਚਮੜੇ ਦੀ ਜਿੱਲਦ ਵਾਲੀ ਕਿਤਾਬ (ਨੋਟਬੁੱਕ) ਵਿਚ ਇਕ ਵਾਰ ਵੀ ਕੋਈ ਮਹਤੱਵਪੂਰਣ ਗੱਲ ਰਿਕਾਰਡ ਨਹੀਂ ਕੀਤੀ ਗਈ। ਉਸ ਦੇ ਪੰਨੇ ਖਾਲੀਪਨ ਦੀ ਤੜਪ ਨਾਲ ਸਫੇਦ ਹੀ ਰਹੇ ਜਦ ਤਕ ਉਸ ਯਾਦ ਰੱਖਣ ਵਾਲੀ ਰਾਤ ਵਿਚ ਜਦ ਉਸ ਦੀ ਮੁਲਾਕਾਤ ਪਰਮੇਸ਼ਰ ਨਾਲ ਹੋਈ।

ਉਸ ਰਾਤ ਮੇਰੇ ਦੋਸਤ ਨੇ ਪਹਿਲੀ ਵਾਰ ਕੁਝ ਲਿਖਣ ਯੋਗ ਗੱਲ ਉਸ ਵਿਚ ਰਿਕਾਰਡ ਕੀਤੀ। ਜੋ ਕੁਝ ਉਸ ਨੇ ਲਿਖਿਆ ਉਹ ਪੜ ਕੇ ਮੈਨੂੰ ਖੁਸ਼ੀ ਹੋਈ। ਇਹ ਇਕ ਲੋੜ ਮੰਦ ਮਨੁੱਖ ਦੀ ਪਵਿੱਤਰ ਅਤੇ ਆਤਮਿਕ

ਹਿਸਾਬ ਕਿਤਾਬ ਹੈ ਜਿਹੜਾ ਇਕ ਪਿਆਰ ਕਰਨ ਵਾਲੇ ਪਰਮੇਸ਼ਰ ਰਾਹੀਂ ਬਚਾਇਆ ਗਿਆ ਸੀ। ਇਹ ਵਾਸਤਵ ਵਿਚ ਬਹੁਤ ਸੁੰਦਰ ਸੀ। ਆਪਣੀ ਮਹਾਨ ਦਯਾ ਵਿਚ, ਪਰਮੇਸ਼ਰ ਨੇ ਉਸ ਨੂੰ ਨਿਰਾਸ਼ਾਜਨਕ ਸਥਿਤੀ ਅਤੇ ਮੌਤ ਤੋਂ ਆਪਣੀ ਨਾ ਬਦਲਣ ਵਾਲੀ ਸਚਾਈ ਅਤੇ ਹੈਰਾਨ ਕਰਨ ਵਾਲੇ ਪਿਆਰ ਦੀ ਰੋਸ਼ਨੀ ਰਾਹੀਂ ਛੁਟਕਾਰਾ ਦਿੱਤਾ।

ਕਿਉਂਕਿ ਇਹ ਮਨੁੱਖ ਦੀ ਆਤਮਿਕ ਉਲਝਣ ਹੈ ਜਿਵੇਂ ਮੇਰੇ ਦੋਸਤ ਦਾ ਅੰਨਾਪਨ ਕਿ ਪਰਮੇਸ਼ਰ ਨੇ ਆਪਣੇ ਆਪ ਨੂੰ ਇਕ ਕਿਤਾਬ ਵਿਚ ਜਿਹੜੀ ਬਾਈਬਲ ਕਹਾਉਂਦੀ ਹੈ ਪ੍ਰਗਟ ਕੀਤਾ ਹੈ। ਜੇ ਤੁਸੀਂ ਬਾਈਬਲ, ਜਿਹੜੀ ਕੇ ਵਲ ਇਕੋ ਭਰੋਸੇਯੋਗ ਆਤਮਿਕ ਅਗਵਾਈ ਕਰਨ ਵਾਲੀ ਹੈ ਤੋਂ ਮੂੰਹ ਮੋੜੋ ਤਾਂ, ਤੁਸੀਂ ਆਪਣੇ ਆਪ ਨੂੰ ਭਰਮ ਅਤੇ ਗਲਤ ਵਿਚਾਰ ਵਿਚ ਬੰਦ ਕਰ ਲਵੋਗੇ। ਪਰ ਜੇ, ਪਰਮੇਸ਼ਰ ਲਈ ਆਪਣੀ ਖੋਜ ਵਿਚ, ਸਿੱਖਣ ਵਾਲੇ ਮਨ ਨਾਲ ਬਾਈਬਲ ਕੋਲ ਆਉ ਤਾਂ ਜਿਸ ਆਤਮਿਕ ਜੋਤੀ ਅਤੇ ਅਗਵਾਈ ਦੀ ਤੁਹਾਨੂੰ ਲੋੜ ਹੈ ਉਹ ਸਭ ਤੁਹਾਨੂੰ ਉਸ ਵਿਚ ਮਿਲੇਗਾ।

ਸਿਰਫ ਪਰਮੇਸ਼ਰ ਦੇ ਵਚਨ ਰਾਹੀਂ ਅਸੀਂ ਪਰਮੇਸ਼ਰ ਦੀ ਸਪਸ਼ਟ ਜਾਣਕਾਰੀ ਪਾ ਸਕਦੇ ਹਾਂ, ਜਿਵੇਂ ਉਸ ਨੇ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਇਸ ਕਿਤਾਬ ਵਿਚ, ਸਾਨੂੰ ਆਪਣੇ ਆਪ ਸਚਾਈ ਦੀ ਪਰਮੇਸ਼ਰ ਦੇ ਵਚਨ ਦੀ ਸੰਸਾਰ ਦੀ ਜੋਤੀ ਦੀ ਜਾਣ ਪਛਾਣ ਕਰਵਾਈ ਗਈ ਹੈ।

ਪ੍ਰਭੂ ਤੇਰਾ ਵਚਨ ਸਥਾਈ ਹੈ
ਅਤੇ ਸਾਡੇ ਕਦਮਾਂ ਦੀ ਅਗਵਾਈ ਕਰਦਾ ਹੈ
ਜਿਹੜਾ ਇਸ ਦੀ ਸਚਾਈ ਉੱਤੇ ਵਿਸ਼ਵਾਸ ਕਰਦਾ ਹੈ
ਜੋਤੀ ਅਤੇ ਅਨੰਦ ਪ੍ਰਾਪਤ ਕਰਦਾ ਹੈ।

## ਵਿਚਾਰ ਕਰਨ ਲਈ ਠਹਿਰੋ

1. ਕੀ ਕੋਈ ਹੋਰ ਹੱਥ ਦੀਆਂ ਲਿਖਤਾਂ ਜਾਂ 'ਪਵਿੱਤਰ ਲਿਖਤਾਂ' ਹਨ ਜਿੰਨਾਂ ਦੀ ਤੁਲਨਾ ਬਾਈਬਲ ਨਾਲ ਭਵਿੱਖ ਦੀਆਂ ਘਟਨਾਵਾਂ ਦੀ ਭਵਿੱਖਬਾਣੀ ਦੀ ਯਥਾਰਥਤਾ ਨਾਲ ਕੀਤੀ ਜਾ ਸਕਦੀ ਹੈ?
2. ਕੀ ਤੁਸੀਂ ਵਿਅਕਤੀਗਤ ਰੂਪ ਨਾਲ ਲੋਕਾਂ ਨੂੰ ਜਾਣਦੇ ਹੋ ਜਿਨਾਂ ਦੇ ਜੀਵਨ ਬਦਲ ਗਏ ਹਨ ਕਿਉਂ ਕਿ ਉਨ੍ਹਾਂ ਨੇ ਬਾਈਬਲ ਦੇ ਸੰਦੇਸ਼ ਉੱਤੇ ਧਿਆਨ ਦਿੱਤਾ ਹੈ?
3. ਕੀ ਤੁਸੀਂ ਕਦੇ ਬਾਈਬਲ ਦੀ ਸਿੱਖਿਆਵਾਂ ਨੂੰ ਤੁੱਛ ਠਹਿਰਾਇਆ ਹੈ ਜਦਕਿ ਉਸੇ ਸਮੇਂ ਤੁਸੀਂ ਨਿਸ਼ਕਪਟ ਮਨ ਨਾਲ ਇਸ ਨੂੰ ਪੜਨ ਵਿਚ ਲਾਪਰਵਾਹੀ ਕੀਤੀ ਹੈ?

ਸੁਰਗ ਅਤੇ ਧਰਤੀ ਦੀ ਸਮਸਿਆਵਾਂ ਬੇਸ਼ਕ ਉਨ੍ਹਾਂ ਨੇ ਇੱਕਠੇ ਅਤੇ ਇਕੋ ਵਾਰ ਸਾਡਾ ਵਿਰੋਧ ਕਰਨਾ ਸੀ, ਉਨ੍ਹਾਂ ਦੀ ਤੁਲਨਾ ਪਰਮੇਸ਼ਰ ਦੀ ਨਾ ਦੱਬਣ ਯੋਗ ਸਮਸਿਆ ਨਾਲ ਨਹੀਂ ਹੋਵੇਗੀ : ਕਿ ਉਹ ਹੈ ; ਉਹ ਕਿਸ ਦੇ ਵਰਗਾ ਹੈ ; ਅਤੇ ਸਾਨੂੰ ਨੈਤਿਕ ਵਿਅਕਤੀ ਹੁੰਦੇ ਹੋਏ ਉਸ ਬਾਰੇ ਵੀ ਕਰਨਾ ਚਾਹੀਦਾ ਹੈ।

ਏ.ਡਬਲਿਊ.ਟੋਜ਼ਰ

# ਅਧਿਆਇ 3

# ਪਰਮੇਸ਼ਰ ਕਿਹ ਦੇ ਵਰਗਾ ਹੈ?

ਜੀਵਨ ਵਿਚ ਕਿਸੇ ਵੇਲੇ ਬਹੁਤ ਲੋਕਾਂ ਨੇ ਪੁੱਛਿਆ ਹੋਵੇਗਾ ''ਪਰਮੇਸ਼ਰ ਕਿਹਦੇ ਵਰਗਾ ਹੈ?'' ਬੇਸ਼ਕ ਪਰਮੇਸ਼ਰ ਨੇ ਇਹ ਪ੍ਰਸ਼ਨ ਦਾ ਜਵਾਬ ਦਿੱਤਾ ਹੋਇਆ ਹੈ, ਫੇਰ ਵੀ ਹੋਰ ਬਥੇਰੇ ਹਨ ਜਿਹੜੇ ਆਪਣੀਆਂ ਕਲਪਨਾ ਅਤੇ ਆਪਣੇ ਅਨੁਮਾਨਾਂ ਤੇ ਵਧੇਰੇ ਕਰਕੇ ਭਰੋਸਾ ਰੱਖਣਗੇ ਬਜਾਏ ਇਸ ਦੇ ਕਿ ਬਾਈਬਲ ਵਿਚ ਪੜ੍ਹਨ ਕਿ ਪਰਮੇਸ਼ਰ ਆਪਣੇ ਬਾਰੇ ਕੀ ਆਖਦਾ ਹੈ।

ਇਹ ਲੋਕ ਵਾਸਤਵ ਵਿਚ ਬਾਈਬਲ ਦੇ ਇਕ ਮਹਤੱਵਪੂਰਣ ਕਥਨ ਨੂੰ ਉਲਟਾ ਕਰਦੇ ਹਨ। ਜਦਕਿ ਪਰਮੇਸ਼ਰ ਆਖਦਾ ਹੈ: ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਬਣਾਈਏ (ਉਤਪਤ 1:26), ਉਹ ਆਖਦੇ ਹਨ: ''ਅਸੀਂ ਪਰਮੇਸ਼ਰ ਨੂੰ ਆਪਣੇ ਸਰੂਪ ਉੱਤੇ ਬਣਾਈਏ।'' ਅਤੇ ਇਸ ਲਈ ਉਨ੍ਹਾਂ ਨੇ ਅਬਨਾਸ਼ੀ ਪਰਮੇਸ਼ਰ ਦੇ ਪਰਤਾਪ ਨੂੰ ਨਾਸਵਾਨ ਮਨੁੱਖ ਦੇ ਰੂਪ ਦੀ ਮੂਰਤ ਨਾਲ ਵਟਾ ਦਿੱਤਾ (ਰੋਮੀਆਂ 1:23)। ਹਰੇਕ 'ਦੇਵਤਾ' ਜਿਹੜਾ ਮਨੁੱਖ ਰਾਹੀਂ ਗਰਭ ਵਿਚ ਠਹਿਰਾਇਆ ਉਹ ਪੂਰੀ ਤਰਾਂ ਨਾਲ ਸ਼ਕਤੀਹੀਣ ਹੈ ਅਤੇ ਕਦੇ ਕਦੇ ਉਨ੍ਹਾਂ ਹੀ ਬੇਢੰਗਾ।

ਇਸ ਵਿਚ ਕੋਈ ਗੱਲ ਨਹੀਂ ਕਿ ਵਿਅਕਤੀ ਭਾਵੇਂ ਕਿੰਨਾਂ ਹੀ ਚਤੁੱਰ ਕਿਉਂ ਨਾ ਹੋਵੇ, ਉਹ ਕਦੇ ਵੀ ਜੀਵਿਤ ਪਰਮੇਸ਼ਰ ਨੂੰ ਸੰਸਾਰਿਕ ਬੁੱਧੀਮਾਨੀ ਨਾਲ ਨਹੀਂ ਖੋਜ ਸਕਦਾ ... ਸੰਸਾਰ ਨੇ ਆਪਣੀ ਬੁੱਧੀ ਦੇ ਰਾਹੀਂ ਪਰਮੇਸ਼ਰ ਨੂੰ ਨਾ ਜਾਣਿਆ (1ਕੁਰਿੰਥੀਆਂ 1:21)। ਜੇ ਪਰਮੇਸ਼ਰ ਮਨੁੱਖ ਦੀ ਬੁੱਧੀਮਤਾ ਨਾਲ ਖੋਜਿਆ ਜਾ ਸਕਦਾ, ਤਾਂ ਉਹ ਪਰਮੇਸ਼ਰ ਹੋਣ ਲਈ ਬਹੁਤ ਛੋਟਾ ਹੋਵੇਗਾ। ਸਿਰਫ ਇਹੋ ਹੀ ਨਹੀਂ, ਪਰ ਜੇ ਪਰਮੇਸ਼ਰ ਨੂੰ ਲੱਭਣ ਲਈ ਮਨੁੱਖੀ ਬੁੱਧੀਮਾਨੀ ਦੀ ਲੋੜ ਹੁੰਦੀ, ਤਾਂ ਉਹ ਲੋਕ ਜਿਹੜੇ ਉਤਨੇ ਬੁੱਧੀਮਾਨ ਨਹੀਂ ਹਨ ਉਹ ਉਸ ਲਈ ਆਪਣੀ ਖੋਜ ਵਿੱਚ ਘਾਟੇ ਵਿਚ ਹੀ ਰਹਿੰਦੇ। ਅਤੇ ਸਥਿਤੀ ਇਹੋ (ਪਰਮੇਸ਼ਰ) ਜਿਹੀ ਨਹੀਂ ਹੈ।

ਇਸ ਦੇ ਵਿਪਰੀਤ, ਆਤਮਿਕ ਬੁੱਧੀ ਹਰੇਕ ਲਈ ਉਪਲਬਧ ਹੈ। ਜਿੰਨ੍ਹੀ ਇਹ ਇਕ ''ਅਫਰੀਕਨ ਮੂੜ੍ਹ ਔਰਤ'' ਲਈ ਉਪਲਬਧ ਹੈ ਉਤਨੀ ਹੀ ਇਕ

ਯੂਨੀਵਰਸਿਟੀ ਦੇ ਪ੍ਰੋਫੈਸਰ ਲਈ ਵੀ ਹੈ, ਕਿਉਂ ਕਿ ਆਤਮਿਕ ਬੁੱਧੀ ਪੜ੍ਹਣ ਪੜ੍ਹਾਣ ਸੰਬੰਧੀ ਪ੍ਰਕ੍ਰਿਆ ਰਾਹੀਂ ਪ੍ਰਾਪਤ ਨਹੀਂ ਕੀਤੀ ਜਾਂਦੀ। ਇਹ ਉਨ੍ਹਾਂ ਸਾਰਿਆਂ ਲੋਕਾਂ ਲਈ ਉਪਲਬਧ ਹੈ ਜਿਹੜੇ ਇਹ ਮੰਨ ਲੈਣ ਲਈ ਬਹੁਤ ਨਿਮ੍ਰ ਹਨ ਕਿ ਪਰਮੇ ਸ਼ਰ ਲਈ ਖੋਜ ਵਿਚ ਉਨ੍ਹਾਂ ਨੂੰ ਪਰਮੇਸ਼ਰ ਦੀ ਸਹਾਇਤਾ ਦੀ ਲੋੜ ਹੈ।

ਪਰ ਜੇ ਤੁਹਾਡੇ ਵਿਚੋਂ ਕਿਸੇ ਨੂੰ ਬੁੱਧੀ ਦਾ ਘਾਟਾ ਹੋਵੇ, ਤਾਂ ਉ_ ਹ ਪਰਮੇਸ਼ਰ ਕੋਲੋਂ ਮੰਗੇ ਜਿਹੜਾ ਸਭਨਾਂ ਨੂੰ ਖੁਲ੍ਹੇ ਦਿਲ ਨਾਲ ਬਿਨਾਂ ਉਲਾਂਭੇ ਦੇ ਦਿੰਦਾ ਹੈ (ਯਾਕੂਬ 1:5)।

ਇਸ ਤਰਾਂ ਦੀ ਬੁੱਧੀ ਸੰਸਾਰਿਕ ਨਹੀਂ ਪਰ ਸੁਰਗੀ ਹੈ। ਇਹ ਉਹ ਗਿਆਨ ਹੈ ਜਿਹ ਨੂੰ ਇਸ ਜੁਗ ਦੇ ਹਾਕਮਾਂ ਵਿਚੋਂ (ਅਰਥਾਤ, ਉਹ ਹਾਕਮ ਜਿਹੜੇ ਇਸ ਸੰਸਾਰ ਦੀ ਪ੍ਰਣਾਲੀ ਰਾਹੀਂ ਕਾਰਵਾਈ ਕਰਦੇ ਹਨ। ਕਿਸੇ ਨੇ ਨਾ ਜਾਣਿਆ ... ਜਗਤ ਦਾ ਆਤਮਾ ਨਹੀਂ ਸਗੋਂ ਉਹ ਆਤਮਾ ਜਿਹੜਾ ਪਰਮੇਸ਼ਰ ਤੋਂ ਹੈ, ਤਾਂ ਜੋ ਸਾਨੂੰ ਬਖਸ਼ੇ ਹਨ (1ਕੁਰਿੰਥੀਆਂ 2:8,12)।

ਬਾਈਬਲ ਸਿਰਫ ਇਕ ਧਾਰਮਿਕ ਸ਼ਾਸਤ੍ਰਾਰਥ ਦਾ ਵਿਸ਼ਾ ਨਹੀਂ; ਇਹ ਮੁੱਖ ਤੌਰ ਤੇ ਉਹ ਰਿਕਾਰਡ ਹੈ ਕਿ ਕਿਵੇਂ ਪਰਮੇਸ਼ਰ ਨੇ ਆਪਣੇ ਆਪ ਨੂੰ ਮਨੁੱਖ ਤੇ ਪ੍ਰਗਟ ਕੀਤਾ। ਅਤੇ ਆਤਮਿਕ ਬੁੱਧ ਤੁਹਾਨੂੰ ਕੇਵਲ ਪਰਮੇਸ਼ਰ ਦੇ ਸਕਦਾ ਹੈ ਤਾਂ ਜੋ ਤੁਸੀਂ ਜਾਣ ਲਵੋ ਕਿ ਉਹ ਕੌਣ ਹੈ ਅਤੇ ਉਹ ਤੁਹਾਡੇ ਜੀਵਨ ਵਿਚ ਕੀ ਕਰਨਾ ਚਾਹੁੰਦਾ ਹੈ।

**ਜੇ ਤੁਸੀਂ ਉਸ ਤੋਂ ਮੰਗੋ, ਤਾਂ ਪਰਮੇਸ਼ਰ ਆਪਣੇ ਆਪ ਨੂੰ ਆਪਣੇ ਪਵਿੱਤਰ ਵਚਨ ਦੇ ਰਾਹੀਂ ਤੁਹਾਡੇ ਉੱਤੇ ਜ਼ਾਹਿਰ ਕਰੇਗਾ।**

ਸਾਡੀ ਯਾਤਰਾਵਾਂ ਵਿਚ ਅਸੀਂ ਬਹੁਤ ਜਿਆਦਾ ਆਤਮਿਕ ਰੂਚੀ ਅਤੇ ਅੰਤਰ ਦ੍ਰਿਸ਼ਟੀ ਜਿਸ ਬਾਰੇ ਕੁਝ ਵਿਚਾਰ ਕਰ ਸਕਦੇ ਹਨ ਜਿਵੇਂ ਵਿਰਲੀ ਥਾਵਾਂ ਤੇ ਅਤੇ ਭਿੰਨ ਤਰਾਂ ਦੇ ਲੋਕਾਂ ਦੇ ਵਿਚ ਪ੍ਰਾਪਤ ਕੀਤੀ ਹੈ। ਉਦਾਹਰਣ ਦੇ ਤੌਰ ਤੇ, ਇਕ ਦਿਨ ਕੀਨੀਆਂ ਦੀ ਝਾੜੀ ਵਿਚ ਅਸੀਂ ਅਫਰੀਕਾ ਦੇ ਜਵਾਨਾਂ ਦੇ ਸਮੂਹ ਨਾਲ ਮਿਲੇ ਜਿਹੜੇ ਸਿਰਫ ਆਪਣੇ ਵਿਸ਼ਵਾਸ ਬਾਰੇ ਵੰਡਣ ਅਤੇ ਪਰਮੇਸ਼ਰ ਦੀਆਂ ਚੀਜ਼ਾਂ ਦੇ ਬਾਰੇ ਜਿਆਦਾ ਜਾਣਨ ਵਿਚ ਦਿਲਚਸਪੀ ਰੱਖਦੇ ਸਨ।

ਇਕ ਲੰਬੇ, ਵਿਅਸਤ ਦਿਨ ਨੂੰ ਖਤਮ ਕਰਨ ਲਈ, ਛੇਤੀ ਹੀ ਸੂਰਜ ਖਿਤਿਜ ਦੇ ਨੀਚੇ ਛੁੱਪ ਗਿਆ। ਜਿਵੇਂ ਮੈਂ ਆਰਾਮ ਕਰਨ ਲਈ ਕੀਨੀਆ ਦੀ ਇਕ ਧੂੜ ਭਰੀ ਗਲੀ ਦੇ ਕਿਨਾਰੇ ਇੱਕ ਚਟਾਨ ਤੇ ਬੈਠਾ, ਮੈਂ ਝਾੜੀ ਵਿਚ ਕੁਝ ਚਲਣ

ਫਿਰਣ ਦੀ ਆਵਾਜ਼ ਸੁਣੀ। ਮੈਂ ਵੇਖਣ ਲਈ ਮੁੜਿਆ ਅਤੇ ਪੂਰਣ ਚੰਨ ਦੀ ਮਧੱਮ ਰੋਸ਼ਨੀ ਵਿਚ ਇਕ ਅਫਰੀਕਾ ਦੇ ਮੁੰਡੇ ਦੀ ਵੱਡੀ ਵੱਡੀ ਕਾਲੀਆਂ ਅੱਖਾਂ ਨੂੰ ਵੇ ਖਿਆ। ਛੇਤੀ ਹੀ ਇਹ 10 ਸਾਲ ਦਾ ਮੁੰਡਾ ਚਟਾਨ ਉੱਤੇ ਮੇਰੇ ਕੋਲ ਬੈਠ ਗਿਆ; ਅਸੀਂ ਛੇਤੀ ਹੀ ਚੰਗੇ ਦੋਸਤ ਬਣ ਗਏ। ਦੂਜੇ ਮੁੰਡਿਆਂ ਨੇ ਸਾਡੀਆਂ ਅਵਾਜ਼ਾਂ ਸੁਣੀਆਂ ਅਤੇ ਏਧਰੋਂ ਉੱਧਰੋਂ ਨਿੱਕਲ ਕੇ ਸਾਡੇ ਕੋਲ ਸੁਣਨ ਲਈ ਆਉਣ ਲੱਗੇ ਕਿ ਅਸੀਂ ਕੀ ਗੱਲਾਂ ਕਰ ਰਹੇ ਸੀ। ਬਾਈਬਲ ਬਾਰੇ ਉਨ੍ਹਾਂ ਦੀ ਜਾਣਕਾਰੀ ਨੇ ਮੈਨੂੰ ਬਹੁਤ ਜਿਆਦਾ ਪ੍ਰਭਾਵਿਤ ਕੀਤਾ।

''ਪਰਮੇਸ਼ਰ ਨੇ ਮੂਸਾ ਨੂੰ ਆਪਣਾ ਚਿਹਰਾ ਕਿਉਂ ਦੇਖਣ ਨਹੀਂ ਦਿੱਤਾ?'' ਮੇਰੇ ਛੋਟੇ ਦੋਸਤ ਨੇ ਪੁੱਛਿਆ।

ਅਜਿਹੇ ਪ੍ਰਸ਼ਨ ਤੋਂ ਆਕਰਸ਼ਿਤ ਹੋ ਕੇ, ਮੈਂ ਜਵਾਬ ਦਿੰਦੇ ਹੋਏ ਛੋਟੇ ਜ਼ੋਏਲ ਨੂੰ ਪੁੱਛਿਆ ਕੀ ਉਹ ਮੂਸਾ ਦੀ ਪ੍ਰਾਰਥਨਾ ਯਾਦ ਕਰ ਸਕਦਾ ਹੈ ਇਸ ਤੋਂ ਪਹਿਲਾਂ ਕਿ ਪਰਮੇਸ਼ਰ ਨੇ ਉਸ ਨੂੰ ਆਖਿਆ, ਤੂੰ ਮੇਰੀ ਪਿੱਠ ਵੇਖੇਂਗਾ ਪਰ ਮੇਰਾ ਮੂੰਹ ਨਾ ਵੇਖੇਗਾ (ਕੂਚ 33:23)।

ਜ਼ੈਡ ਮੂਸਾ ਨੂੰ ਪਤਾ ਨਹੀਂ ਸੀ ਕਿ ਪਰਮੇਸ਼ਰ ਦੀ ਮਹਿਮਾ ਨੂੰ ਵੇਖਣਾ ਕਿੰਨਾ ਜ਼ਬਰਦਸਤ ਹੋਵੇਗਾ। ਫੇਰ ਵੀ, ਕਿਉਂਕਿ ਪਰਮੇਸ਼ਰ ਆਪਣੇ ਆਪ ਨੂੰ ਪ੍ਰਗਟ ਕਰਨ ਵਾਲਾ ਪਰਮੇਸ਼ਰ ਹੈ ਜਿਹੜਾ ਮਨੁੱਖ ਨੂੰ ਆਪਣੇ ਵੱਲ ਖਿੱਚਣਾ ਚਾਹੁੰਦਾ ਹੈ, ਉਸ ਨੇ ਆਪਣੇ ਆਪ ਨੂੰ ਉੰਨ੍ਹਾਂ ਵਿਖਾਇਆ ਜਿੰਨਾਂ ਨਬੀ ਬਰਦਾਸ਼ਤ ਕਰਨ ਦੇ ਯੋਗ ਸੀ। ਜੇ ਪਰਮੇਸ਼ਰ ਨੇ ਆਪਣੇ ਆਪ ਉਸ ਨੂੰ ਜਿਆਦਾ ਵਿਖਾਇਆ ਹੁੰਦਾ, ਤਾਂ ਮੂਸਾ ਉਸ ਦੀ ਉਪਸਥਿਤੀ ਦੀ ਚਮਕ ਰਾਹੀਂ ਪੂਰੀ ਤਰਾਂ ਨਾਲ ਨਸ਼ਟ ਹੋ ਗਿਆ ਹੁੰਦਾ। ਬੇਸ਼ਕ ਪਰਮੇਸ਼ਰ ਨੇ ਮੂਸਾ ਤੋਂ ਆਪਣੀ ਮਹਿਮਾ ਦੀ ਪਰਿਪੂਰਣਤਾ ਛੁਪਾਈ, ਫੇਰ ਵੀ ਜਦ ਪਰਮੇਸ਼ਰ ਮੂਸਾ ਦੇ ਅਗਿਉਂ ਜਿੱਥੇ ਮੂਸਾ ਸੀ ਲੰਘਿਆ *ਉਸ ਵੇਲੇ ਮੂਸਾ ਨੂੰ ਇਕ ਚਟਾਨ ਦੀ ਦਰਾਰ ਵਿਚ ਸ਼ਰਨ ਦੇਣੀ ਪਈ* (ਕੂਚ 33:23)।

ਭੂਮੱਧ ਰੇਖਾ ਤੇ ਰਹਿੰਦੇ ਹੋਏ, ਮੇਰੇ ਛੋਟੇ ਦੋਸਤ ਇਸ ਗੱਲ ਤੋਂ ਜਾਣੂ ਸਨ ਕਿ ਦੋਪਿਹਰ ਦੇ ਵੇਲੇ ਸੂਰਜ ਦੀ ਚਮਕਦੀ ਹੋਈ ਰੋਸ਼ਨੀ ਵੱਲ ਆਪਣੀ ਅੱਖਾਂ ਨੂੰ ਢੱਕੇ ਬਿਨਾਂ ਨਹੀਂ ਵੇਖ ਸਕਦੇ ਸਨ। ਉਹ ਇਹ ਵੀ ਜਾਣਦੇ ਸਨ ਕਿ ਪ੍ਰਕਾਸ਼ਹੀਣ ਰਾਤ ਵਿਚ ਪਤੰਗੇ ਰੋਸ਼ਨੀ ਦੇ ਸਰੋਤ ਦੇ ਜਿਆਦਾ ਨੇੜੇ ਚੱਲੇ ਜਾਣ ਤਾਂ ਕੀ ਹੁੰਦਾ ਹੈ, ਉਨ੍ਹਾਂ ਦਾ ਇੱਕਠਿਆਂ ਦਾ ਜਵਾਬ ਸੀ : ''ਉਹ ਮਰ ਜਾਂਦੇ ਹਨ।'' ਉਹ ਪ੍ਰਗਟ ਰੂਪ ਨਾਲ ਰੋਸ਼ਨੀ ਦੇ ਜਿਆਦਾ ਪ੍ਰਗਟੀਕਰਣ ਦੇ ਖਤਰੇ ਨੂੰ ਜਾਣਦੇ ਸਨ।

ਮੈਂ ਇਕ ਹੋਰ ਉਦਾਹਰਣ ਸੋਚਣ ਦੀ ਕੋਸ਼ਿਸ਼ ਕੀਤੀ ਜਿਹੜਾ ਉਨ੍ਹਾਂ ਦੇ ਪ੍ਰਸ਼ਨ ਦੇ ਜਵਾਬ ਨੂੰ ਸਮਝਣ ਵਿਚ ਉਨ੍ਹਾਂ ਦੀ ਸਹਾਇਤਾ ਕਰ ਸਕੇ। ਮੇਰੇ ਸਾਰੇ ਨਵੇਂ ਛੋਟੇ ਦੋਸਤ ਜਾਣਦੇ ਲਪੇਟਣ ਵਾਲੇ ਕਪੜਿਆ ਦੇ ਬੈਂਡ ਬਾਰੇ ਜਾਣਦੇ ਸਨ ਜਿਨ੍ਹਾਂ ਨਾਲ ਉਨ੍ਹਾਂ ਦੇ ਛੋਟੇ ਭਰਾਵਾਂ ਅਤੇ ਭੈਣਾ ਨੂੰ ਉਨ੍ਹਾਂ ਦੀ ਮਾਵਾਂ ਦੇ ਦਿਲ ਦੇ ਨੇੜੇ ਪਿਆਰ ਅਤੇ ਦਿਆਲੂਤਾ ਦੇ ਲਈ ਕਪੜੇ ਨਾਲ ਲਪੇਟ ਕੇ ਸੁਰੱਖਿਅਤ ਰੱਖਿਆ ਜਾਂਦਾ ਸੀ। ਫੇਰ ਮੈਂ ਉਨ੍ਹਾਂ ਨੂੰ ਲਪੇਟਣ ਵਾਲੇ ਕਪੜਿਆਂ ਬਾਰੇ ਦੱਸਿਆ (ਅੱਯੂਬ 38:9) ਜਿਸ ਨਾਲ ਪਰਮੇਸ਼ਰ ਨੇ ਧਰਤੀ ਨੂੰ ਚਾਰੋਂ ਪਾਸਿਓ ਲਪੇਟ ਰੱਖਿਆ ਹੈ।

(ਸਾਇੰਸਦਾਨ ਇਸ ਨੂੰ ਉਜ਼ੋਨ ਦੀ ਪਰਤ ਆਖਦੇ ਹਨ। ਇਹ ਨਾਜ਼ੁਕ ਐਲੋਟਰੋਪਿਕ ਆਕਸੀਜਨ ਦਾ ਕੰਬਲ ਸੂਰਜ ਤੋਂ ਆਉਂਦੀਆਂ ਨੁਕਸਾਨ ਦੇਣ ਵਾਲੀਆਂ ਅਲਟਰਾਵਾਈਲੇਟ ਦੀਆਂ ਕਿਰਨਾਂ ਨੂੰ ਛਾਣ ਦਿੰਦਾ ਹੈ। ਸੂਰਜ ਤੋਂ ਬਗੈਰ ਧਰਤੀ ਦੇ ਗ੍ਰਹਿ ਉੱਤੇ, ਬੇਸ਼ਕ, ਕੋਈ ਵੀ ਜੀਵਨ ਨਾ ਹੋਵੇਗਾ, ਪਰ ਪਰਮੇਸ਼ਰ ਦੀ ਦਯਾਲੂਤਾ ਵਾਲੀ ਦੇਖਭਾਲ ਸਾਨੂੰ ਸੂਰਜ ਦੀ ਊਰਜਾ ਦੀ ਜਿਆਦਾ ਖੁਰਾਕ ਤੋਂ ਅਤੇ ਇਸ ਦੇ ਕੈਂਸਰ ਕਰਨ ਵਾਲੇ ਪ੍ਰਭਾਉ ਤੋਂ ਸੁਰੱਖਿਅਤ ਰੱਖਿਆ ਹੈ)।

ਮੇਰੇ ਛੋਟੇ ਮਿੱਤਰ ਖਾਸ ਤੌਰ ਤੇ ਪਰਮੇਸ਼ਰ ਦੇ ਲਪੇਟਣ ਵਾਲੇ ਬੈਂਡ ਵਿਚ ਖਾਸ ਕਰਕੇ ਦਿਲਚਸਪੀ ਲੈ ਰਹੇ ਸਨ ਜਿਵੇਂ ਸਾਧਾਰਣ ਸ਼ਬਦਾਂ ਵਿਚ ਮੈਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਇਹ ਸਾਨੂੰ ਭਿਆਨਕ ਜਲਣ ਤੋਂ ਸੁਰੱਖਿਅਤ ਰੱਖਦਾ ਹੈ। ਮੈਂ ਨਹੀਂ ਜਾਣਦਾ ਕਿ ਉਨ੍ਹਾਂ ਨੇ ਉਹ ਸਭ ਸਮਝ ਲਿਆ ਜੋ ਕੁਝ ਮੈਂ ਆਖਿਆ, ਪਰ ਉਨ੍ਹਾਂ ਦੇ ਛੋਟੇ ਦਿਲਾਂ ਨੇ ਕੋਮਲਤਾ ਨਾਲ ਪਰਮੇਸ਼ਰ ਦੇ ਪਿਆਰ ਅਤੇ ਮਹਿਮਾ ਲਈ ਪ੍ਰਤੀਕਰਮ ਵਿਖਾਇਆ ਅਤੇ ਅਸੀਂ ਉਹ ਕੀਮਤੀ ਸਮਾਂ ਇੱਕਠੇ ਪ੍ਰਾਰਥਨਾ ਕਰਨ ਵਿਚ ਬਿਤਾਇਆ। ਉਹ ਵਿਅਕਤੀਗਤ ਰੂਪ ਨਾਲ ਪ੍ਰਗਟ ਤੌਰ ਤੇ ਜਾਣਦੇ ਸੀ, ਕਿ ਉਨ੍ਹਾਂ ਨੇ ਉਸੇ ਸੁਰੱਖਿਆ ਦਾ ਅਨੰਦ ਉਠਾਇਆ ਜਿਹੜਾ ਮੂਸਾ ਨੂੰ ਪਰਮੇਸ਼ਰ ਲਈ ਉਸ ਦੀ ਖੋਜ ਦੇ ਸਮੇਂ ਦਿੱਤਾ ਗਿਆ ਸੀ। ਅਤੇ ਸਾਡੀ ਆਪਣੀ ਸਮਝ ਦੇ ਆਧਾਰ ਤੇ ਕਿ ਪਰਮੇਸ਼ਰ ਕਿਹ ਦੇ ਵਰਗਾ ਹੈ, ਬਾਈਬਲ ਸਾਨੂੰ ਦੱਸਦੀ ਹੈ ਕਿ ''ਯਹੋਵਾਹ ਸਾਡਾ ਪਰਮੇਸ਼ਰ ਇਕੋ ਹੀ ਯਹੋਵਾਹ ਹੈ'' (ਬਿਵਸਥਾ ਸਾਰ 6:4)। ਉਸ ਦੇ ਵਿਅਕਤੀਤਵ ਦੀ ਏਕਤਾ ਬੁਨਿਯਾਦੀ ਸਚਿਆਈ ਹੈ।

ਪਰ, ਸਾਨੂੰ ਪੂਰੀ ਤਰਾਂ ਸਮਝਾਉਣ ਲਈ ਕਿ ਉਹ ਕਿਹ ਦੇ ਵਰਗਾ ਹੈ, ਪਰਮੇਸ਼ਰ ਨੇ ਸਾਨੂੰ ਆਪਣੇ ਨਾਮ ਵੀ ਦੱਸੇ ਹਨ।

ਬਾਈਬਲ ਵਿਚ, ਨਾਸ ਹਮੇਸ਼ਾ ਮਹਤੱਵਪੂਰਣ ਗਿਣੇ ਗਏ ਹਨ ਕਿਉਂਕਿ

ਉਨ੍ਹਾਂ ਦੇ ਅਰਥ ਧਾਰਕ ਦੇ ਸੁਭਾਅ ਦੇ ਖਾਸ ਪੱਖ ਨੂੰ ਪ੍ਰਗਟ ਹਨ। ਹਰੇਕ ਨਾਮ ਜਿਹੜਾ ਪਰਮੇਸ਼ਰ ਦੇ ਬਾਰੇ ਗੱਲਬਾਤ ਕਰਨ ਲਈ ਇਸਤੇਮਾਲ ਕੀਤਾ ਜਾਂਦਾ ਹੈ ਉਸ ਦਾ ਬੜਾ ਖਾਸ ਅਰਥ ਹੈ ਅਤੇ ਉਸ ਦੇ ਦਿਵਯ ਵਿਅਕਤੀ ਦੇ ਇਕ ਅਦਭੁੱਤ ਪਹਲੂ ਨੂੰ ਪ੍ਰਗਟ ਕਰਦਾ ਹੈ।

ਪੁਰਾਣੇ ਨਿਯਮ ਵਿਚ ਤਿੰਨ ਮੁੱਖ ਨਾਮ ਹਨ ਜਿਹੜੇ ਪਰਮੇਸ਼ਰ ਲਈ ਇਸਤੇਮਾਲ ਕੀਤੇ ਗਏ ਹਨਃ ਯਹੋਵਾਹ ਇਲੋਹਿਮ ਅਤੇ ਅਦੋਨਾਈ। ਹਰੇਕ ਦਾ ਇਕ ਖਾਸ ਮਹਤੱਵ ਹੈ। ਇਲੋਹਿਮ ਇਸਤੇਮਾਲ ਹੋਣ ਵਾਲਾ ਪਹਿਲਾ ਨਾਮ ਹੈ, ਅਤੇ ਇਸ ਦਾ ਜ਼ਿਕਰ ਦੋ ਹਜ਼ਾਰ ਵਾਰ ਤੋਂ ਵੀ ਜ਼ਿਆਦਾ ਹੈ। ਬੇਸ਼ਕ ਯਹੋਵਾਹ ਨਾਮ ਸਭ ਤੋਂ ਉੱਚਾ ਹੈ, ਤਾਂ ਵੀ ਉਸ ਦੇ ਨਾਮ ਇਲੋਹਿਮ ਬਾਰੇ ਪ੍ਰਗਟ ਰੂਪ ਨਾਲ ਮਹਤੱਵ ਅਤੇ ਅਰਥ ਹੈ ਜਿਹੜਾ ਪਰਮੇਸ਼ਰ ਨਹੀਂ ਚਾਹੁੰਦਾ ਕਿ ਅਸੀਂ ਸਮਝ ਨਾ ਪਾਈਏ। ਇਹ ਕੀ ਹੋ ਸਕਦਾ ਹੈ?

ਅੰਗਰੇਜ਼ੀ ਭਾਸ਼ਾਂ ਵਿਚ, ਜਦ ਅਸੀਂ ਇੱਕਲੇ ਬਾਰੇ ਗੱਲ ਕਰਦੇ ਹਾਂ ਅਸੀਂ ਇੱਕ ਦੀ ਗੱਲ ਕਰਦੇ ਹਾਂ ਅਤੇ ਜਦ ਅਸੀਂ ਅਨੇਕ ਦੀ ਗੱਲ ਕਰਦੇ ਹਾਂ ਅਸੀ ਇੱਕ ਤੋਂ ਜ਼ਿਆਦਾ ਦੇ ਬਾਰੇ ਗੱਲਬਾਤ ਕਰਦੇ ਹਾਂ। ਫੇਰ ਵੀ, ਬੇਸ਼ਕ ਅਸੀਂ ਅਨੇਕ ਦੀ ਗੱਲ ਕਰੀਏ ਜਦ ਅਸੀਂ 'ਇਕ' ਤੋਂ ਜ਼ਿਆਦਾ ਦੀ ਗੱਲ ਕਰਦੇ ਹਾਂ, ਮੂਲ ਇਬਰਾਨੀ ਜ਼ਿਆਦਾ ਸਹੀ ਹੈ। ਇਹ 'ਦੋ ਦਾ' ਪ੍ਰਯੋਗ ਕਰਦਾ ਹੈ ਜਦ ਇਹ 'ਦੋ ਬਾਰੇ' ਗੱਲਬਾਤ ਕਰਦਾ ਹੈ - ਇਹ ਨਾ ਤਾਂ ਇਕ ਹੈ ਨਾ ਹੀ ਦੋ ਪਰ ਇਸ ਦੇ ਵਿਚ ਅਨੇਕ ਹਨ।

''ਆਦ ਵਿਚ ਪਰਮੇਸ਼ਰ ਨੇ ਇਲੋਹਿਮ) ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ'' (ਉਤਪਤ 1:1)। ਇਸ ਤਰਾਂ, ਅਸੀਂ ਵੇਖਦੇ ਹਾਂ, ਕਿ ਬਾਈਬਲ ਸਭ ਤੋਂ ਪਹਿਲੀ ਆਇਤ ਵਿਚ ਜਿਹੜਾ ਪਰਮੇਸ਼ਰ ਦਾ ਆਪਣੇ ਆਪ ਦਾ ਰਿਸ਼ਤਾ ਮਨੁੱਖ ਨਾਲ ਹੈ - ਇਸ ਵਿਚ ਇਕ ਵਿਚ ਤਿੰਨ ਅਤੇ ਤਿੰਨ ਵਿਚ ਇਕ ਵਿਚਾਰ ਦੀ ਸੂਚਨਾ ਹੈ ਕਿ ਪਰਮੇਸ਼ਰ ਕੌਣ ਹੈ। ਇਸ ਤ੍ਰਿਮੂਰਤੀ ਨੂੰ ਕਦੇ ਕਦੇ ਤਿੰਨਾਂ ਦਾ ਸਮੂਹ ਵੀ ਕਿਹਾ ਗਿਆ ਹੈ।

ਪਰਮੇਸ਼ਰ ਦੀ ਤ੍ਰਿਮੂਰਤੀ ਦੀ ਪਹਿਲੀ ਸੂਚਨਾ ਤੋਂ ਬਾਅਦ ਅਸੀਂ ਮਨੁੱਖ ਦੀ ਰਚਨਾ ਦੇ ਪਰਮੇਸ਼ਰ ਦੇ ਰਿਕਾਰਡ ਤੇ ਆਉਂਦੇ ਹਾਂ। ''ਅਤੇ ਪਰਮੇਸ਼ਰ ਨੇ ਆਖਿਆ ਕਿ ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਬਣਾਈਏ ਹੈ'' (ਉਤਪਤ 1:26)। ਕੋਈ ਵੀ ਗਲਤੀ ਨਹੀਂ ਕਰ ਸਕਦਾ ਹੈ ਕਿ ਉਹ ਦੋਵੇਂ 'ਅਸੀਂ' (us) 'ਸਾਡੇ' (our)

ਅੰਗਰੇਜ਼ੀ ਭਾਸ਼ਾ ਵਿਚ ਅਨੇਕ ਪੜਨਾਂਉ ਹਨ। ਪਰ ਹੈਰਾਨ ਕਰਨ ਵਾਲੀ ਗੱਲ ਅੱਗਲੇ ਹੀ ਵਾਕ ਵਿਚ ਅਸੀਂ ਪੜਦੇ ਹਾਂ : ''ਨਰ ਨਾਰੀ ਉਸ ਨੇ ਉਨ੍ਹਾਂ ਨੂੰ ਉਤਪਤ ਕੀਤਾ।'' (ਉਤਪਤ 1:27)। ਏਥੇ, ਇਹ ਪ੍ਰਗਟ ਹੈ ਕਿ ''ਉਹ'' ਇਕੋ ਵਿਅਕਤੀ ਦੇ ਬਾਰੇ ਗੱਲ ਬਾਤ ਕਰ ਸਕਦਾ ਹੈ। ਇਸ ਲਈ ਪਰਮੇਸ਼ਰ ਦੇ ਬਾਰੇ ਇਨ੍ਹਾਂ ਹਵਾਲਿਆਂ ਵਿਚੋਂ ਹਰ ਇਕ 'ਇਕ' ਅਤੇ 'ਇਕ ਨਾਲੋਂ ਜਿਆਦਾ' ਵਾਂਗ ਹੈ ਉਸ ਪਰਮੇਸ਼ਰ ਲਈ ਜਿਸ ਨੇ ਆਪਣੇ ਆਪ ਦਾ ਪਰਿਚੈ ਪਹਿਲਾਂ ਹੀ ਇਲੋਹਿਮ ਵਾਂਗ ਦਿੱਤਾ ਹੈ।

ਅਜਿਹਾ ਪਰਮੇਸ਼ਰ ਸੰਸਾਰਿਕ ਬੁੱਧੀ ਦੀ ਯੋਗਤਾ ਦੀ ਸਮਝ ਤੋਂ ਕਿਤੇ ਪਰੇ ਹੈ। ਇਸ ਲਈ, ਸਾਡੀ ਜਾਣਕਾਰੀ ਵਿਚ ਸਾਡੀ ਸਹਾਇਤਾ ਕਰਨ ਲਈ, ਪਰਮੇ ਸ਼ਰ ਨੇ ਕ੍ਰਿਪਾਲਤਾ ਨਾਲ ''ਉਹ ਆਤਮਾ ਜਿਹੜਾ ਪਰਮੇਸ਼ਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਏ ਜਿਹੜੇ ਪਰਮੇਸ਼ਰ ਨੇ ਸਾਨੂੰ ਬਖਸ਼ੇ ਹਨ'' ਦਿੱਤਾ ਹੈ (1ਕੁਰਿੰਥੀਆਂ 2:12)। ਇਨ੍ਹਾਂ ਸ਼ੁਰੂ ਦੀਆਂ ਸੂਚਨਾਵਾਂ ਤੋਂ ਸ਼ੁਰੂ ਕਰਕੇ ਕਿ ਪਰਮੇਸ਼ਰ ਕਿਹ ਦੇ ਵਰਗਾ ਹੈ, ਬਾਈਬਲ ਹੌਲੀ ਹੌਲੀ ਉਸ ਦੀ ਰਹੱਸਮਈ ਤ੍ਰਿਮੂਰਤੀ ਨੂੰ ਪ੍ਰਗਟ ਕਰਦੀ ਹੈ। ਇਸ ਇਕ ਵਿਚ ਤਿੰਨ ਅਤੇ ਤਿੰਨ ਵਿਚ ਇਕ ਵਿਅਕਤੀਤੱਵ ਨੂੰ ਸਮਝਣ ਲਈ ਕਿ ਪਰਮੇਸ਼ਰ ਕੌਣ ਹੈ, ਜਿਵੇਂ ਤੁਸੀਂ ਸਤਵੇਂ ਅਧਿਆਇ ਨੂੰ ਪੜ੍ਹਦੇ ਹੋ ਤੁਹਾਡੇ ਲਈ ਉਸ ਦੇ ਅਸਚਰਜ-ਜਨਕ ਪਿਆਰ ਨੂੰ ਹੋਰ ਵੀ ਜਿਆਦਾ ਪ੍ਰਸਿਸਾ ਕਰਨ ਲਈ ਤੁਹਾਡੀ ਸਹਾਇਤਾ ਕਰੇਗਾ।

ਉਸ ਦੇ ਪਿਆਰ ਦੀ ਮਹਾਨਤਾ ਵਿਚੋਂ ਕੁਝ ਸਮਝਣ ਵਿਚ ਸਾਡੀ ਸਹਾਇਤਾ ਕਰਨ ਲਈ, ਪਰਮੇਸ਼ਰ ਨੇ ਬਾਕੀ ਦੀ ਸਾਰੀ ਬਾਈਬਲ ਵਿਚ ਸਿਲਸਿਲੇ ਵਾਰ ਆਪਣੇ ਆਪ ਨੂੰ ਪ੍ਰਗਟ ਕੀਤਾ ਹੈ। ਉੱਥੇ ਸਾਡਾ ਪਰਿਚੈ ਪਰਮੇਸ਼ਰ ਪਿਤਾ, ਪਰਮੇਸ਼ਰ ਪੁੱਤਰ, ਅਤੇ ਪਰਮੇਸ਼ਰ ਪਵਿੱਤਰ ਆਤਮਾ ਨਾਲ ਕਰਾਇਆ ਗਿਆ ਹੈ। ਫੇਰ ਵੀ ਉਹ ਆਪਣੇ ਆਪ ਨੂੰ ਕੇਵਲ, ਅਤੇ ਲਗਾਤਾਰ ਇੱਕ ਪਰਮੇਸ਼ਰ ਕਰਕੇ ਪ੍ਰਗਟ ਕਰਦਾ ਹੈ। ਸਾਡੇ ਮਨੁੱਖੀ ਦਿਮਾਗ ਅਜਿਹੇ ਵਿਚਾਰ ਦੀ ਸਿਰਫ ਕੰਨੀ ਹੀ ਪਕੜ ਸਕਦੇ ਹਨ। ਇਸ ਲਈ, ਕਿਉਂ ਕਿ ਮਨੁੱਖ ਲਈ ਇਹ ਅਸੰਭਵ ਸੀ ਕਿ ਉੱਪਰ ਪਹੁੰਚ ਕੇ ਸੱਚੇ ਅਤੇ ਜੀਵਿਤ ਪਰਮੇਸ਼ਰ ਦੀ ਖੋਜ ਕਰੇ, ਉਸ ਨੇ ਆਪ ਹੀ ਪਹਿਲ ਕਰਕੇ ਆਪਣਾ ਪਰਿਚੈ ਮਨੁੱਖ ਨੂੰ ਦਿੱਤਾ।

ਪਰਮੇਸ਼ਰ ਦੀ ਮਹਿਮਾ ਅਤੇ ਪਵਿੱਤਰਤਾ ਦਾ ਪੂਰਾ ਪ੍ਰਕਾਸ਼ਨ ਮੂਸਾ ਦੀ ਅੱਖਾਂ ਤੋਂ ਛੁਪਿਆ ਹੋਇਆ ਸੀ। ਫੇਰ ਵੀ, ਪਰਮੇਸ਼ਰ ਪੁੱਤਰ ਦੇ ਵਿਅਕਤੀਤੱਵ ਵਿਚ,

ਇਲੋਹਿਮ ਨੇ ਮਨੁੱਖ ਤੇ ਆਪਣਾ ਆਪ ਉਤਨਾ ਪ੍ਰਗਟ ਕੀਤਾ ਜਿੰਨ੍ਹਾ ਬਰਦਾਸ਼ਤ ਕਰ ਸਕਦਾ ਸੀ।

ਇਸ ਦੇ ਅਨੁਸਾਰ ਅਸੀ ਨਵੇਂ ਨਿਯਮ ਵਿਚ ਪੜਦੇ ਹਾਂ :

ਪਰਮੇਸ਼ਰ ਜਿਹ ਨੇ ਆਖਿਆ ਸੀ ਜੋ ਅਨ੍ਹੇਰਿਓਂ ਚਾਨਣ ਚਮਕੇ ਉਹ ਸਾਡਿਆਂ ਮਨਾਂ ਵਿਚ ਚਮਕਿਆ ਭਈ ਪਰਮੇਸ਼ਰ ਦੇ ਤੇਜ਼ ਦਾ ਗਿਆਨ ਮਸੀਹ ਦੇ (ਯਿਸੂ) ਦੇ ਮੁੱਖ ਵਿਚ ਪਰਕਾਸ਼ ਕਰੇ (2ਕੁਰਿੰਥੀਆਂ 4:6)।

ਇਸ ਦੇ ਬਾਰੇ ਸੋਚੋ: ਜਦ ਯੂਹੰਨਾ ਨੇ ਟਕਟਕੀ ਲਾ ਕੇ ਯਿਸੂ ਮਸੀਹ ਦੇ ਚਿਹਰੇ ਨੂੰ ਵੇਖਿਆ, ਉਸ ਨੇ ਐਲਾਨ ਕੀਤਾ: ਅਸੀਂ ਉਸ ਦਾ ਤੇਜ਼ ਪਿਤਾ ਦੇ ਇਕਲੌਤੇ ਦੇ ਤੇਜ਼ ਵਰਗਾ ਡਿੱਠਾ''(ਯੂਹੰਨਾ 1:14)

ਬਾਅਦ ਵਿਚ ਯੂਹੰਨਾ ਨੇ ਪਰਮੇਸ਼ਰ ਨਾਲ ਆਪਣੇ ਵਿਅਕਤੀਗਤ ਟਾਕਰੇ ਵਿਚ ਇਸ ਦੇ ਬਾਰੇ ਲਿਖਿਆ, ਅਤੇ ਕੇਵਲ ਇਸ ਲਈ ਕਿਉਂਕਿ ਯਿਸੂ ਦੇ ਵਿਅਕਤੀ ਵਿਚ ਉਹ ਇਲੋਹਿਮ ਨਾਲ ਮਿਲਿਆ ਸੀ, ਉਹ ਇਹ ਕਹਾਣੀ ਦਸੱਣ ਲਈ ਜੀਵਿਤ ਰਿਹਾ। ਫੇਰ ਵੀ, ਉਸ ਨੇ ਇਹ ਬਿਲਕੁਲ ਸਪਸ਼ਟ ਕਰ ਦਿੱਤਾ ਕਿ ਉਸ ਦਾ ਟਾਕਰਾ ਵਾਸਤਵ ਵਿਚ ਅਨੰਤਕਾਲ ਦੇ ਪਰਮੇਸ਼ਰ, ਰਚਨਾ ਕਰਨ ਵਾਲੇ ਪਰਮੇਸ਼ਰ, ਮੂਸਾ ਦੇ ਪਰਮੇਸ਼ਰ ਨਾਲ ਹੋਇਆ ਸੀ।

ਅਸਚਰਜ ਜਨਕ ਜਿਵੇਂ ਇਹ ਸੀ, ਯੂਹੰਨਾ ਅਤੇ ਉਸ ਦੇ ਰਚਨਾ ਕਰਨ ਵਾਲੇ ਪਰਮੇਸ਼ਰ ਨਾਲ ਇਹ ਵਿਅਕਤੀਗਤ ਮੁਲਾਕਾਤ ਸੁਣੀ ਜਾ ਸਕਣ ਵਾਲੀ, ਦਿਸਣ ਵਾਲੀ ਅਤੇ ਸਪਰਸ਼ ਕਰਨ ਜਾ ਸਕਣ ਵਾਲੀ ਸੀ।

ਜੋ ਆਦ ਤੋਂ ਸੀ, ਜਿਹ ਨੂੰ ਅਸੀਂ ਸੁਣਿਆ ਹੈ, (ਉਸ ਦਾ ਸੁਣਿਆ ਜਾ ਸਕਣ ਵਾਲਾ ਟਾਕਰਾ) ਜਿਹ ਨੂੰ ਅਸੀਂ ਆਪਣੀ ਅੱਖੀਂ ਵੇਖਿਆ ਹੈ (ਉਸ ਦਾ ਦਿਸਣ ਵਾਲਾ ਟਾਕਰਾ) ... ਅਤੇ ਆਪਣੇ ਹੱਥੀ ਟੋਹਿਆ (ਉਸ ਦਾ ਸਪਰਸ਼ ਕਰਿਆ ਜਾ ਸਕਣ ਵਾਲਾ ਟਾਕਰਾ) (1ਯੂਹੰਨਾ 1:1)।

ਨਹੀਂ, ਉਹ ਰਿਕਾਰਡ ਜਿਹੜਾ ਅਸੀਂ ਯੂਹੰਨਾ ਦੀ ਪਤ੍ਰੀ ਵਿਚ ਪੜਦੇ ਹਾਂ ਉਹ ਗੈਰਸਖਸ਼ੀ ਧਰਮ ਸ਼ਾਸਤਰ ਨਾ ਵਰਣਨ ਕਰਨ ਵਾਲਾ ਨਹੀਂ ਹੈ। ਇਹ ਜੀਵਿਤ ਪਰਮੇਸ਼ਰ ਨਾਲ ਉਸ ਦੇ ਆਪਣੇ ਟਾਕਰੇ ਤੋਂ ਬਿਨਾਂ ਰੁਕਾਵਟ ਵਗਦਾ ਹੈ।

''ਇਹ ਸਭ ਅੱਜ ਮੇਰੀ ਸਹਾਇਤਾ ਕਿਸ ਤਰਾਂ ਕਰਦਾ ਹੈ?'' ਤੁਸੀਂ ਪੁੱਛ ਸਕਦੇ ਹੋ। ਯੂਹੰਨਾ ਉਸ ਪ੍ਰਸ਼ਨ ਦਾ ਜਵਾਬ ਦੇਣ ਵਿਚ ਫੁਰਤੀਲਾ ਹੈ।

ਇਹ ਗੱਲਾਂ ਅਸੀ ਇਸ ਲਈ ਤੁਹਾਨੂੰ ਲਿਖਦੇ ਹਾਂ ਭਈ ਤੁਹਾਡਾ ਅਨੰਦ ਪੂਰਾ

ਹੋਵੇ (1ਯੂਹੰਨਾ 1:4)। ਅਤੇ ਉਸੇ ਤਰਾਂ ਇਹ ਕਿਤਾਬ ਜਿਹੜੀ ਤੁਸੀ ਹੁਣ ਪੜ ਰਹੇ ਹੋ ਤੁਹਾਡੇ ਹੱਥਾਂ ਵਿਚ ਹੈ ਕਿਉਂਕਿ ਇਕ ਮਿੱਤਰ ਨੇ ਲਾਲਸਾ ਕੀਤੀ ਕਿ ਜਿਵੇਂ ਤੁਸੀ ਜੀਵਿਤ ਪਰਮੇਸ਼ਰ ਨਾਲ ਮੁਲਾਕਾਤ ਕਰਦੇ ਹੋ ਤੁਹਾਡਾ ਅਨੰਦ, ਵੀ, ਪੂਰਾ ਹੋ ਜਾਵੇ।

ਹਾਂ, ਜਿਹ ਨੂੰ ਅਸੀਂ ਵੇਖਿਆ ਅਤੇ ਸੁਣਿਆ ਹੈ ਉਹ ਦਾ ਸਮਾਚਾਰ ਤੁਹਾਨੂੰ ਭੀ ਸੁਣਾਉਂਦੇ ਹਾਂ, ਭਈ ਤੁਹਾਡੀ ਵੀ ਸਾਡੇ ਨਾਲ ਸੰਗਤ ਹੋਵੇ: ਅਤੇ ਸਾਡੀ ਜਿਹੜੀ ਸੰਗਤ ਹੈ ਉਹ ਪਿਤਾ ਦੇ ਨਾਲ, ਅਤੇ ਉਹ ਦੇ ਪੁੱਤਰ ਯਿਸੂ ਮਸੀਹ ਦੇ ਨਾਲ ਹੈ। ਅਤੇ ਇਹ ਗੱਲਾਂ ਅਸੀਂ ਇਸ ਲਈ ਲਿਖਦੇ ਹਾਂ, ਭਈ ਤੁਹਾਡਾ ਅਨੰਦ ਪੂਰਾ ਹੋਵੇ (1ਯੂਹੰਨਾ 1:3-4)

ਹਾਂ ਜਿਵੇਂ ਰੋਸ਼ਨੀ ਇਕ ਅੰਧਕਾਰਮਈ ਰਾਤ ਵਿਚ ਆਕਰਸ਼ਕ ਲੱਗਦੀ ਹੈ, ਇਸੇ ਤਰਾ ਪਰਮੇਸ਼ਰ ਦੀ ਮਹਿਮਾ ਦਾ ਚਾਨਣ ਹੁਣ ਵੀ ਮਨੁੱਖਾਂ ਨੂੰ ਆਪਣੇ ਵੱਲ ਖਿੱਚਦਾ ਹੈ। ਅੱਜ ਇਹ ਜਾਣਨ ਦੀ ਤੁਹਾਡੀ ਇੱਛਾ ਕਿ ਪਰਮੇਸ਼ਰ ਕਿਹ ਦੇ ਵਰਗਾ ਹੈ, ਤੁਸੀਂ ਵੀ ਮੂਸਾ ਨਾਲ ਪ੍ਰਾਰਥਨਾ ਕਰ ਸਕਦੇ ਹੋ : ਆਪਣੀ ਮਹਿਮਾ ਮੈਨੂੰ ਵਿਖਾ।'

## ਵਿਚਾਰ ਕਰਨ ਲਈ ਠਹਿਰੋ

1. ਪਰਮੇਸ਼ਰ ਲਈ ਤੁਹਾਡੀ ਖੋਜ ਵਿਚ ਕੀ ਤੁਸੀਂ ਧਿਆਨ ਵਿਚ ਮਗਨ ਹੋ ਕੇ ਬਾਈਬਲ ਪੜਦੇ ਹੋ?

2. ਕੀ ਤੁਸੀਂ ਜਿਵੇਂ ਬਾਈਬਲ ਪੜਦੇ ਹੋ ਪਰਮੇਸ਼ਰ ਤੋਂ ਪ੍ਰਾਰਥਨਾ ਕਰੋਗੇ ਕਿ ਉਹ ਆਪਣੇ ਆਪ ਨੂੰ ਤੁਹਾਡੇ ਉੱਤੇ ਪ੍ਰਗਟ ਕਰੇ?

ਇੱਕ ਸੁਝਾਉ ਵਾਲੀ ਪ੍ਰਾਰਥਨਾ : ''ਹੇ ਪਰਮੇਸ਼ਰ, ਜੇ ਤੂੰ ਉਹ ਪਰਮੇਸ਼ਰ ਹੈ ਜਿਸ ਨੇ ਇਸ ਸ੍ਰਿਸ਼ਟੀ ਨੂੰ ਰੱਚਿਆ ਹੈ ਅਤੇ ਜਿਹੜਾ ਮੈਨੂੰ ਪਿਆਰ ਕਰਦਾ ਹੈ, ਕਿਰਪਾ ਕਰਕੇ ਆਪਣੇ ਆਪ ਨੂੰ ਮੇਰੇ ਉੱਤੇ ਪ੍ਰਗਟ ਕਰ ਅਤੇ ਮੈਨੂੰ ਵਿਖਾ ਜੋ ਯਿਸੂ ਮਸੀਹ ਤੇਰਾ ਪੁੱਤਰ ਹੈ ਪ੍ਰਤਿਗਿਆ ਕੀਤਾ ਹੋਇਆ ਮਸੀਹਾ।''

3. ਕੀ ਤੁਸੀਂ ਸਨਮਾਣ ਕਰਦੇ ਹੋ ਕਿ ਜੇ ਤੁਸੀਂ ਵਾਸਤਵ ਵਿਚ ਪਰਮੇਸ਼ਰ ਦੀ ਆਰਾਧਨਾ ਕਰਨੀ ਹੈ ਤਾਂ ਉਹ ਨੂੰ ਮਨੁੱਖੀ ਖੋਜ ਰਾਹੀਂ ਉਹ ਦੀ ਖੋਜ ਕਰਨ ਦੀ ਤੁਹਾਡੀ ਯੋਗਤਾ ਤੋਂ ਮਹਾਨ ਹੋਣਾ ਚਾਹੀਦਾ ਹੈ ਆਪਣੇ ਮਨੁੱਖੀ ਦਿਮਾਗ ਵਿਚ ਉਸ ਨੂੰ ਪੂਰੀ ਤਰਾਂ ਸਮਝਣ ਦੀ ਤੁਹਾਡੀ ਯੋਗਤਾ ਤੋਂ ਮਹਾਨ ਹੋਣਾ ਚਾਹੀਦਾ ਹੈ?

ਮੈਂ ਸੋਚਦਾ ਹਾਂ ਕਿ ਮੈਂ ਮਨੁੱਖ ਦੇ ਇਨਸਾਨੀ ਸੁਭਾਉ
ਨੂੰ ਜਾਣਦਾ ਹਾਂ, ਅਤੇ ਮੈਂ ਤੁਹਾਨੂੰ ਦੱਸਦਾ ਹਾਂ ਕਿ ਪੁਰਾਤਨਤਾ ਦੇ
ਨਾਇਕ ਇਨਸਾਨ ਹੀ ਸਨ, ਅਤੇ ਮੈਂ ਵੀ ਇਕ ਮਨੁੱਖ
ਹਾਂ, ਪਰੰਤੂ ਕੋਈ ਵੀ ਉਸ ਵਰਗਾ ਨਹੀਂ ਹੈ :
ਯਿਸੂ ਮਸੀਹ ਇਕ ਮਨੁੱਖ ਤੋਂ ਵੱਧ ਹੈ।

ਨਿਪੋਲਿਯਲ

# ਅਧਿਆਇ 4

# ਲੋਕਾਂ ਨੂੰ ਵਾਸਤਵ ਵਿਚ ਕੀ ਅੱਡ ਅੱਡ ਕਰਦਾ ਹੈ?

ਅੱਜ ਦੇ ਸੰਸਾਰ ਦਾ ਵਰਣਨ ਵਿਸ਼ਾਲ ਪਿੰਡ ਦੇ ਵਾਂਗ ਕੀਤਾ ਜਾਂਦਾ ਹੈ। ਫੇਰ ਵੀ, ਕਿਉਂਕਿ ਇਹ ਦੁਸ਼ਮਣੀ ਵਾਲੇ ਗੁਆਂਢੀਆਂ ਦੇ ਰਾਹੀਂ ਆਬਾਦ ਹੋਇਆ ਹੈ, ਇਹ ਵਿਸ਼ਵ ਵਿਆਪੀ ਪਿੰਡ ਰਹਿਣ ਦੇ ਲਈ ਇਕ ਖਤਰਨਾਕ ਥਾਂ ਬਣਦਾ ਜਾ ਰਿਹਾ ਹੈ।

ਬਾਹਰਲੇ ਪਾਸਿਓਂ, ਇਹ ਇੰਝ ਲੱਗਦਾ ਹੈ ਕਿ ਸਮਸਿਆਵਾਂ ਜਿਹੜੀਆਂ ਮਾਨਵ ਜਾਤੀ ਵਿਚ ਅਸੰਮਤੀ ਪੈਦਾ ਕਰਦੀਆਂ ਹਨ ਉਹ ਦੂਰ ਦੂਰ ਤਕ ਫੈਲੇ ਹੋਏ ਰਾਜ ਨੈਤਿਕ, ਆਰਥਿਕ, ਆਂਤਰਿਕ ਅਤੇ ਉਦਯੋਗਿਕ ਮਾਮਲਿਆਂ ਨੂੰ ਸ਼ਾਮਿਲ ਕਰਦੀਆਂ ਹਨ। ਭਾਵੇਂ ਇਹ ਸਮਸਿਆ ਖੇਤਰ ਵਧੀਕ ਅਤੇ ਦੁਖੀ ਕਰਕੇ ਲੋਕਾਂ ਦੇ ਵਿਖੰਡਨ ਕਰਦੇ ਹਨ, ਪਰ ਬਹੁਤ ਵੱਧ ਕੇ, ਅਤੇ ਘੱਟ ਪਛਾਣਨ ਯੋਗ, ਬੇਰੁਖੀ ਦੇ ਕਾਰਣ ਹਨ ਜਿਹੜੇ ਸਾਡੇ ਸੰਸਾਰ ਵਿਚ ਮੌਜੂਦ ਹਨ।

ਆਉ, ਪਹਿਲਾਂ ਅਸੀਂ ਲੋਕਾਂ ਵਿਚ ਵਿਭਾਜਨ ਦੇ ਜ਼ਾਹਿਰੀ ਕਾਰਨਾਂ ਤੇ ਸੰਖੇਪ ਵਿਚ ਵਿਚਾਰ ਕਰੀਏ, ਅਤੇ ਫੇਰ ਮੁੱਖ ਕਾਰਣ ਉੱਤੇ ਧਿਆਨ ਕਰਾਂਗੇ।

### ਪ੍ਰਤੱਖ ਵਿਭਾਜਨ

**ਸਿਆਸੀਕਰਣ ਕਰਨਾ** : ਸਿਆਸਤਦਾਨ ਇਕ ਦੂਜੇ ਦਾ ਸਾਹਮਣਾ ਡਰ ਅਤੇ ਸ਼ੱਕ ਨਾਲ ਕਰਦੇ ਹਨ। ਜਦ ਆਪਸੀ ਵਿਰੋਧੀ ਵਿਚਾਰਾਂ ਦਾ ਸਾਹਮਣਾ ਕਰਦੇ ਹਨ ਉਹ ਆਸ ਕਰਦੇ ਹਨ ਕਿ ਫੌਜੀ ਤਾਕਤ ਉਨ੍ਹਾਂ ਦੇ ਦੇਸ਼ ਦੀ ਭੱਵਿਖ ਦੀ ਸੁਰੱਖਿਆ ਦੀ ਗਾਰੰਟੀ ਦੇਵੇਗੀ।

ਉਸ ਦੌਰਾਨ, ਰੁਚੀ ਲੈਣ ਵਾਲੇ ਨਾਗਰਿਕ ਆਪਣੀਆਂ ਆਵਾਜ਼ਾਂ ਨੂੰ ਸ਼ਾਂਤੀ ਅਤੇ ਅਣੂ ਸੰਬੰਧੀ ਨਿਸ਼ਸਤ੍ਰੀਕਰਣ ਦੇ ਸਮਰਥਨ ਵਿਚ ਬੁਲੰਦ ਕਰਦੇ ਹਨ। ਵਿਅੰਗਾਤਮਕ ਰੂਪ ਨਾਲ, ਉਨ੍ਹਾਂ ਵਿਚੋਂ ਅਸੀਂ ਜਿਨਾਂ ਨੇ ਉਨ੍ਹਾਂ ਦੇ 'ਸ਼ਾਂਤੀ' ਦੇ

ਵਿਖਾਵੇ ਨੂੰ ਟੈਲੀਵਿਜ਼ਨ ਉੱਤੇ ਵੇਖਿਆ ਹੈ ਗਵਾਹੀ ਦਿੱਤੀ ਹੈ ਕਿ ਉਨ੍ਹਾਂ ਦੇ ਵਰਤਾਉ ਵਿਚ, ਭਾਗ ਲੈਣ ਵਾਲਿਆਂ ਦੇ ਕਦੇ ਕਦੇ ਇਸ ਤਰਾਂ ਦੇ ਮਨੋਭਾਵਨਾਵਾਂ ਦਾ ਪ੍ਰਗਟਾਵਾ ਵਿਖਾਇਆ ਹੈ ਜਿਸ ਨਾਲ ਯੁੱਧ ਹੋ ਸਕਦਾ ਹੈ।

**ਆਰਥਿਕ** : – ਕੁਦਰਤੀ ਬਿਪਤਾ ਜਿਵੇਂ ਲੰਬੇ ਸਮੇਂ ਤਕ ਵਰਖਾ ਦਾ ਨਾ ਹੋਣਾ, ਅਕਾਲ, ਭੁਖਮਰੀ ਅਤੇ ਭੁਚਾਲ ਹਮੇਸ਼ਾ ਵਧਣ ਵਾਲੀ ਸਮਸਿਆ ਹੈ, ਖਾਸ ਕਰਕੇ ਤੀਜੇ ਸੰਸਾਰ ਵਿਚ। ਇਨ੍ਹਾਂ ਸੰਕਟਾਂ ਨਾਲ ਦਰਦ ਹੋਰ ਵੱਧ ਜਾਂਦਾ ਹੈ ਜਿਹੜਾ ਅਮੀਰ ਅਤੇ ਗਰੀਬ ਦੇਸ਼ਾਂ ਦੇ ਵਿਚਕਾਰ ਜਿਆਦਾ ਆਰਥਿਕ ਫਰਕ ਰਾਹੀਂ ਪੈਦਾ ਹੋ ਜਾਂਦਾ ਹੈ। ਬਹੁਤ ਲੋਕਾਂ ਦੀ ਸ਼ੁਭ ਇੱਛਾ ਅਤੇ ਕੁਰਬਾਨੀ ਦੇ ਬਾਬਜੂਦ ਜਿਹੜੇ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦੇ ਹਨ, ਇਹ ਇਕ ਉਦਾਸ ਕਰਨ ਵਾਲਾ ਕਥਨ ਹੈ ਕਿ ਜਿਆਦਾਤਰ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਬਣ ਜਾਂਦੇ ਹਨ।

**ਆਂਤਰਿਕ** : ਇਹ ਕੋਈ ਲੁਕੀ ਹੋਈ ਗੱਲ ਨਹੀਂ ਹੈ ਅੱਜ ਵਿਆਹ ਅਤੇ ਪਰਿਵਾਰਿਕ ਜੀਵਨ ਦਾ ਟੁਟੱਦਾ ਮਹਾਮਾਰੀ ਦੀ ਹੱਦ ਤਕ ਪਹੁੰਚ ਗਿਆ ਹੈ। ਆਪਣੀਆਂ ਹੰਝੂਆਂ ਭਰੀਆਂ ਅੱਖਾਂ ਨਾਲ, ਲੋਟਸੋਇਲੇ ਨੇ ਆਖਿਆ : ''ਮੇਰਾ ਘਰ ਟੁੱਟ ਗਿਆ ਹੈ।'' ਮੈਂ ਸੋਚਿਆ ਕਿ ਉਸ ਦਾ ਅਰਥ ਇਹ ਹੈ ਕਿ ਉਸ ਦੀ ਚਾਰ ਦੀਵਾਰੀ ਵਾਲੀ ਅਫਰੀਕਨ ਝੌਂਪੜੀ ਨਾਸ਼ ਹੋ ਗਈ ਹੈ, ਪਰ ਛੇਤੀ ਹੀ ਮੈਨੂੰ ਦਸੱਣ ਦਾ ਭਾਵੁਕ ਤਰੀਕਾ ਇਹ ਸੀ ਕਿ ਉਸ ਦੀ ਪਤਨੀ ਨੇ ਉਸ ਨੂੰ ਛੱਡ ਦਿੱਤਾ ਸੀ। ਅੱਜ, ਬਹੁਤ ਸਾਰੇ 'ਘਰ' 'ਟੁੱਟ' ਰਹੇ ਹਨ, ਕਿਉਂਕਿ ਜੀਉਣ ਦੇ ਸੁਆਰਥੀ ਢੰਗ ਪਿਆਰ ਭਰੇ ਰਿਸ਼ਤਿਆਂ ਨੂੰ ਨਾਸ਼ ਕਰ ਰਹੇ ਹਨ। (ਫੇਰ ਵੀ, ਜਿਵੇਂ ਅਸੀਂ ਬਾਅਦ ਦੇ ਇਕ ਅਧਿਆਇ ਵਿਚ ਵੇਖਾਂਗੇ, ਪਰਮੇਸ਼ਰ ਦਾ ਪ੍ਰੇਮ ਹਰ ਇਕ ਜੋੜੇ ਵਾਸਤੇ ਉਪਲਬਧ ਹੈ ਜਿਹੜਾ ਆਪਣੇ ਵਿਆਹ ਨੂੰ ਇਕ ਸਥਾਈ ਏਕਤਾ ਵਿਚ ਪੱਕਾ ਬਣਾਉਣਾ ਚਾਹੁੰਦਾ ਹੈ।)

**ਉਦਯੋਗਿਕ** : ਕੰਮ ਕਰਨ ਦੀ ਥਾਂ ਤੇ ਅਸੀਂ ਅਸੰਤੁਸ਼ਟੀ ਅਤੇ ਤਣਾਉ ਦੇ ਬਾਰੇ ਸੁਣਨ ਦੇ ਆਦੀ ਹੋ ਜਾਂਦੇ ਹਾਂ। 1985 ਦੇ ਸ਼ੁਰੂ ਵਿਚ ਬ੍ਰਿਟੇਨ ਵਿਚ ਬੀਹਵੀਂ ਸਦੀ ਦੇ ਸਭ ਤੋਂ ਔਖੇ ਵਿਵਾਦ ਨੂੰ ਖਤਮ ਕੀਤਾ ਗਿਆ। ਬੇਸ਼ਕ ਹੜਤਾਲ ਅਤੇ ਸੜਕ ਤੇ ਹਿੰਸਕ ਵਿਰੋਧ ਖਤਮ ਹੋ ਗਿਆ, ਲੰਬੇ ਸਮੇਂ ਤਕ ਰਹਿਣ ਵਾਲੀ ਨਰਾਜ਼ਗੀ ਅਤੇ ਕੜਵਾਹਟ ਲੇਬਰ ਮੈਨਜ਼ਮੈਂਟ ਅਤੇ ਉਦਯੋਗਿਕ ਸਮਾਜ ਦੇ ਅੰਦਰ

ਇੱਕ ਖੁੱਲੇ ਜ਼ਖ਼ਮ ਵਾਂਙੂ ਬਣਿਆ ਰਿਹਾ। ਲੇਬਰ - ਮੈਨਜਮੈਂਟ ਦੀ ਤਣਾਤਣੀ ਦੇ ਨਤੀਜੇ ਤੋਂ ਇਹ ਸਥਿਤੀ ਕਿੰਨੀ ਫਰਕ ਸੀ ਜਿਹੜੀ ਵੇਲਜ਼ ਦੀ ਕੋਇਲੇ ਦੀ ਖਾਣ ਵਿਚ 1904 ਵਿਚ ਉਸੇ ਤਰਾਂ ਦੀ ਉਦਯੋਗਿਕ ਅਸ਼ਾਂਤੀ ਤੋਂ ਬਾਅਦ ਵਸ ਵਿਚ ਕਰ ਲਈ ਗਈ ਸੀ। ਜੋਨ ਪੈਰੀ ਨੇ ਮੈਨੂੰ ਇਹ ਕਹਾਣੀ ਆਪਣੇ ਪ੍ਰਤੱਖ ਅਨੁਭਵ ਤੋਂ ਦੱਸੀ ਸੀ।

ਜਦ ਮੈਂ ਜੋਨ ਨੂੰ ਪਹਿਲੀ ਵਾਰ ਮਿਲਿਆ ਸੀ, ਉਹ ਇਕ ਕੋਇਲੇ ਦੀ ਖਾਣ ਵਿਚ ਕੰਮ ਕਰਨ ਵਾਲਾ 91 ਸਾਲ ਦਾ ਰਿਟਾਇਰ ਬਜ਼ੁਰੂਗ ਸੀ, ਪੂਰੀ ਤਰਾਂ ਅੰਨ੍ਹਾ ਅਤੇ ਇਕ ਪੁਰਾਣੀ ਫੇਫੜੇ ਦੀ ਸਮੱਸਿਆ ਤੋਂ ਪਰੇਸ਼ਾਨ ਸੀ ਜਿਸ ਨੂੰ ਖਾਣਾਂ ਵਿਚ ਕੰਮ ਕਰਨ ਵਾਲਿਆਂ ਦੀ ਬੀਮਾਰੀ ਆਖਦੇ ਹਨ। ਜਦ ਕਦੇ ਵੀ ਸੰਭਵ ਹੋਇਆ, ਮੇਰੀ ਪਤਨੀ ਅਤੇ ਮੈਂ ਉਸ ਨਿਮ੍ਰ ਖਾਣ ਕਰਮਚਾਰੀ ਦੀ ਉੱਤਰ ਵੇਲਜ਼ ਦੀ ਕੁਟੀਆਂ ਵਿਚ ਮਿੱਲਣ ਜਾਂਦੇ। ਦਿਲੀ ਹਾਸੇ ਅਤੇ ਕੰਬਣ ਵਾਲੀ ਪ੍ਰਸੰਨਤਾ ਨਾਲ, ਜੋਨ ਖੁਸ਼ੀ ਨਾਲ ਸਾਨੂੰ ਦੱਸਦਾ ਕਿ 1904 ਅਤੇ 1905 ਦੀ ਬੇਦਾਰੀ ਦੇ ਦੋਰਾਨ ਪਰਮੇਸ਼ਰ ਨੇ ਵੇਲਜ਼ ਵਿਚ ਉਸ ਨਾਲ ਕੀ ਕੀਤਾ ਜਦ ਉਹ ਦ੍ਰਿੜ ਵਿਸ਼ਵਾਸ ਅਤੇ ਸਮਰਥਾ ਵਿਚ ਪ੍ਰੇਰਿਤ ਹੋਇਆ। ਉਸ ਵੇਲੇ ਦੋਂਵੇਂ ਖਾਣ ਕਰਮਚਾਰੀ ਅਤੇ ਉਨ੍ਹਾਂ ਦੇ ਮਾਲਕ ਜੀਵਿਤ ਪਰਮੇਸ਼ਰ ਨਾਲ ਮਿਲੇ। ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਨੂੰ ਆਪਸ ਵਿਚ ਵਾਸਤਵਿਕ ਏਕਤਾ, ਪਰਸਪਰ ਭਰੋਸਾ ਅਤੇ ਇੱਜਤ ਮਿਲੀ। 1905 ਅਤੇ 1985 ਦੇ ਵਿਚਕਾਰ ਕਿੰਨਾਂ ਫਰਕ ਸੀ।

ਜੋਨ ਉਲਾਸਪੂਰਣ ਅਨੰਦ ਨਾਲ ਬੋਲਦਾ ਗਿਆ ਜਿਵੇਂ ਉਹ ਉਨ੍ਹਾਂ ਦਿਨਾਂ ਦੇ ਵਿਚਾਰਾਂ ਨੂੰ ਭਾਸ਼ਾਂ ਰਾਹੀਂ ਵਿਅਕਤ ਕਰਦਾ ਸੀ। ਉਸ ਨੇ ਉਨ੍ਹਾਂ ਬਹੁਤ ਜਿਆਦਾ 'ਸਰਕਾਰੀ ਭਾਵਨਾਂ' ਨੂੰ ਯਾਦ ਕੀਤਾ ਜਿਹੜੇ ਕੰਮ ਨਾ ਹੋਣ ਕਰਕੇ ਬੰਦ ਹੋ ਗਏ ਕਿਉਂਕਿ ਅਚਾਨਕ ਸ਼ਰਾਬ ਦੀ ਮੰਗ ਘੱਟ ਗਈ। ਉਸ ਨੇ ਇਹ ਵੀ ਯਾਦ ਕੀਤਾ ਕਿ ਆਪਣੇ ਨਾਲ ਦੇ ਖਾਣ ਕਰਮਚਾਰੀਆਂ ਨਾਲ ਗੱਢਿਆਂ ਵਿਚ ਜਾਂਦੇ ਹੋਏ ਜਿਵੇਂ ਉਹ ਇੱਕਠੇ ਮਿਲ ਕੇ ਪਰਮੇਸ਼ਰ ਦੀ ਪ੍ਰਸ਼ੰਸਾ ਗਾ ਰਹੇ ਸਨ। ਉਹ ਮਿੰਨ੍ਹਾਂ ਮਿੰਨ੍ਹਾਂ ਹੱਸਿਆ ਜਿਵੇਂ ਉਹ ਵਿਚਾਰ ਕਰਦਾ ਸੀਃ ''ਲੋਕ ਹਾਲੇ ਵੀ ਮੈਨੂੰ ਵੇਖਣ ਆਉਂਦੇ ਹਨ ਅਤੇ ਪੁੱਛਦੇ ਹਨ ਕਿ ਬੇਦਾਰੀ ਕਿੱਥੇ ਆਈ ਸੀ'' ਆਪਣੀ ਛਾਤੀ ਤੇ ਮੁੱਕਾ ਮਾਰ ਕੇ ਉਹ ਜਵਾਬ ਦਿੰਦਾ : ''ਮੈਂ ਉਨ੍ਹਾਂ ਨੂੰ ਦੱਸਦਾ ਕਿ ਐਥੇ ਹੇਠਾਂ ਹੈ ਅਤੇ ਇਹ ਹੁਣ ਵੀ ਹੈ।''

ਵਾਸਤਵਿਕ ਵਿਭਾਜਨ

ਜਿਵੇਂ ਇਹ ਵਿਭਾਜਨ ਬਹੁਤ ਡੂੰਘੇ ਹੋ ਸਕਦੇ ਹਨ, ਕੁਝ ਅਜਿਹਾ ਹੈ ਜਿਹੜਾ ਮਨੁੱਖ ਜਾਤੀ ਨੂੰ ਬਹੁਤ ਹੀ ਜਿਆਦਾ ਤ੍ਰਿਭਕਾਉਣ ਅਤੇ ਸਥਾਈ ਰੂਪ ਨਾਲ ਵਿਭਾਜਿਤ ਕਰਦਾ ਹੈ। ਇਹ ਇਕ ਖਤਰਾ ਹੈ ਜਿਹੜਾ ਅੱਜ ਦੇ ਇਸ ਸਮੇਂ ਵਿਚ ਬਹੁਤ ਸਾਰੇ ਦੇਸ਼ਾਂ ਦੀ ਸ਼ਾਂਤੀ ਨੂੰ ਨਾਸ ਕਰਨ ਦੀ ਧਮਕੀ ਦਿੰਦਾ ਹੈ। ਆਖਿਰਕਾਰ ਲੋਕ ਪਰਮੇਸ਼ਰ ਬਾਰੇ ਉਨ੍ਹਾਂ ਦੀ ਉਲਝਨ ਭਰੀ ਸਮਝ ਦੇ ਕਾਰਣ ਧਰਵੀਕਰਨ ਹੁੰਦੇ ਜਾਂਦੇ ਹਨ।

ਮਨੁੱਖ ਜਾਤੀ ਨੂੰ ਆਪਣੇ ਪ੍ਰਕਾਸ਼ਨ ਵਿਚ, ਪਰਮੇਸ਼ਰ ਨੇ ਆਪਣੇ ਇਸ਼ਵਰੀਯ ਹੋਣ ਦੀ ਸਚਾਈ ਨਾਲ ਕਦੇ ਸਮਝੌਤਾ ਨਹੀਂ ਕੀਤਾ। ਯਿਸੂ ਮਸੀਹ ਦੇ ਪੈਦਾ ਹੋਣ ਤੋਂ ਪਹਿਲਾਂ, ਪਰਮੇਸ਼ਰ ਨੇ ਪ੍ਰਤਿਗਿਆ ਕੀਤੀ ਕਿ ਉਹ ਇਕ ਵੱਡਾ ਪ੍ਰਕਾਸ਼ ਘੱਲ ਕੇ ਲੋਕਾਂ ਦੀ ਸਹਾਇਤਾ ਕਰੇਗਾ ਕਿ ਉਹ ਉਸ ਨੂੰ ਜਾਣਨ ਜੋ ਉਹ ਵਾਸਤਵ ਵਿਚ ਹੈ। ਉਸ ਨੇ ਕਿਹਾ : ਜਿਹੜੇ ਲੋਕ ਅਨ੍ਹੇਰੇ ਵਿਚ ਚੱਲਦੇ ਸਨ ਉਨ੍ਹਾਂ ਨੇ ਵੱਡਾ ਚਾਨਣ ਵੇਖਿਆ (ਯਸਾਯਾਹ 9:2)। ਪਰਮੇਸ਼ਰ ਨੇ ਇਹ ਸਾਰੇ ਵਿਵਰਣ ਵੀ ਦਿੱਤੇ ਕਿ ਕਿਵੇਂ ਉਹ ਇਸ ਚਾਨਣ ਨੂੰ ਪਛਾਣਨਗੇ ; ਸਾਡੇ ਲਈ ਤਾਂ ਇਹ ਬਾਲਕ ਜੰਮਿਆ . . . ਸਾਨੂੰ ਇਕ ਪੁੱਤਰ ਬਖ਼ਸ਼ਿਆ ਗਿਆ (ਯਸਾਯਾਹ 9:6)।

ਨਿਸ਼ਚਿਤ ਤੌਰ ਤੇ, ਉਸ ਕਥਨ ਬਾਰੇ ਅਜਿਹਾ ਕੁਝ ਖਾਸ ਮਹਤੱਵਪੂਰਣ ਨਾ ਹੁੰਦਾ ਜੇ ਪਰਮੇਸ਼ਰ ਨੇ ਕੇਵਲ ਇਹ ਕਿਹਾ ਹੁੰਦਾ ਕਿ ਬਾਲਕ ਪੈਦਾ ਹੋਵੇਗਾ। ਆਖਿਰਕਾਰ, ਬੱਚੇ ਤਾਂ ਹਮੇਸ਼ਾ ਪੈਦਾ ਹੁੰਦੇ ਹਨ। ਵਾਸਤਵ ਵਿੱਚ ਇਹ ਰਿਕਾਰਡ ਮਹਤੱਵਪੂਰਣ ਹੁੰਦਾ ਕਿ ਇੱਕ ਪੁੱਤਰ ਬਖ਼ਸ਼ਿਆ ਜਾਵੇਗਾ। ਅਤੇ ਹੁਣ ਇਹ ਕਿ ਇਕ ਵਾਰ ਜਿਹੜੀ ਭਵਿੱਖਬਾਣੀ ਸੀ ਹੁਣ ਇਤਹਾਸ ਹੈ, ਕਿਉਂਕਿ ਜਿਸ ਦੇ ਬਾਰੇ ਪਰਮੇਸ਼ਰ ਨੇ ਕਿਹਾ ਇਹ ਹੋਵੇਗਾ ਉਹ ਹੋਇਆ। ਧਰਤੀ ਤੇ ਇਕ ਬਾਲਕ ਪੈਦਾ ਹੋਇਆ ਸੁਰਗ ਤੋਂ ਇਕ ਬੇਟਾ ਦਿੱਤਾ ਗਿਆ। ਇਕ ਬਾਲਕ ਦੇ ਪੈਦਾ ਹੋਣ ਦੇ ਰਾਹੀਂ ਜਿਹੜਾ ਕਿ ਇਕ ਬੇਟੇ ਦਾ ਉਪਹਾਰ ਸੀ, ਪਰਮੇਸ਼ਰ ਨੇ ਲੋਕਾਂ ਲਈ ਜੋਤੀ ਭੇਜੀ ਜਿਹੜੇ ਕਿ ਅਨ੍ਹੇਰੇ ਵਿਚ ਹੱਥ ਪੈਰ ਮਾਰ ਰਹੇ ਸਨ। ਐਥੇ ਤਕ ਕਿ ਹੁਣ ਦੇ ਦਿਨ ਤਕ ਉਹ ਜੋਤੀ ਅੰਧਕਾਰ ਅਤੇ ਸ਼ਕ ਨੂੰ ਮਿਟਾ ਰਹੀ ਹੈ ਜਿਹੜੀ ਕਿ ਨਹੀਂ ਤਾਂ ਪਰਮੇਸ਼ਰ ਨੂੰ ਸਾਡੀਆਂ ਅੱਖਾਂ ਤੋਂ ਛੁਪਾ ਦਿੰਦੀ।

ਪਰਮੇਸ਼ਰ ਦੇ ਅਦਭੁੱਤ ਬਾਲਕ ਦੇ ਜਨਮ ਦੇ ਫਰਕ ਨੂੰ ਸਮਝਾਉਣ ਲਈ ਅਤੇ ਉਸ ਨੂੰ ਹੋਰ ਦੂਜਿਆਂ ਤੋਂ ਵਖਰਾ ਕਰਨ ਲਈ ਪਰਮੇਸ਼ਰ ਨੇ ਪ੍ਰਤਿਗਿਆ ਕੀਤੀ

ਕਿ ਉਸ ਦੇ ਪੁੱਤਰ ਦਾ ਜਨਮ ਇੱਕ ਚਮਤਕਾਰੀ 'ਨਿਸ਼ਾਨ' ਦੇ ਰਾਹੀਂ ਪ੍ਰਮਾਣਿਤ ਕਰੇਗਾ: ਵੇਖੋ, ਇੱਕ ਕੁਆਰੀ ਗਰਭਵਤੀ ਹੋਵੇਗੀ ਅਤੇ ਪੁੱਤਰ ਜਣੇਗੀ ਅਤੇ ਉਹ ਉਸ ਦਾ ਨਾਮ ਇੰਮਾਨੂਏਲ ਰੱਖੇਗੀ (ਯਸਾਯਾਹ 7:14)।

ਕਿੰਨਾ ਅਦਭੁੱਤ ਹੈ ਕਿ ਉਸ ਦੇ ਵਾਸਤਵਿਕ ਨਾਮ ਇੰਮਾਨੂਏਲ ਦਾ ਅਰਥ ਹੈ 'ਪਰਮੇਸ਼ਰ ਸਾਡੇ ਨਾਲ।' ਅਤੇ ਇਸ ਨਾਮ ਦੇ ਦੁਆਰਾ ਜੋ ਕੁਝ ਸੂਚਿਤ ਕੀਤਾ ਗਿਆ, ਅਸੀਂ ਪ੍ਰਸ਼ੰਸਾ ਕਰਨਾ ਸ਼ੁਰੂ ਕਰ ਸਕਦੇ ਹਾਂ ਕਿ ਇਹ ਖਬਰ ਕਿੰਨੀ ਚੰਗੀ ਹੈ, ਜਿਵੇਂ ਕਿ ਇਹ ਬਾਈਬਲ ਵਿਚ ਰਿਕਾਰਡ ਕੀਤੀ ਗਈ ਹੈ, ਇਹ ਦੂਜੇ ਸਾਰੇ ਧਰਮਾਂ ਦੀ ਸਿੱਖਿਆਵਾਂ ਤੋਂ ਵਿਸ਼ੇਸ਼ ਹੈ। ਜਦ ਕਿ ਝੂਠੇ ਧਰਮ ਇਹ ਵਿਖਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਮਨੁੱਖ ਕਿਵੇਂ ਪਰਮੇਸ਼ਰ ਤਕ ਪਹੁੰਚ ਸਕਦਾ ਹੈ, ਬਾਈਬਲ ਪਰਮੇਸ਼ਰ ਦਾ ਰਿਕਾਰਡ ਹੈ ਕਿ ਕਿਵੇਂ ਉਹ ਹੇਠਾਂ ਮਨੁੱਖ ਤਕ ਪਹੁੰਚਿਆ।

ਜਿਵੇਂ ਬਾਈਬਲ ਵਿਚ ਰਿਕਾਰਡ ਕੀਤਾ ਗਿਆ ਜਦ ਪਰਮੇਸ਼ਰ ਨੇ ਧਰਤੀ ਦੇ ਗ੍ਰਹਿ ਉੱਤੇ ਬੀਚ ਹੈਡ ਸਥਾਪਿਤ ਕੀਤਾ, ਇਕ ਕੁਆਰੀ ਗਰਭਵਤੀ ਹੋਈ। ਅਤੇ ਉਸ ਦਿਨ ਜਦ ਸਰਿਸ਼ਟੀ ਦਾ ਰਚਨਵਾਲਾ ਆਪਣੇ ਆਪ ਨੂੰ ਨੀਵਾਂ ਕਰਕੇ ਸਮੇਂਅਤੇ ਅਕਾਸ਼ ਦਾ ਇੱਕ ਹਿੱਸਾ ਬਣਿਆ ਉਹ ਹੁਣ ਇਤਹਾਸ ਦਾ ਇਕ ਮਾਮਲਾ ਹੈ : ਪ੍ਰਭੂ ਦੇ ਇਕ ਦੂਤ ਨੇ ਸੁਫਨੇ ਵਿਚ ਉਹ ਨੂੰ ਦਰਸ਼ਣ ਦੇ ਕੇ ਕਿਹਾ, ''ਹੇ ਯੂਸੁਫ, ਦਾਊਦ ਦੇ ਪੁੱਤਰ, ਤੂੰ ਆਪਣੀ ਪਤਨੀ ਮਰਿਯਮ ਨੂੰ ਆਪਣੇ ਘਰ ਲਿਆਉਣ ਤੋਂ ਨਾ ਡਰ; ਕਿਉਂਕਿ ਜਿਹੜਾ ਉਹ ਦੀ ਕੁੱਖ ਵਿਚ ਆਇਆ ਹੈ ਉਹ ਪਵਿੱਤਰ ਆਤਮਾ ਤੋਂ ਹੈ'' (ਮੱਤੀ 1:20)। ਅਤੇ ਬਾਅਦ ਵਿੱਚ ਯਿਸੂ ਦੇ ਪੈਦਾ ਹੋਣ ਤੋਂ ਅਤੇ ਪੂਰੀ ਤਰਾਂ ਵਿਕਸਿਤ ਹੋ ਕੇ ਮਰਦਾਨਗੀ ਹਾਸਿਲ ਕਰਨ ਤੋਂ ਬਾਅਦ, ਉਸ ਨੇ ਹੋਰ ਵੀ ਆਪਣੇ ਪਰਮੇਸ਼ਰ ਹੋਣ ਦਾ ਅਧਿਕਾਰ ਵਿਰੋਧਪੂਰਣ ਸਥਿਤੀ ਦੀ ਉਪਸਥਿਤੀ ਵਿੱਚ ਇਹ ਆਖ ਕੇ ਜਤਾਇਆ : ਮੈਂ ਅਤੇ ਪਿਤਾ ਇੱਕੋ ਹਾਂ (ਯੂਹੰਨਾ 10:30)।

ਅਪੋਲੋ ਦੇ ਅੰਤਰਿਕਸ਼ ਯਾਤ੍ਰੀ ਜਿਸ ਇਰਵਿਨ ਪੰਦਰਾਂ ਨੇ ਲਿਖਿਆ: ''ਧਰਤੀ ਤੇ ਚਲਦਾ ਫਿਰਦਾ ਪਰਮੇਸ਼ਰ ਚੰਨ ਉੱਤੇ ਤੁਰਦੇ ਫਿਰਦੇ ਆਦਮੀ ਨਾਲੋਂ ਜਿਆਦਾ ਮਹਤੱਵਪੂਰਣ ਹੈ।'' ਨਿਸ਼ਚਿਤ ਤੌਰ ਤੇ ਕੋਈ ਵੀ ਅਸਾਧਾਰਣ ਕੰਮ ਨਹੀ ਜਿਹੜਾ ਮਨੁੱਖ ਨੇ ਆਕਾਸ਼ ਵਿੱਚ ਪੂਰਾ ਕੀਤਾ ਜਿਸ ਦੀ ਤੁਲਨਾ ਉਹ ਪਲ ਦੇ ਚਮਤਕਾਰ ਨਾਲ ਕੀਤੀ ਜਾ ਸਕੇ ਜਦੋਂ ਪਰਮੇਸ਼ਰ ਨੇ ਅਨੰਤਕਾਲ ਤੋਂ ਬਾਹਰ ਜੀਵਨ ਕਾਲ ਵਿਚ ਕਦਮ ਰੱਖਿਆ।

ਉਸ ਭਵਿੱਖਬਾਣੀ ਤੋਂ ਬਾਅਦ ਕਿ ਇੱਕ ਬਾਲਕ ਪੈਦਾ ਹੋਵੇਗਾ ਅਤੇ

ਇੱਕ ਬੇਟਾ ਬਖਸ਼ਿਆ ਜਾਵੇਗਾ, ਇਸ ਅਦਭੁੱਤ ਵਿਅਕਤੀ ਦੇ ਬਾਰੇ ਜਿਆਦਾ ਵਿਵਰਣ ਉਸ ਦੇ ਪੈਗੰਬਰੀ 'ਸੰਖੇਪ' ਦਾ ਅਨੁਸਰਣ ਕਰਨਾ ਹੈ: ''ਅਤੇ ਉਹ ਦਾ ਨਾਮ ਇਉਂ ਸੱਦਿਆ ਜਾਵੇਗਾ, ਅਚਰਜ ਸਲਾਹੂ, ਸ਼ਕਤੀਮਾਨ ਪਰਮੇਸ਼ਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜ ਕੁਮਾਰ। ਉਹ ਦੇ ਰਾਜ ਦੀ ਤਰੱਕੀ ਅਤੇ ਸਲਾਮਤੀ ਦੀ ਕੋਈ ਹੱਦ ਨਾ ਹੋਵੇਗੀ'' (ਯਸਾਯਾਹ 9:6,7)। ਨਿਸ਼ਚਿਤ ਤੌਰ ਤੇ, ਅਜਿਹੀ ਭਿਆਨਕ ਸਾਮਰਥ ਅਤੇ ਉਦੇਸ਼ ਦੇ ਮਿਸ਼ਨ ਦੀ ਲੋੜ ਹੋਵੇਗੀ ਜੇ ਕੋਈ ਸੰਸਾਰ ਦਾ ਸਫਲ ਹਾਕਮ ਬਣਨਾ ਚਾਹੁੰਦਾ ਹੈ। ਅੱਜ ਦੇ ਸੰਸਾਰ ਵਿਚ ਵੀ, ਅਸੀਂ ਅਜਿਹੇ ਆਗੂਆਂ ਦੀ ਭਾਲ ਕਰਦੇ ਹਾਂ ਜਿਨ੍ਹਾਂ ਕੋਲ ਸਿਰਫ ਸਹੀ ਕੰਮ ਕਰਨ ਦਾ ਗਿਆਨ ਹੀ ਨਹੀਂ, ਪਰ ਉਸ ਨੂੰ ਕਰਨ ਦੀ ਸਾਮਰਥ ਵੀ ਹੋਵੇ। ਕੁਝ ਆਗੂਆਂ ਨੇ ਪਤਾ ਹੋ ਸਕਦਾ ਹੈ ਕਿ ਕਿਹੜੀ ਕਾਰਵਾਈ ਕਰਨੀ ਚਾਹੀਦੀ ਹੈ, ਪਰ ਇਤਹਾਸ ਵਿਚ ਕਿਸੇ ਵੀ ਆਗੂ ਕੋਲ ਚਿਰਸਥਾਈ ਸ਼ਾਂਤੀ ਬਣਾਏ ਰੱਖਣ ਦੀ ਸਾਮਰਥ ਅਤੇ ਬੁੱਧੀਮਾਨੀ ਕਦੇ ਨਹੀਂ ਹੋਈ।

ਸ਼ਾਂਤੀ ਦੇ ਰਾਜਕੁਮਾਰ ਕੋਲ ਇਸ ਸੰਸਾਰ ਵਿਚ ਸਥਾਈ ਸ਼ਾਂਤੀ ਲਿਆਉਣ ਦਾ ਗਿਆਨ ਅਤੇ ਸਾਮਰਥ ਦੋਵੇਂ ਹਨ। ਇੱਕ ਦਿਨ ਯਿਸੂ ਇਸ ਧਰਤੀ ਗ੍ਰਹਿ ਉੱਤੇ ਹਕੂਮਤ ਕਰਨ ਲਈ ਵਾਪਿਸ ਆਵੇਗਾ। ਜਦ ਉਹ ਦਿਨ ਅਰੰਭ ਹੋਵੇਗਾ, ਹਰੇ ਕ ਹਥਿਆਰ ਵਾਲੀ ਫੈਕਟਰੀ ਬੰਦ ਹੋ ਜਾਵੇਗੀ; ਹਰੇਕ ਵਿਸਫੋਟ ਨਾ ਹੋਇਆ ਹੋਇਆ ਪਰਮਾਣੂ ਬੰਬ ਪ੍ਰਭਾਉਹੀਣ ਕਰ ਦਿੱਤਾ ਜਾਵੇਗਾ, ਅਤੇ ਬਾਰਡਰ ਦੇ ਹਰੇ ਕ ਗਾਰਡ ਅਤੇ ਸਿਪਾਹੀ ਭਲਿਆਈ ਲਈ ਘਰ ਭੇਜ ਦਿੱਤੇ ਜਾਣਗੇ।

ਮਨੁੱਖ ਨੇ ਪਹਿਲਾਂ ਹੀ ਇਹ ਪ੍ਰਮਾਣਿਤ ਕਰ ਦਿੱਤਾ ਹੈ ਕਿ ਸ਼ਾਸਨ ਕਰਨ ਲਈ ਕਿੰਨਾ ਨਿਰਾਸ਼ ਅਤੇ ਅਪਰਿਆਪਤ ਹੈ। ਉਸ ਪਲ ਤਕ ਸਾਰਿਆਂ ਲਈ ਸ਼ਾਂਤੀ ਅਤੇ ਨਿਆਂ ਨੂੰ ਇੰਤਜ਼ਾਰ ਕਰਨਾ ਹੈ ਜਦ ਸ਼ਾਂਤੀ ਦਾ ਰਾਜਕੁਮਾਰ ਆਪ ਸਾਰੀ ਦੁਨੀਆਂ ਦੀ ਸਲਤਨਤ ਉੱਤੇ ਰਾਜ ਦੰਡ ਨਾਲ ਹਕੂਮਤ ਕਰੇਗਾ। ਤਦ ਉਹ ਲੋਕ ਆਪਣੀਆਂ ਤਲਵਾਰਾਂ ਨੂੰ ਕੱਟ ਕੇ ਫਾਲੇ ਬਣਾਉਣਗੇ, ਅਤੇ ਆਪਣੇ ਬਰਛਿਆਂ ਨੂੰ ਦਾਤ। ਕੌਮ ਕੌਤ ਉੱਤੇ ਤਲਵਾਰ ਨਹੀਂ ਚੱਕੇਗੀ, ਅਤੇ ਉਹ ਫੇਰ ਕਦੀ ਵੀ ਲੜਾਈ ਨਾ ਸਿੱਖਣਗੇ (ਯਸਾਯਾਹ 2:4)। ਉਸ ਸ਼ਾਂਤੀ ਵਾਲੇ ਦਿਲ : ਧਰਤੀ ਤਾਂ ਯਹੋਵਾਹ ਦੇ ਪਰਤਾਪ ਦੇ ਗਿਆਨ ਨਾਲ ਭਰ ਜਾਵੇਗੀ, ਜਿਵੇਂ ਸਮੁੰਦਰ ਪਾਣੀ ਨਾਲ ਭਰਪੂਰ ਹੋ (ਹਬਕੂਕ 2:14)। ਇਤਹਾਸ ਲਈ ਹੋਰ ਕੋਈ ਸਿੱਟਾ ਨਹੀਂ ਹੋ ਸਕਦਾ ਜਿਹੜਾ ਪਰਮੇਸ਼ਰ ਦੇ ਅਨੰਤਕਾਲ ਦੇ ਸ਼ਕ ਦੂਰ ਕਰੇ।

ਪਰ ਪ੍ਰਭੂ ਯਿਸੂ ਦੀ ਅਗਵਾਈ ਹੇਠ ਉਸ ਸਰਵਵਿਆਪਕ ਸ਼ਾਂਤੀ ਦੇ ਦਿਨ ਤੋਂ ਪਹਿਲਾਂ, ਲੋਕਾਂ ਵਿਚ ਬਹੁਤ ਜਿਆਦਾ ਅਤੇ ਅਸਲੀ ਵਿਭਾਜਨ ਸਪਸ਼ਟ ਵੇਖਣ ਨੂੰ ਮਿਲੇਗਾ ਅਤੇ ਆਉਣ ਵਾਲਾ ਮਤਭੇਦ ਮਾਨਵ ਯਿਸੂ ਮਸੀਹ ਦੇ ਇਰਦ ਗਿਰਦ ਕੇਂਦ੍ਰਿਤ ਹੋਵੇਗਾ।

ਇਸ ਲਈ ਇਹ ਬਹੁਤ ਹੀ ਮਹਤੱਵਪੂਰਣ ਹੈ ਕਿ ਤੁਸੀਂ ਸ਼ੰਕਾਂ ਰਹਿਤ ਰਹੋ ਕਿ ਯਿਸੂ ਕੌਣ ਹੈ, ਉਹ ਕਿਉਂ ਆਇਆ, ਅਤੇ ਜਦ ਉਹ ਇੱਥੇ ਸੀ ਤਾਂ ਉਸ ਨੇ ਤੁਹਾਡੇ ਲਈ ਕੀ ਕੀਤਾ।

ਉਤਪਤ ਦੀ ਕਿਤਾਬ ਅਤੇ ਯੂਹੰਨਾ ਦੀ ਕਿਤਾਬ ਮਿਲਦੇ ਜੁਲਦੇ ਤਰੀਕਿਆਂ ਨਾਲ ਸ਼ੁਰੂ ਹੁੰਦੀਆਂ ਹਨ। ਉਤਪਤ ਦੀ ਕਿਤਾਬ ਵਿੱਚ ਅਸੀਂ ਪੜਦੇ ਹਾਂ: ਆਦ ਵਿੱਚ ਪਰਮੇਸ਼ਰ ਨੇ ਅਕਾਸ਼ ਅਤੇ ਧਰਤੀ ਨੂੰ ਉਤਪਤ ਕੀਤਾ (ਉਤਪਤ 1:1)। ਯੂਹੰਨਾ ਵਿੱਚ ਅਸੀਂ ਪੜਦੇ ਹਾਂ: ਆਦ ਵਿਚ ਸ਼ਬਦ ਸੀ ...ਸ਼ਬਦ ਪਰਮੇ ਸ਼ਰ ਸੀ ...ਸੱਭੋ ਕੁਝ ਉਸ ਤੋਂ ਰਚਿਆ (ਯੂਹੰਨਾ 1:1,3)। ਪਰਮੇਸ਼ਰ, ਜਿਹੜਾ ਉਤਪਤ ਵਿਚ ਇਲੋਹਿਮ ਅਖਵਾਉਂਦਾ ਹੈ, ਉਹ ਯੂਹੰਨਾ ਦੀ ਇੰਜੀਲ ਵਿਚ ਉਸ ਦਾ ਜ਼ਿਕਰ 'ਸ਼ਬਦ' ਹੈ। ਇਲੋਹਿਮ ਸ਼ਬਦ ਹੈ, ਅਤੇ ਉਸ ਨੇ ਆਪਣੇ ਆਪ ਨੂੰ ਮਨੁੱਖ ਜਾਤੀ ਦੇ ਕਪੜੇ ਧੁਆ ਕੇ ਆਪਣੀ ਬਣਾਈ ਸਰਿਸ਼ਟੀ ਦੇ ਵਿਚਕਾਰ ਤੁਰਿਆ ਫਿਰਿਆ। ਸ਼ਬਦ ਦੇਹ ਧਾਰੀ ਹੋਇਆ ਅਤੇ ਸਾਡੇ ਵਿਚ ਵਾਸ ਕੀਤਾ। ਇਸ ਦੇ ਪੂਰਣ ਮੂਲ-ਪਾਠ ਵਿਚੋਂ ਇਹ ਪ੍ਰਭਾਵਪੂਰਣ ਕਥਨ ਇਸ ਤਰਾਂ ਲਿਖਿਆ ਗਿਆ ਹੈ।

> ਆਦ ਵਿਚ ਸ਼ਬਦ ਸੀ ਅਰ ਸ਼ਬਦ ਪਰਮੇਸ਼ਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ਰ ਸੀ। ਇਹੋ ਆਦ ਵਿਚ ਪਰਮੇਸ਼ਰ ਦੇ ਸੰਗ ਸੀ। ਸਭੋਂ ਕੁਝ ਉਸ ਤੋਂ ਰਚਿਆ ਗਿਆ, ਅਤੇ ਰਚਨਾ ਵਿਚੋਂ ਇੱਕ ਵਸਤੂ ਭੀ ਉਸ ਤੋਂ ਬਿਨਾਂ ਨਹੀਂ ਰਚੀ ਗਈ ...ਉਹ ਜਗਤ ਵਿਚ ਸੀ, ਅਤੇ ਜਗਤ ਉਸ ਤੋਂ ਰਚਿਆ ਗਿਆ, ਪਰ ਜਗਤ ਨੇ ਉਸ ਨੂੰ ਨਾ ਪਛਾਤਾ। ਉਹ ਆਪਣੇ ਘਰ ਆਇਆ, ਅਰ ਜਿਹੜੇ ਉਸ ਦੇ ਆਪਣੇ ਸਨ ਉਨ੍ਹਾਂ ਨੇ ਉਸ ਨੂੰ ਕਬੂਲ ਨਾ ਕੀਤਾ। ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪਰਮੇਸ਼ਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ, ਅਰਥਾਤ ਜਿਨ੍ਹਾਂ ਨੇ ਉਸ ਦੇ ਨਾਂ ਉੱਤੇ ਨਿਹਚਾ ਕੀਤੀ,

...ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਸਾਡੇ ਵਿਚ ਵਾਸ ਕੀਤਾ (ਅਤੇ ਅਸੀਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ), ਕਿਰਪਾ ਅਤੇ ਸਚਿਆਈ ਨਾਲ ਭਰਪੂਰ ... (ਯੂਹੰਨਾ 1:1–3, 10:12,14)।

ਫਿਲਿਪੁਸ ਨੇ ਯਿਸੂ ਤੋਂ ਖਾਸ ਬੇਨਤੀ ਕੀਤੀ ਜਦ ਉਸ ਨੇ ਕਿਹਾ, ਪ੍ਰਭੂ ਜੀ ਪਿਤਾ ਦਾ ਸਾਨੂੰ ਦਰਸ਼ਣ ਕਰਾ (ਯੂਹੰਨਾ 14:8)। ਬਹੁਤ ਹੈਰਾਨੀ ਨਾਲ, ਯਿਸੂ ਨੇ ਜਵਾਬ ਦਿੱਤਾ, ਜਿਨ ਮੈਨੂੰ ਵੇਖਿਆ ਉਸ ਨੇ ਪਿਤਾ ਨੂੰ ਵੇਖਿਆ ਹੈ (ਯੂਹੰਨਾ 14:9)। ਅਜਿਹੇ ਅਸਚਰਜ-ਜਨਕ ਜਵਾਬ ਦੇਣ ਵਾਲਾ ਯਿਸੂ ਇਕ ਮੰਦਬੁੱਧੀ ਵਿਅਕਤੀ ਲੱਗਦਾ ਸੀ ਜਾਂ ਇਕ ਧੋਖਾ ਦੇਣ ਵਾਲਾ, ਜਦ ਤਕ ਕਿ ਉਹ ਆਪਣੇ ਆਪ ਹੀ ਪਰਮੇਸ਼ਰ ਸੀ ਕੋਈ ਵੀ ਉਸ ਉੱਤੇ ਪਹਿਲੇ ਦੋਹਾਂ ਵਿਚੋਂ ਕਿਸੇ ਲਈ ਵੀ ਗੰਭੀਰਤਾ ਪੂਰਵਕ ਆਰੋਪ ਨਹੀਂ ਲਗਾਏਗਾ। ਜੇ ਉਹ ਪਰਮੇਸ਼ਰ ਨਾ ਹੁੰਦਾ, ਤਾਂ ਉਹ ਸਭ ਤੋਂ ਵੱਡਾ ਪਾਖੰਡੀ ਹੁੰਦਾ ਜਿਸ ਨੂੰ ਸੰਸਾਰ ਨੇ ਕਦੇ ਨਾ ਜਾਣਿਆ ਹੁੰਦਾ। ਇਸ ਲਈ ਸਾਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਜਦ ਅਸੀਂ ਯਿਸੂ ਨੂੰ ਵੇਖਦੇ ਹਾਂ ਅਸੀਂ ਪਰਮੇਸ਼ਰ ਨੂੰ ਵੇਖਦੇ ਹਾਂ।

ਇਹ ਇਸ ਸਥਾਨ ਤੇ ਹੈ – ਇਸ ਗੱਲ ਦੀ ਘੋਸ਼ਣਾ ਕਿ ਯਿਸੂ ਕੌਣ ਹੈ – ਕਿ ਲੋਕ ਦਲ ਦੇ ਹਿੱਸੇ ਕਰਨੇ ਸ਼ੁਰੂ ਕਰਦੇ ਹਨ। ਇਕ ਤਰਾਂ ਨਾਲ, ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਜਦ ਯਿਸੂ ਨੇ ਕਿਹਾ, ਮੈਂ ਅਰ ਪਿਤਾ ਇੱਕੋ ਹਾਂ (ਯੂਹੰਨਾ 10:30)। ਕਈਆਂ ਨੇ ਉਸ ਵਿਚ ਪਰਮੇਸ਼ਰ ਲਈ ਆਪਣੀ ਖੋਜ ਵਿਚ ਆਪਣਾ ਜਵਾਬ ਲੱਭ ਲਿਆ ਹੈ। ਫੇਰ ਵੀ, ਦੂਜਿਆਂ ਨੇ ਜਿਹੜੇ ਇਸ ਸੰਭਾਵਨਾ ਦੀ ਕਲਪਨਾ ਨਹੀਂ ਕਰ ਸਕੇ ਕਿ ਪਰਮੇਸ਼ਰ ਨੇ ਆਪਣੇ ਆਪ ਨੂੰ ਇਸ ਤਰਾਂ ਨੀਵਾਂ ਕੀਤਾ ਉਨ੍ਹਾਂ ਨੇ ਵਿਰੋਧ ਪੂਰਣ ਢੰਗ ਨਾਲ ਪ੍ਰਤਿਕ੍ਰਿਯਾ ਵਿਖਾਈ। ਯਿਸੂ ਨੇ ਕੁਝ ਲੋਕਾਂ ਵਿਚ ਰੁਚੀ ਪੈਦਾ ਕੀਤੀ, ਪਰ ਹੋਰਾਂ ਨਾਲ ਬੇਰੁਖੀ ਵਿਖਾਈ, ਬੇਸ਼ਕ ਉੱਥੇ ਕਿੰਨੇ ਸਨ ਜਿਹੜੇ ਉਸ ਦੇ ਪਿੱਛੇ ਹੋ ਤੁਰੇ, ਪਰ ਉੱਥੇ ਹੋਰ ਵੀ ਕਈ ਸਨ ਜਿਨ੍ਹਾਂ ਨੇ ਉਸ ਦੀ ਮੌਤ ਦੀ ਯੋਜਨਾ ਬਣਾਈ।

ਆਪਣੇ ਜੀਵਨ ਦੇ ਸਮੇਂ ਵਿਚ ਵੀ ਯਿਸੂ ਨੇ ਲੋਕਾਂ ਨੂੰ ਅੱਡ ਅੱਡ ਕੀਤਾ। ਉਸ ਨੇ ਸਪਸ਼ਟਤਾ ਨਾਲ ਆਖਿਆ,

ਜੋ ਮੇਰੇ ਨਾਲ ਨਹੀਂ ਸੋ ਮੇਰੇ ਵਿਰੁਧ ਹੈ (ਮੱਤੀ 12:30)।ਫੇਰ ਵੀ, ਇਹ

ਜਰੂਰੀ ਨਹੀਂ ਕਿ ਸ਼ੁਰੂ ਦੀ ਪ੍ਰਤਿਕ੍ਰਿਆ ਇਕ ਸਥਾਈ ਪ੍ਰਤਿਕਰਮ ਹੋਵੇ।

ਆਉ ਇਕ ਮਨੁੱਖ ਬਾਰੇ ਵਿਚਾਰ ਕਰੀਏ ਜਿਹੜਾ ਯਿਸੂ ਦਾ ਦੁਸ਼ਮਣ ਹੁੰਦੇ ਹੋਏ ਮੁੜਿਆ ਅਤੇ ਉਸ ਦੀ ਅਨੁਯਾਈ ਹੋ ਗਿਆ। ਆਪਣੇ ਸ਼ੁਰੂ ਦੇ ਦਿਨਾਂ ਵਿਚ ਸੌਲੁਸ, ਇਕ ਯਹੂਦੀ ਰੱਬੀ, ਯਿਸੂ ਦੇ ਅਨੁਯਾਈਆਂ ਇਤਨੀ ਜਿਆਦਾ ਨਫਰਤ ਕਰਦਾ ਸੀ ਕਿ ਉਹ ਉਨ੍ਹਾਂ ਨੂੰ ਪਕੜਵਾ ਦਿੰਦਾ ਸੀ ਅਤੇ ਇੱਥੋਂ ਤਕ ਕਿ ਉਨ੍ਹਾਂ ਦੀ ਮੌਤ ਵਿਚ ਸਹਿਮਤ ਹੁੰਦਾ ਸੀ, ਪਰ ਬਦਲ ਜਾਣ ਤੋਂ ਬਾਅਦ, ਉਸ ਨੇ ਆਪਣੇ ਬਾਕੀ ਸਾਲ ਯਿਸੂ ਦਾ ਆਦਰ ਆਪਣੇ ਪ੍ਰਭੂ ਅਤੇ ਸੁਆਮੀ ਦੇ ਰੂਪ ਵਿਚ ਕਰਕੇ ਗੁਜ਼ਾਰੇ। ਇੱਥੋਂ ਤਕ ਕਿ ਉਸ ਨੇ ਮਸੀਹ ਨਾਲ ਆਪਣੀ ਵਫਾਦਾਰੀ ਕਰਕੇ ਖੁਸ਼ੀ ਖੁਸ਼ੀ ਬਹੁਤ ਜਿਆਦਾ ਤੰਗੀ ਨੂੰ ਵੀ ਸਹਿਣ ਕੀਤਾ। ਕਿਸ ਗੱਲ ਨਾਲ ਇਕ ਫਰਕ ਪਿਆ?

ਜਦ ਸੌਲੁਸ ਦੰਮਿਸ਼ਕ ਦੀ ਰਾਹ ਤੇ ਜਾ ਰਿਹਾ ਸੀ, ਉਸ ਦੇ ਚੁਫੇਰੇ ਇਕ ‘‘ਵੱਡੀ ਜੋਤ’’ ਚਮਕੀ। ਉਹ ਰੋਸ਼ਨੀ ਇਤਨੀ ਤੇਜ਼ ਸੀ ਕਿ ਉਹ ਕੁਝ ਚਿਰ ਵਾਸਤੇ ਅੰਨ੍ਹਾਂ ਹੋ ਗਿਆ। ਸੌਲੁਸ ਫੇਰ ਵੀ ਅੰਤਰ ਪ੍ਰੇਰਣਾ ਰਾਹੀਂ ਜਾਣਦਾ ਸੀ ਕਿ ਉਹ ਪਰਮੇ ਸ਼ਰ ਦੀ ਉਪਸਥਿਤੀ ਵਿਚ ਸੀ।

ਯਹੋਵਾਹ ਲਈ ਯੂਨਾਨੀ ਸ਼ਬਦ ਦਾ ਇਸਤੇਮਾਲ ਕਰਦੇ ਹੋਏਉਸ ਨੇ ਪੁੱਛਿਆ, ਪ੍ਰਭੂ ਜੀ ਤੂੰ ਕੌਣ ਹੈ? ਪਰਮੇਸ਼ਰ ਨੇ ਜਵਾਬ ਦਿੱਤਾ, ਮੈਂ ਯਿਸੂ ਹਾਂ ਜਿਹ ਨੂੰ ਤੂੰ ਸਤਾਉਂਦਾ ਹੈਂ (ਰਸੂਲਾਂ ਦੇ ਕਰਤੱਬ 9:5)। ਉਸ ਦਿਨ ਸੌਲੁਸ ਨੇ ਜਾਣ ਲਿਆ ਕਿ ਯਹੋਵਾਹ ਅਤੇ ਯਿਸੂ ਇੱਕੋ ਹਨ।

ਇਸ ਪ੍ਰਕਾਸ਼ਨ ਨੇ ਸੌਲੁਸ ਨੂੰ ਯਿਸੂ ਦਾ ਦੁਸ਼ਮਣ ਹੋਣ ਤੋਂ ਬਦਲ ਕੇ ਪੌਲੁਸ ਪ੍ਰੇਰਿਤ ਬਣਾ ਦਿੱਤਾ। ਉਸ ਦਿਨ ਤੋਂ ਉਸ ਨੇ ਪੂਰੀ ਤਰਾਂ ਨਾਲ ਆਪਣਾ ਜੀਵਨ ਪ੍ਰਭੂ ਯਿਸੂ ਮਸੀਹ ਨੂੰ ਸੌਂਪ ਦਿੱਤਾ। ਬੇਸ਼ਕ ਆਪਣੇ ਇਸ ਵਿਸ਼ਵਾਸ ਲਈ ਉਸ ਨੇ ਬਹੁਤ ਦੁੱਖ ਫੈਲਾਉਂਦੇ ਹੋਏਬਿਤਾਇਆ ਕਿ ਪਰਮੇਸ਼ਰ ਇਸ ਗ੍ਰਹਿ ਧਰਤੀ ਦੇ ਉੱਤੇ ਆਇਆ ਸੀ। ਪੌਲੁਸ ਦੇ ਜੀਵਨ ਵਿਚ ਯਿਸੂ ਮਸੀਹ ਦੀ ਸਚਿਆਈ ਨੇ ਉਸ ਨੂੰ ਸਾਰੇ ਸਮਿਆਂ ਦੇ ਮਿਸ਼ਨਰੀਆਂ ਵਿਚੋਂ ਇਕ ਮਹਾਨ ਮਿਸ਼ਨਰੀ ਵਿਚ ਬਦਲ ਦਿੱਤਾ। ਉਸ ਦੀਆਂ ਪ੍ਰਤੀਆਂ ਉਸ ਦੇ ਦ੍ਰਿੜ ਵਿਸ਼ਵਾਸ ਨਾਲ ਭਰੀਆਂ ਹੋਈਆਂ ਹਨ ਕਿ ਸਾਰੀਆਂ ਵਸਤਾਂ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਅਤੇ ਉਸ ਦੇ ਲਈ ਉਤਪਤ ਹੋਈਆਂ ਹਨ (ਕੁਲੁਸੀਆਂ 1:16)।

ਜਿਵੇਂ ਅਸੀਂ ਵੇਖਿਆ ਹੈ, ਬਾਈਬਲ ਘੋਸ਼ਣਾ ਕਰਦੀ ਹੈ ਕਿ ਨਾਸਰਤ ਦਾ ਯਿਸੂ ਪਰਮੇਸ਼ਰ ਪੁੱਤਰ ਹੈ, ਸਿਰਫ ਪਰਮੇਸ਼ਰ ਦਾ ਇਕ ਪੁੱਤਰ ਨਹੀਂ ਜਿਵੇਂ ਮਰਮੋਨਜ਼ ਯਹੋਵਾਹ ਵਿਟਨੈਸ ਵਾਲੇ ਅਤੇ ਹੋਰ ਦੂਜੇ ਵਿਸ਼ਵਾਸ ਕਰਦੇ ਹਨ। ਨਾ ਹੀ ਉਹ ਪਰਮੇਸ਼ਰ ਦਾ ਇਕ ਨਬੀ ਸੀ ਜਿਵੇਂ ਇਸਲਾਮ ਸਿੱਖਿਆ ਦਿੰਦਾ ਹੈ। ਬਹੁਤਿਆਂ ਨੇ ਅਜਿਹੇ ਸਮੂਹਾਂ ਦੀ ਝੂਠੀ ਸਿੱਖਿਆਵਾਂ ਨੂੰ ਸ਼ਾਮਿਲ ਕਰਨ ਦੀ ਕੋਸ਼ਿਸ਼ ਵਿਚ ਉਸ ਪ੍ਰਕਾਸ਼ਨ ਨੂੰ ਜਿਹੜਾ ਪਰਮੇਸ਼ਰ ਨੇ ਉਨ੍ਹਾਂ ਨੂੰ ਆਪਣੇ ਬਾਰੇ ਚਿੰਤਾ ਵੱਲ ਧਿਆਨ ਨਾ ਦੇਣ ਦਾ ਚੁਣਾਵ ਕੀਤਾ ਹੈ। ਇਹ, ਭਿੰਨ ਭਿੰਨ ਧਾਰਮਿਕਤ ਰੀਤਾਂ ਨੂੰ ਇੱਕਠਾ ਮਿਲਾਉਣਾ'' ਕਰਕੇ ਜਾਣਿਆ ਜਾਂਦਾ ਹੈ, ਜਿਸ ਦਾ ਸਪਸ਼ਟ ਅਰਥ ਵੈਬਸਟਰਜ਼ ਡਿਕਸ਼ਨਰੀ ਦੇ ਅਨੁਸਾਰ ''ਫਰਕ ਫਰਕ ਵਿਸ਼ਵਾਸ ਨੂੰ ਇੱਕਠਾ ਕਰਨ ਦੀ ਕੋਸ਼ਿਸ਼ ਕਰਨਾ ਹੈ।''

ਉਦਾਹਰਣ ਦੇ ਤੌਰ ਤੇ, ਹਿੰਦੂ 'ਯਿਸੂ' ਦੀ ਸਚਾਈ ਨਾਲ ਇਸ ਤਰਾਂ ਸਹਿਮਤ ਹੁੰਦੇ ਹਨ ਕਿ ਆਪਣੇ ਹੋਰ ਬਹੁਤ ਸਾਰੇ ਦੂਜੇ 'ਦੇਵਤਿਆਂ' ਨਾਲ ਅਲਮਾਰੀ ਵਿਚ ਯਿਸੂ ਦੀ ਤਸਵੀਰ ਵੀ ਰੱਖ ਲੈਂਦੇ ਹਨ। ਸਾਨੂੰ ਚੰਗੀ ਤਰਾਂ ਯਾਦ ਹੈ ਕਿ ਜਦ ਏਲੀਯਾਹ ਦੇ ਪਰਮੇਸ਼ਰ, ਸੱਚੇ ਅਤੇ ਜੀਵਿਤ ਪਰਮੇਸ਼ਰ ਨੇ, ਵਿਧਰਮੀ ਬਆਲ ਦੀ ਮੂਰਤੀ ਦਾ ਸਾਹਮਣਾ ਕੀਤਾ, ਤਾਂ ਉਸ ਨੇ ਸੱਟ ਮਾਰ ਕੇ ਉਸ ਨੂੰ ਮੁੱਧੇ ਮੂੰਹ ਆਪਣੇ ਸਾਹਮਣੇ ਜ਼ਮੀਨ ਤੇ ਡੇਗ ਦਿੱਤਾ। ਇਸੇ ਤਰਾਂ ਹਰੇਕ ਮਨੁੱਖ ਦੇ ਦੁਆਰਾ ਬਣਾਇਆ ਗਿਆ ਅਤੇ ਮਨੁੱਖ ਦੇ ਦੁਆਰਾ ਕਲਪਨਾ ਕੀਤਾ ਗਿਆ ਦੇਵਤਾ ਪ੍ਰਭੂ ਯਿਸੂ ਮਸੀਹ ਦੇ ਸਾਹਮਣੇ ਡਿੱਗੇਗਾ ਕਿਉਂਕਿ ਉਹ ਪਰਮੇਸ਼ਰ ਪੁੱਤਰ ਹੈ, ਪਿਤਾ ਦੇ ਨਾਲ ਅਤੇ ਪਵਿੱਤਰ ਆਤਮਾ ਦੇ ਨਾਲ ਇਕ ਸਦਾ ਰਹਿਣ ਵਾਲਾ ਹੈ।

ਇਕ ਵਾਰ ਜਦ ਅਸੀਂ ਸਮਝ ਜਾਂਦੇ ਹਾਂ ਕਿ ਯਿਸੂ ਮਸੀਹ ਪਰਮੇਸ਼ਰ ਹੈ ਤਾਂ ਸਾਨੂੰ ਕੰਵਾਰੀ ਲੜਕੀ ਰਾਹੀਂ ਉਸ ਦੇ ਪੈਦਾ ਹੋਣ ਉਸ ਦੇ ਬਹੁਤ ਸਾਰੇ ਚਮਤਕਾਰ, ਉਸ ਦੀ ਮੌਤ ਅਤੇ ਜੀ ਉੱਠਣ ਉਸ ਦੇ ਸੁਰਗ ਵਿਚ ਚੁੱਕੇ ਜਾਣ ਅਤੇ ਸਮਰਥਾ ਅਤੇ ਮਹਿਮਾ ਵਿਚ ਛੇਤੀ ਧਰਤੀ ਤੇ ਵਾਪਸ ਆਉਣ ਵਿਚ ਵਿਸ਼ਵਾਸ ਕਰਨ ਵਿਚ ਕੋਈ ਵੀ ਮੁਸ਼ਕਲ ਨਹੀਂ ਹੋਣੀ ਚਾਹੀਦੀ। ਕਿਉਂਕਿ ਯਿਸੂ ਮਸੀਹ 'ਵਾਸਤਵਿਕ ਪਰਮੇਸ਼ਰ' ਹੈ ਸਰਿਸ਼ਟੀ ਦਾ ਇਸ ਦੇ ਸਾਰੇ ਨਿਯਮਾਂ ਅਤੇ ਜੀਵਨ ਸੰਭਾਲਣ ਦੀ ਸਾਰੀ ਪ੍ਰਣਾਲੀਆਂ ਸਮੇਤ ਇਸ ਨੂੰ ਰਚਨ ਵਾਲਾ ਉਹ ਹਰੇਕ ਨਿਯਮ ਤੋਂ ਉੱਪਰ ਉੱਠਿਆ ਜਿਹੜੇ ਉਸ ਨੇ ਆਪਣੇ ਪਿਆਰ ਅਤੇ ਛੁਟਕਾਰੇ ਦੇ ਉਦੇਸ਼ਾਂ ਲਈ ਆਪ ਰੱਚੇ।

ਨਾਸਰਤ ਦੇ ਯਿਸੂ ਦੇ ਵਿਅਕਤੀਤੱਵ ਇਰਦ ਗਿਰਦ ਸੰਸਾਰ ਵੰਡਿਆ ਹੋਇਆ ਹੈ। ਇਹ ਅੱਡ ਕੀਤੇ ਹੋਏ ਸਮੂਹ ਇਸ ਗੱਲ ਉੱਤੇ ਕਾਇਮ ਨਹੀਂ ਹਨ ਕਿ ਉਨ੍ਹਾਂ ਨੇ ਕੀ ਪ੍ਰਾਪਤ ਕੀਤਾ ਜਾ ਗੰਵਾਇਆ, ਨਾ ਹੀ ਇਸ ਗੱਲ ਉੱਤੇ ਕਿ ਉਹ ਰਾਜਨੀਤਿਕ ਤੌਰ ਤੇ ਕਿੰਨੇ ਮਜ਼ਬੂਤ ਜਾਂ ਕਮਜੋਰ ਹਨ, ਨਾ ਹੀ ਇਸ ਗੱਲ ਤੇ ਕਿ ਦੇਸ਼ਾਂ ਦੇ ਅੱਡ ਅੱਡ ਵਿਚਾਰ ਧਾਰਨਾਵਾਂ ਹਨ। ਵਾਸਤਵਿਕ ਵਿਭਾਜਨ ਜਿਹੜਾ ਮੌਜੂਦ ਹੈ ਜਿਹੜਾ ਉਸ ਵੇਲੇ ਪੈਦਾ ਕੀਤਾ ਜਦ ਪਰਮੇਸ਼ਰ ਇਸ ਧਰਤੀ ਤੇ ਆਇਆ, ਉਹ ਹੋਰ ਦੂਜੇ ਸਾਰੇ ਵਿਵਾਦ ਦੇ ਵਿਸ਼ਿਆਂ ਤੋਂ ਬਹੁਤ ਜਿਆਦਾ ਜਰੂਰੀ ਹੈ ਜਿਹੜਾ ਮਨੁੱਖਤਾ ਵਿਚ ਅੰਸਮਤੀ ਪੈਦਾ ਕਰਦਾ ਹੈ।

ਇਹ ਨਿਸ਼ਚਿਤ ਬਿਆਨ ਉਨ੍ਹਾ ਸਚਾਈਆਂ ਦਾ ਵਾਧੂ ਨਾਟਕੀਕਰਣ ਨਹੀਂ ਹੈ ਕਿਉਂਕਿ ਪ੍ਰਭੂ ਯਿਸੂ ਨੇ ਆਪ ਕਿਹਾ :

> *ਜੇ ਪਰਮੇਸ਼ਰ ਤੁਹਾਡਾ ਪਿਤਾ ਹੁੰਦਾ, ਤਾਂ ਤੁਸੀਂ ਮੈਨੂੰ ਪਿਆਰ ਕਰਦੇ ਇਸ ਲਈ ਜੋ ਮੈਂ ਪਰਮੇਸ਼ਰ ਤੋਂ ਨਿੱਕਲਿਆ ਅਤੇ ਆਇਆ ਹਾਂ ਕਿਉਂਕਿ ਮੈਂ ਆਪ ਤੋਂ ਆਪ ਨਹੀਂ ਆਇਆ ਪਰ ਉਹ ਨੇ ਮੈਨੂੰ ਘੱਲਿਆ ਹੈ। ਤੁਸੀਂ ਮੇਰੇ ਬੋਲ ਕਿਉਂ ਨਹੀਂ ਸਮਝਦੇ? ਇਸੇ ਲਈ ਜੋ ਮੇਰਾ ਵਚਨ ਸੁਣ ਨਹੀਂ ਸਕਦੇ। ਤੁਸੀਂ ਆਪਣੇ ਪਿਉ ਸ਼ਤਾਨ ਤੋਂ ਹੋ, ਅਤੇ ਆਪਣੇ ਪਿਉ ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ। ਉਹ ਤਾਂ ਮੁਢੋਂ ਮਨੁੱਖ ਘਾਤਕ ਸੀ, ਅਤੇ ਸਚਿਆਈ ਉੱਤੇ ਟਿਕਿਆ ਨਾ ਰਿਹਾ, ਕਿਉਂਕਿ ਉਸ ਵਿਚ ਸਚਿਆਈ ਹੈ ਨਹੀਂ। ਜਦ ਉਹ ਝੂਠ ਬੋਲਦਾ ਹੈ, ਤਾਂ ਉਹ ਆਪਣੀਆਂ ਹੀ ਹੱਕਦਾ ਹੈ, ਕਿਉਂਕਿ ਉਹ ਝੂਠਾ ਹੈ, ਅਤੇ ਝੂਠ ਦਾ ਪਤੰਦਰ ਹੈ''* (ਯੂਹੰਨਾ 8:42–44)

ਕੀ ਇਹ ਜਾਣਨਾ ਤੁਹਾਨੂੰ ਹੈਰਾਨੀ ਵਾਲੀ ਗੱਲ ਲੱਗਦੀ ਹੈ ਕਿ ਜਿਵੇ ਵਿਸ਼ਵਾਸੀਆਂ ਦਾ ਇਕ ਪਰਿਵਾਰ ਹੈ ਜਿਸ ਦਾ ਪਿਤਾ ਪਰਮੇਸ਼ਰ ਹੈ, ਉਸੇ ਤਰਾਂ ਅਵਿਸ਼ਵਾਸੀਆਂ ਦਾ ਵੀ ਇਕ ਪਰਿਵਾਰ ਹੈ ਜਿਸ ਦਾ ਪਿਤਾ ਸ਼ਤਾਨ ਹੈ? ਹਰ ਕੋਈ ਪਰਮੇਸ਼ਰ ਦੀ ਸੰਤਾਨ ਨਹੀਂ ਹੈ। ਪਰਮੇਸ਼ਰ ਦੇ ਪਰਿਵਾਰ ਵਿਚ ਹੋਣਾ ਜਾਂ ਸ਼ਤਾਨ ਦੇ ਪਰਿਵਾਰ ਵਿਚ ਹੋਣਾ ਇੱਥੇ ਤੁਹਾਡੇ ਲਈ ਅਤੇ ਮੇਰੇ ਲਈ ਸਥਾਈ ਵਿਕਲਪ ਹਨ।

ਧਿਆਨ ਦਿੱਤੇ ਬਿਨ੍ਹਾਂ ਪਰਮੇਸ਼ਰ ਬਾਰੇ ਤੁਹਾਡਾ ਵਿਸ਼ਵਾਸੀ ਕਿੰਨਾ ਵੀ ਨਿਸ਼ਕਪਟ ਕਿਉਂ ਨਾ ਹੋਵੇ, ਫੇਰ ਵੀ 'ਵਾਸਤਵਿਕ' ਤੌਰ ਤੇ ਤੁਸੀਂ ਗਲਤ ਹੋ ਸਕਦੇ

ਹੋ। ਇਹ ਕਹਿਣਾ ਝੂਠ ਹੈ ਕਿ ਇਸ ਵਿਚ ਕੋਈ ਫਰਕ ਨਹੀਂ ਪੈਂਦਾ ਕਿ ਇਕ ਵਿਅਕਤੀ ਕੀ ਵਿਸ਼ਵਾਸ ਕਰਦਾ ਹੈ ਬਸ਼ਰਤੇ ਕਿ ਉਹ ਸੱਚਾ ਹੈ। ਉਸੇ ਤਰਾਂ ਤੁਸੀਂ ਸਚਾਈ ਨਾਲ ਇਹ ਵਿਸ਼ਵਾਸ ਕਰਦੇ ਹੋਏ ਕਿ ਇਹ ਦਵਾਈ ਹੈ ਜ਼ਹਿਰ ਖਾ ਸਕਦੇ ਹੋ, ਪਰ ਫੇਰ ਵੀ ਤੁਸੀਂ ਮਰ ਜਾਉਗੇ।

ਵਾਸਤਵ ਵਿਚ, ਮਨੁੱਖੀ ਵਰਗ ਦੋ ਪਰਿਵਾਰਾਂ ਵਿਚ ਵੰਡਿਆ ਹੋਇਆ ਹੈ। ਹਰੇਕ ਵਿਅਕਤੀ ਇਨ੍ਹਾਂ ਦੋਹਾਂ ਪਰਿਵਾਰਾਂ ਵਿਚੋਂ ਇਕ ਨਾਲ ਸੰਬੰਧ ਰੱਖਦਾ ਹੈ : ਪਰਮੇਸ਼ਰ ਦਾ ਪਰਿਵਾਰ ਜਾਂ ਸ਼ਤਾਨ ਦਾ ਪਰਿਵਾਰ। ਇਹ ਬਹੁਤ ਮਹਤੱਵਪੂਰਣ ਹੈ ਕਿ ਤੁਸੀਂ ਜਾਣੋ ਕਿ ਤੁਹਾਡਾ ਸੰਬੰਧ ਕਿਸ ਪਰਿਵਾਰ ਨਾਲ ਹੈ। ਅਤੇ ਪਰਮੇਸ਼ਰ ਦੇ ਪਰਿਵਾਰ ਦਾ ਸਦੱਸ ਬਣਨ ਵਿਚ ਪਹਿਲਾ ਕਦਮ ਇਹ ਹੈ ਕਿ ਇਹ ਸਮਝਣਾ ਕਿ ਪਰਮੇਸ਼ਰ ਕੌਣ ਹੈ ਅਤੇ ਆਪਣੇ ਪੁੱਤਰ, ਯਿਸੂ ਸਾਨੂੰ ਦੇਣ ਵਿਚ ਉਸ ਨੇ ਕੀ ਕੀਤਾ।

‘‘ਯਿਸੂ’’ ਨਾਂ ਦਾ ਅਰਥ ਹੈ ‘ਯਹੋਵਾਹ ਮੁਕਤੀ ਹੈ।’ ਇਸ ਲਈ ਸੁਰਗ ਦੂਤ ਨੇ ਯੂਸੁਫ ਨੂੰ ਕਿਹਾ : ਤੂੰ ਉਹ ਦਾ ਨਾਂ ਯਿਸੂ ਰੱਖੀ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ (ਮੱਤੀ 1:21)।

## ਵਿਚਾਰ ਕਰਨ ਦੇ ਲਈ

1. ਜਿੰਨੀ ਦੇਰ ਤਕ ਤੁਸੀਂ ਸੱਚੇ ਹੋ, ਕਿ ਵਾਸਤਵ ਵਿਚ ਇਸ ਦਾ ਕੁਝ ਮਹਤੱਵ ਹੈ ਕਿ ਤੁਸੀਂ ਪਰਮੇਸ਼ਰ ਬਾਰੇ ਕੀ ਵਿਸ਼ਵਾਸ ਕਰਦੇ ਹੋ?
2. ਲੋਕਾਂ ਵਿਚ ਵਿਭਾਜਨ ਦਾ ਮੂਲ ਕਾਰਣ ਕੀ ਹੈ? ਕੀ ਇਹ ਰਾਜਨੀਤਿਕ, ਆਰਥਿਕ, ਘਰੇਲੂ ਜਾਂ ਉਦਯੋਗਿਕ ਹੈ? ਜਾਂ ਕੀ ਇਹ ਆਤਮਿਕ ਅਤੇ ਸਥਾਈ ਹੈ?
3. ਪ੍ਰਭੂ ਯਿਸੂ ਨੇ ਜਿਨ੍ਹਾਂ ਦੋ ਪਰਿਵਾਰਾਂ ਦਾ ਜ਼ਿਕਰ ਕੀਤਾ ਉਨ੍ਹਾਂ ਵਿਚੋਂ ਤੁਸੀਂ ਕਿਸ ਨਾਲ ਸੰਬੰਧ ਰੱਖਣਾ ਚਾਹੁੰਦੇ ਹੋ?

ਨੈਤਿਕ ਬੁਰਾਈ ਦੇ ਬਾਰੇ ਸਚੇਤ ਹੋ ਕੇ, ਅਤੇ ਹੋਰ ਕਿਸੇ
ਵੀ ਚੀਜ਼ ਤੋਂ ਵੱਧ, ਪਰਮੇਸ਼ਰ ਦੇ ਬਚਾਉਣ ਵਾਲੇ
ਗਿਆਨ ਦੀ ਪਾਲਨਾ ਕਰੋ।

ਡਾਕਟਰ ਅਰਨੋਲਡ
(ਹੈਡਮਾਸਟਰ ਰਗਬੀ ਪਬਲਿਕ ਸਕੂਲ)

# ਅਧਿਆਇ 5

# ਵਾਸਤਵਿਕ ਸਮਸਿਆ ਕੀ ਹੈ?

ਬੀਸਵੀਂ ਸਦੀ ਦੇ ਸ਼ੁਰੂ ਵਿਚ ਬਥੇਰੇ ਲੋਕ ਇਸ ਸੰਸਾਰ ਦੇ ਭਵਿੱਖ ਬਾਰੇ ਬਹੁਤ ਆਸ਼ਾਵਾਦੀ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸ਼ਾਂਤੀ ਅਤੇ ਖੁਸ਼ਹਾਲੀ ਦੇ ਸੁਨਹਿਰੇ ਯੁੱਗ ਵਿਚ ਉਹ ਦਾਖਲ ਹੋਣ ਜਾ ਰਹੇ ਸਨ। ਬਹੁਤਿਆਂ ਨੇ ਸੋਚਿਆ ਕਿ ਇਸ ਨਵੇਂ ਜ਼ਮਾਨੇ ਦੀਆਂ ਬਰਕਤਾਂ ਹਰ ਇਕ ਦੇਸ਼ ਵਿਚ ਵੇਖਣ ਨੂੰ ਮਿਲਣਗੀਆਂ ਇੱਥੇ ਤਕ ਕਿ ਉਨ੍ਹਾ ਦੇਸ਼ਾਂ ਵਿਚ ਵੀ ਜਿੱਥੇ ਨਿਰਾਸ਼ਾ ਬੀਮਾਰੀ ਅਤੇ ਬਹੁਤ ਜਿਆਦਾ ਗਰੀਬੀ ਨੇ ਨਾ ਦੱਸਣ ਯੋਗ ਦੁੱਖ ਨਾਲ ਕਸ਼ਟ ਦਿੱਤਾ ਸੀ। ਪਰ 1914 ਵਿਚ ਯੁੱਧ ਦੇ ਸਾਇਰਨ ਸਾਰੇ ਯੂਰੋਪ ਵਿਚ ਰੌਲਾ ਪਾਉਣ ਲੱਗ ਪਏ।

ਅਤੇ ਅੱਜ, ਜਿਵੇਂ ਇਕਸਵੀਂ ਸਦੀ ਪ੍ਰਗਟ ਹੋਣ ਲੱਗੀ, ਅਵਿਸ਼ਵਾਸਨੀਯ ਵਿਗਿਆਨਕ ਛੁਟਕਾਰੇ ਦੇ ਬਾਬਜੂਦ ਜਿਸ ਦੀ ਅਸੀਂ ਗਵਾਹੀ ਦਿੱਤੀ ਹੈ, ਲੋਕ ਹਾਲੇ ਵੀ ਪੁਰ ਉਮੀਦ ਕੱਲ ਬਾਰੇ ਗੱਲ ਕਰਦੇ ਨਹੀਂ ਦਿਖਦੇ। ਇਸ ਦੇ ਬਜਾਏ ਲੱਖਾਂ ਲੋਕ ਹਾਲੇ ਵੀ ਸੰਸਾਰ ਦੇ ਅਣੂ-ਸੰਬੰਧੀ ਹਥਿਆਰਾਂ ਦੇ ਸ਼ਸਤ੍ਰਘਰਾਂ ਦੀ ਬਹੁਤ ਜਿਆਦਾ ਮਾਰ ਦੇਣ ਦੀ ਯੋਗਤਾਵਾਂ ਬਾਰੇ ਚਿੰਤਾ ਕਰਦੇ ਹਨ। ਦੋਂਵੇਂ ਅੰਤਰ ਰਾਸ਼ਟ੍ਰੀ ਆਤੰਕਵਾਦ ਅਤੇ ਰਾਸ਼ਟਰੀ ਸਮਸਿਆਵਾਂ ਦੀ ਗੁੰਝਲਾਂ ਬਹੁਤ ਸਾਰੇ ਵਿਚਾਰਸ਼ੀਲ ਨਿਰੀਖਕਾਂ ਨੂੰ ਇਸ ਸਿੱਟੇ ਤੇ ਪਹੁੰਚਾਉਦੀਆਂ ਹਨ। ਕਿ ਅਸੀਂ ਮਨੁੱਖੀ ਇਤਹਾਸ ਦੇ ਬਹੁਤ ਗੰਭੀਰ ਅਤੇ ਸੰਭਾਵਿਤ ਖਤਰਨਾਕ ਸਾਲਾਂ ਵਿਚ ਰਹਿੰਦੇ ਹਾਂ। ਅਸੀ ਪਹਿਲਾਂ ਹੀ ਅੱਜ ਦੇ ਸੰਸਾਰ ਵਿਚ ਲੋਕਾਂ ਦੇ ਪੂਰਵੀਕਰਨ ਤੋਂ ਵਿਚਾਰ ਕੀਤਾ ਹੈ। ਸਭਯ ਸਮਾਜ ਦੀ ਵਾਸਤਵਿਕ ਰਚਨਾ ਤਿੱਖੀ ਅਲੋਚਣਾ ਦੇ ਥੱਲੇ ਹੈ।

ਇਸ ਸਵਾਲ ਦੇ ਜਵਾਬ ਦੀ ਕੋਸ਼ਿਸ਼ ਵਿਚ, ਸੰਸਾਰ ਦੇ ਮਹਤੱਵਪੂਰਣ ਗੱਲਬਾਤ ਕਰਨ ਲਈ ਇੱਕਠੇ ਹੋਏ। ਜਿਵੇਂ ਉਨ੍ਹਾਂ ਨੇ ਗੱਲਬਾਤ ਸ਼ੁਰੂ ਕੀਤੀ ਅਤੇ ਇਕ ਦੂਜੇ ਦੀ ਸਕੀਮਾਂ ਅਤੇ ਸਿਧਾਂਤਾਂ ਨੂੰ ਸੁਣਿਆ, ਸੰਸਾਰ ਇਕ ਸੰਕਟ ਤੋਂ ਦੂਜੇ ਵਿਚ ਚੱਲਾ ਗਿਆ। ਕਿੰਨ੍ਹੀ ਵੀ ਜਿਆਦਾ ਸ਼ਕਤੀ ਅਤੇ ਪੈਸਾ ਉਨ੍ਹਾਂ ਨੇ ਇਸ ਵਿਚ ਲਗਾਇਆ, ਪਰ ਕੋਈ ਵੀ ਉਸ ਦਿਸ਼ਾ ਨੂੰ ਬਦਲਣ ਦੇ ਯੋਗ ਨਹੀਂ ਸੀ ਜਿਸ ਵਿਚ

ਸੰਸਾਰ ਅੱਗੇ ਵੱਧ ਰਿਹਾ ਸੀ। ਆਦਰਯੋਗ ਰਾਜ-ਨੇਤਾ ਰਾਜਨੀਤਿੱਗ, ਬੁੱਧੀਮਾਨ ਵਿਗਿਆਨੀ ਅਤੇ ਪੰਡਿਤ, ਸਿਆਣੇ ਵਪਾਰੀ ਅਤੇ ਬੈਂਕਾਂ ਵਿਚ ਰੁਪਿਆ ਜਮਾਂ ਕਰਨ ਵਾਲੇ, ਸਤਕਾਰਯੋਗ ਡਾਕਟਰ ਅਤੇ ਸਮਾਜ ਵਿਗਿਆਨੀ ਸਾਰਿਆਂ ਨੇ ਆਪਣੀ ਖਾਸ ਜਾਣਕਾਰੀ ਨਾਲ ਯੋਗਦਾਨ ਦਿੱਤਾ। ਅਤੇ ਇਨ੍ਹਾਂ ਗਿਆਨੀ ਮਨੁੱਖਾਂ ਨੇ, ਕਦੇ ਕਦਾਈਂ ਜੇ ਕਦੇ ਕੋਈ ਜ਼ਿਕਰ ਕੀਤਾ ਕਿ ਪਰਮੇਸ਼ਰ ਨੇ ਮਨੁੱਖ ਦੀ ਵਾਸਤਵਿਕ ਸਮਸਿਆ ਲਈ ਕੀ ਐਲਾਨ ਕੀਤਾ – ਉਹ ਬੁਨਿਆਦੀ ਸਮਸਿਆ ਜਿਸਦੀ ਪਛਾਣ ਕਰਨੀ ਚਾਹੀਦੀ ਹੈ ਇਸ ਤੋਂ ਪਹਿਲਾਂ ਕਿ ਉਸ ਦਾ ਹੱਲ ਲੱਭਿਆ ਜਾ ਸਕੇ। ਕੇਵਲ ਪਰਮੇਸ਼ਰ ਹੀ ਸਾਡੀ ਵਾਸਤਵਿਕ ਸਮਸਿਆ ਤੋਂ ਸਾਨੂੰ ਜਾਣੂ ਕਰਵਾ ਸਕਦਾ ਹੈ। ਅਤੇ ਇਸੇ ਮੌਕੇ ਤੇ ਅਸੀਂ ਅਕਸਰ ਸਵੀਕਾਰ ਕਰ ਲੈਂਦੇ ਹਾਂ ਕਿ ਉਨ੍ਹਾਂ ਵਿਚ ਜਿਹੜੇ ਵਾਸਤਵ ਵਿਚ ਪਰਮੇਸ਼ਰ ਦੀ ਭਾਲ ਕਰਦੇ ਹਨ ਅਤੇ ਉਹ ਜਿਹੜੇ ਸਿਰਫ ਧਾਰਮਿਕ ਉਤਸੁਕਤਾ ਰੱਖਦੇ ਹਨ ਵਿਚ ਕੀ ਫਰਕ ਹੈ।

ਪਰਮੇਸ਼ਰ ਨੇ ਕਿਹਾ: ਅਸੀਂ ਆਦਮੀ ਨੂੰ ਆਪਣੇ ਸਰੂਪ ਵਿਚ ਬਣਾਈਏ (ਉਤਪਤ 1:26)। ਤੁਸੀਂ ਪੁੱਛ ਸਕਦੇ ਹੋ, ''ਕਿ ਕਿਹੜੇ ਤਰੀਕੇ ਨਾਲ ਮਨੁੱਖ ਪਰਮੇਸ਼ਰ ਦੇ ਸਰੂਪ ਉੱਤੇ ਰੱਖਿਆ ਗਿਆ?'' ਨਿਸ਼ਚਿਤ ਰੂਪ ਨਾਲ ਸਰੀਰਕ ਤੌਰ ਤੇ ਨਹੀਂ, ਕਿਉਂਕਿ ਪ੍ਰਭੂ ਯਿਸੂ ਨੇ ਆਖਿਆ, ਪਰਮੇਸ਼ਰ ਆਤਮਾ ਹੈ (ਯੂਹੰਨਾ 4:24)। ਪਰਮੇਸ਼ਰ ਕੋਲ ਸਾਡੇ ਵਰਗੀਆਂ ਬਾਹਾਂ ਅਤੇ ਲੱਤਾਂ ਅਤੇ ਅੱਖਾਂ ਨਹੀਂ ਹਨ। ਅਤੇ ਇਹ ਪਰਮੇਸ਼ਰ ਅਣਪੁੱਜ ਜੋਤ ਵਿਚ ਰਹਿੰਦਾ ਹੈ ਅਤੇ ਮਨੁੱਖਾਂ ਵਿਚੋਂ ਕਿਸੇ ਨੇ ਉਸ ਨੂੰ ਨਹੀਂ ਵੇਖਿਆ (1ਤਿਮੋਥਿਉਸ 6:16)। ਅਣਡਿੱਠ ਮਨੁੱਖ ਕਦੇ ਹੋਂਦ ਵਿਚ ਨਹੀਂ ਸੀ। ਇਸ ਲਈ ਲੋਕਾਂ ਬਾਰੇ ਕੁਝ ਹੋਰ ਬਹੁਤ ਕੀਮਤੀ ਹੈ ਬਜਾਏ ਉਨ੍ਹਾਂ ਸਰੀਰਾਂ ਦੇ ਜਿਨ੍ਹਾਂ ਵਿਚ ਉਹ ਰਹਿੰਦੇ ਹਨ। ਇਹ ਉਹ ਵਾਸਤਵਿਕ ਵਿਅਕਤੀ ਹੈ ਜਿਹੜਾ ਜੀਉਂਦਾ ਰਹਿੰਦਾ ਹੈ ਜਦ ਉਨ੍ਹਾਂ ਦੇ ਸਰੀਰ ਛੱਡ ਜਾਂਦੇ ਹਨ – ਉਹ 'ਵਿਅਕਤੀ' ਜਿਹੜਾ ਪਰਮੇਸ਼ਰ ਦੇ ਸਰੂਪ ਵਰਗਾ ਰੱਚਿਆ ਗਿਆ ਸੀ।

ਬਾਈਬਲ ਦੱਸਦੀ ਹੈ ਕਿ ਪਰਮੇਸ਼ਰ ਕੋਲ ਇਕ ਮਨ, ਭਾਵ ਅਤੇ ਇਕ ਇੱਛਾ ਹੈ। ਅਤੇ ਇਹ ਇਨ੍ਹਾਂ ਤਿੰਨ ਖੇਤਰਾਂ ਵਿੱਚ ਹੈ ਕਿ ਮਨੁੱਖ ਪਰਮੇਸ਼ਰ ਦੇ ਸਰੂਪ ਵਿਚ ਬਣਾਇਆ ਗਿਆ ਸੀ। ਕਿਉਂਕਿ ਉਹ ਪਰਮੇਸ਼ਰ ਹੈ, ਉਸ ਦੀ ਬੁੱਧੀ, ਭਾਵ ਅਤੇ ਇੱਛਾ ਸ਼ਕਤੀ, ਕਿੰਨੀ ਹੀ ਬੇਅੰਤ ਹੈ, ਦੂਜੇ ਸ਼ਬਦਾਂ ਵਿਚ ਜਿਸ ਦੀ ਕੋਈ ਸੀਮਾ ਨਹੀਂ। ਅਜਿਹਾ ਉਸ ਦਾ ਸਵਰੂਪ ਹੈ ਇੱਥੋਂ ਤਕ ਕਿ ਬੁੱਧੀਮਾਨ ਆਇਨਸਟੇਨ ਦਾ ਸੀਮਿਤ ਦਿਮਾਗ ਸੀ। ਕੋਈ ਮਨੁੱਖ ਸਭ ਕੁਝ ਨਹੀਂ ਜਾਣ ਸਕਦਾ, ਕੋਈ ਮਨੁੱਖ

ਅਸੀਮਿਤ ਪਿਆਰ ਨਹੀਂ ਕਰ ਸਕਦਾ, ਅਤੇ ਨਿਸ਼ਚਿਤ ਤੌਰ ਤੇ ਮਨੁੱਖ ਦੀ ਇੱਛਾ ਸਰਿਸ਼ਟੀ ਵਿਚ ਨਹੀਂ ਹੈ, ਨਾ ਹੀ ਉਹ ਆਪਣੀ ਤਕਦੀਰ ਦਾ ਕੈਪਟਨ ਹੈ।

ਦੂਜੇ ਪਾਸੇ, ਮਨੁੱਖ ਦੇ ਵਿਅਕਤੀਤੱਵ ਵਿਚ ਆਤਮਿਕ ਤੌਰ ਤੇ ਸਮਾਂ ਲੈਣ ਦੀ ਯੋਗਤਾ ਹੈ ਤਾਂ ਜੋ ਉਹ ਜਾਣ ਸਕੇ ਪਰਮੇਸ਼ਰ ਨਾਲ ਸੰਗਤੀ ਰੱਖੇ। ਇਸੇ ਲਈ ਬਾਈਬਲ ਇਸ ਨੂੰ ਸਪਸ਼ਟ ਕਰਦੀ ਹੈ ਕਿ ਮਨੁੱਖ *ਆਤਮਾ ਅਤੇ ਜੀਵ ਅਤੇ ਸਰੀਰ ਹੈ* (1ਥੱਸਲੁਨੀਕੀਆਂ 5:23)।

ਆਤਮਾ ਦੇ ਰਾਹੀਂ, ਮਨੁੱਖ ਵਿਚ ਪਰਮੇਸ਼ਰ ਦੀ ਦਿੱਤੀ ਅੰਤਰ ਸ਼ਕਤੀ ਹੈ ਤਾਂ ਜੋ ਜਿਗਰੀ ਤੌਰ ਤੇ ਆਪਣੇ ਸਰਿਸ਼ਟੀਕਰਤਾ ਨਾਲ ਸੰਬੰਧ ਰੱਖੇ। ਆਪਣੇ ਸਰੀਰ ਦੇ ਰਾਹੀਂ, ਮਨੁੱਖ ਵਿਅਕਤੀਤੱਵ (ਜਾਂ ਜੀਵ, ਜਾਂ ਉਸ ਦੀ ਸੋਚਣ, ਚੁਣਾਵ ਕਰਨ ਅਤੇ ਪਿਆਰ ਕਰਨ ਦੀ ਯੋਗਤਾ) ਭੌਤਿਕ ਸੰਸਾਰ ਨਾਲ ਸੰਬੰਧ ਰੱਖਦੀ ਹੈ।

ਜਿੰਨ੍ਹੀ ਦੇਰ ਤਕ ਅਸੀਂ ਬਾਈਬਲ ਦੇ ਰਿਕਾਰਡ ਦੀ ਪ੍ਰਾਥਮਿਕਤਾ ਨੂੰ ਧਿਆਨ ਵਿਚ ਰੱਖ ਕੇ ਆਤਮਾ ਨੂੰ ਪਹਿਲੇ, ਜੀਵ ਨੂੰ ਦੂਜੇ ਅਤੇ ਸਰੀਰ ਨੂੰ ਤੀਜੇ ਥਾਂ ਤੇ ਰੱਖਦੇ ਹਾਂ, ਸਭ ਕੁਝ ਠੀਕ ਠਾਕ ਹੈ।

ਪਰ ਕੁਝ ਗਲਤ ਹੋ ਜਾਂਦਾ ਹੈ। ਜਿਸ ਦੇ ਸਿੱਟੇ ਵਜੋਂ ਬਹੁਤ ਲੋਕਾਂ ਲਈ, ਇਹ ਨਿਰਦੇਸ਼ ਉਲਟਾ ਹੋ ਜਾਂਦਾ ਹੈ, ਸਰੀਰ ਪਹਿਲੀ ਪ੍ਰਾਥਮਿਕਤਾ ਤੇ ਆ ਜਾਂਦਾ ਹੈ, ਜੀਵ ਵੀ ਪ੍ਰਾਥਮਿਕਤਾ ਦੂਜੇ ਨੰਬਰ ਤੇ ਅਤੇ ਆਤਮਾ ਤੀਜੇ ਨੰਬਰ ਤੇ। ਬਦਕਿਸਮਤੀ ਨਾਲ ਅੱਜ ਦੇ ਸੰਸਾਰ ਵਿਚ, ਬਹੁਤ ਸਾਰੇ ਲੋਕਾਂ ਦੇ ਸਰੀਰਕ, ਪਦਾਰਥਕ ਅਤੇ ਇੰਦਰੀਵਸ ਸ਼ੋਕ ਉਨ੍ਹਾਂ ਦੇ ਸੋਚ ਵਿਚਾਰ, ਉਨ੍ਹਾਂ ਦੇ ਫੈਂਸਲੇ ਅਤੇ ਉਨ੍ਹਾਂ ਦੇ ਪਿਆਰ ਨੂੰ ਨਿਯੰਤ੍ਰਨ ਵਿਚ ਰੱਖਦੇ ਹਨ, ਜਦ ਕਿ ਉਨ੍ਹਾਂ ਦੀ ਆਤਮਿਕ ਯੋਗਤਾ ਸੁਪਤ ਅਤੇ ਮਰੀ ਹੋਈ ਅਵਸਥਾ ਵਿਚ ਹੁੰਦੀ ਹੈ। ਇਸ ਲਈ, ਬਜਾਏ ਪਰਮੇ ਸ਼ਰ ਨੂੰ ਅਨੁਮਤੀ ਦੇਣ ਦੇ ਕਿ ਉਹ ਆਤਮਿਕ ਜੀਵਨ ਨੂੰ ਪੁਨਰ ਸਥਾਪਿਤ ਕਰੇ ਅਤੇ ਵਾਸਤਵਿਕ ਵਿਅਕਤੀ ਜਿਸ ਨੂੰ ਉਸ ਨੇ ਰੱਚਿਆ ਹੈ ਨਿਯੰਤ੍ਰਨ ਵਿਚ ਰੱਖੇ, ਉਸ ਨੂੰ ਘੱਟ ਮਹਤੱਵ ਦਿੱਤਾ ਜਾਂਦਾ ਹੈ, ਜਾਂ ਇੱਥੋਂ ਤਕ ਕਿ ਮਨ ਵਿਚੋਂ ਕੱਢ ਦਿੱਤਾ ਜਾਂਦਾ ਹੈ, ਇਨ੍ਹੀ ਜਿਆਦਾ ਹੱਦ ਤਕ ਕਿ ਇਨ੍ਹਾਂ ਕੁਰਾਹੇ ਪਏ ਹੋਏ ਲੋਕਾਂ ਅਤੇ ਉਨ੍ਹਾਂ ਦੇ ਸਰਿਸ਼ਟੀਕਰਤਾ ਦੇ ਵਿਚਕਾਰ ਕੋਈ ਆਦਾਨ ਪ੍ਰਦਾਨ ਨਹੀਂ ਰਹਿ ਸਕਦਾ। ਜਿਸ ਵਿਅਕਤੀ ਲਈ ਪਰਮੇਸ਼ਰ ਨਕਲੀ ਹੈ ਉਹ ਵਾਸਤਵ ਵਿਚ ਆਤਮਿਕ ਤੌਰ ਤੇ ਮਰਿਆ ਹੋਇਆ ਹੈ (ਦੂਜੇ ਪਾਸੇ, ਉਹ ਵਿਅਕਤੀ ਜਿਹੜਾ ਪਰਮੇਸ਼ਰ ਨਾਲ ਸੰਗਤੀ ਦਾ ਅਨੰਦ ਉਠਾਉਂਦਾ ਹੈ ਉਹ ਵਾਸਤਵ ਵਿਚ ਪੂਰੀ ਤਰਾਂ ਨਾਲ ਜੀਵਿਤ ਹੈ।

*ਪਰੰਤੂ ਪਰਮੇਸ਼ਰ ਨੇ ਜਿਹੜਾ ਦਯਾ ਦਾ ਧਨੀ ਹੈ, ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ, ਜਦੋਂ ਅਸੀਂ ਅਪਰਾਧਾਂ ਦੇ ਕਾਰਣ ਮੁਰਦੇ ਹੀ ਸੀ, ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ* (ਅਫਸੀਆਂ 2:4-5)।

ਇਸ ਸੰਸਾਰ ਦੀ ਸਮਸਿਆਵਾਂ ਸਭ ਮਨੁੱਖ ਦੀ ਇੱਛਾ ਵਿਚ ਸ਼ੁਰੂ ਹੋਈਆਂ। ਪਰਮੇਸ਼ਰ ਨੇ ਲੋਕਾਂ ਨੂੰ ਕਠਪੁਤਲੀਆਂ ਦੀ ਤਰਾਂ ਨਹੀਂ ਬਣਾਇਆ ਸੀ, ਜਿਹੜੀਆਂ ਦੂਜੇ ਦੀ ਇੱਛਾ ਬਿਨ੍ਹਾਂ ਹਿੱਲਣ ਵਿਚ ਅਸਮਰਥ ਹੁੰਦੀਆਂ ਹਨ। ਧਾਰਿਆਂ ਨੂੰ ਖਿੱਚਣ ਰਾਹੀਂ, ਕਠਪੁਤਲੀ ਵਾਲਾ ਕਠਪੁਤਲੀ ਦੇ ਹਰ ਹਿੱਲਣ ਨੂੰ ਜੋ ਉਹ ਕਰਦੀ ਹੈ ਨਿਯੰਤ੍ਰਨ ਵਿਚ ਕਰਦਾ ਹੈ। ਦੂਜੇ ਪਾਸੇ, ਪਰਮੇਸ਼ਰ ਨੇ ਸਾਨੂੰ ਆਜ਼ਾਦ ਮਰਜ਼ੀ ਦਿੱਤੀ ਹੈ ਕਿ ਜਿਸ ਤਰ੍ਹਾਂ ਅਸੀਂ ਚੁਣਾਉ ਕਰੀਏ ਉਸੇ ਤਰਾਂ ਬਰਤਾਉ ਕਰੀਏ। ਪਰ ਉਸ ਇੱਛਾ ਦੇ ਵਰਦਾਨ ਨਾਲ, ਅਸੀਂ ਨੈਤਿਕ ਤੌਰ ਤੇ ਵੀ ਉਨ੍ਹਾਂ ਫੈਸਲਿਆਂ ਲਈ ਜੋ ਅਸੀਂ ਕਰਦੇ ਹਾਂ ਜਿੰਮੇਵਾਰ ਬਣ ਜਾਂਦੇ ਹਾਂ। (ਇਹ ਮੁਸ਼ਕਲ ਨਾਲ ਜਿਹੜਾ ਤੁਸੀਂ ਬਹੁਤ ਸਾਰੇ ਮਨੋਚਿਕਿਤਸਕਾਂ ਤੋਂ ਸੁਣੋਗੇ ਜਿਹੜੇ ਬਾਈਬਲ ਦੀ ਸਚਿਆਈ ਵੱਲ ਧਿਆਨ ਨਹੀਂ ਦਿੰਦੇ।)

ਇੱਕ ਬੜੀ ਅਫਸੋਸਨਾਕ ਦੁਰਘਟਨਾ ਮਨੁੱਖੀ ਜਾਤੀ ਨਾਲ ਮਨੁੱਖ ਦੀ ਰੱਚਨਾ ਤੋਂ ਬਾਅਦ ਪਹਿਲੇ ਹੁਕਮ ਦੇ ਬਾਰੇ ਵਿਚ ਘਟੀ। ਅਦਨ ਦੇ ਬਾਗ ਵਿਚ ਦਰਖੱਤਾਂ ਦੇ ਵਿਚਾਲੇ ਦੋ ਖਾਸ ਬਿਰਛ ਸਨ। ਇਕ ਜੀਵਨ ਦਾ ਬਿਰਛ ਅਖਵਾਉਂਦਾ ਸੀ, ਦੂਜਾ ਭਲੇ ਬੁਰੇ ਦੀ ਸਿਆਣ ਦੇ ਬਿਰਛ ਤੋਂ। ਉਨ੍ਹਾਂ ਨੂੰ ਇਹ ਚੁਣਾਵ ਦੇਣ ਦੇ ਦੁਆਰਾ, ਆਗਿਆਪਾਲਣ ਅਤੇ ਅਵੱਗਿਆ ਦੇ ਵਿਚਕਾਰ ਚੁਣਾਵ, ਪਰਮੇਸ਼ਰ ਨੇ ਇਹ ਸਪਸ਼ਟ ਕਰ ਦਿੱਤਾ ਕਿ ਉਸ ਨੇ ਮਨੁੱਖ ਆਦਮੀ ਅਤੇ ਔਰਤ ਦੀ ਰਚਨਾ ਉਨ੍ਹਾਂ ਨੂੰ ਅਜ਼ਾਦ ਮਰਜ਼ੀ ਦੇ ਕੇ ਕੀਤੀ ਹੈ। ਇਹ ਉਨ੍ਹਾਂ ਦੇ ਉੱਪਰ ਸੀ ਭਾਵੇਂ ਤਾਂ ਪਰਮੇਸ਼ਰ ਦੀ ਮਰਜ਼ੀ ਨੂੰ ਮੰਨਣ ਜਾਂ ਨਾ ਮੰਨਣ ਇਹ ਉਨ੍ਹਾਂ ਦਾ ਆਪਣਾ ਵਿਅਕਤੀਗਤ ਫੈਸਲਾ ਸੀ।

ਅਫਸੋਸ ਦੀ ਗੱਲ ਹੈ, ਆਦਮ ਅਤੇ ਹਵਾਹ ਨੇ ਉਸ ਬਹੁਤ ਚੰਗੇ ਦੇ ਖਿਲਾਫ ਬਗਾਵਤ ਕੀਤੀ ਜਿਹੜਾ ਪਰਮੇਸ਼ਰ ਨੇ ਮਨੁੱਖ ਜਾਤੀ ਲਈ ਉਪਲਬਧ ਕੀਤਾ ਸੀ। ਪਰਮੇਸ਼ਰ ਪਹਿਲਾਂ ਤੋਂ ਹੀ ਜਾਣਦਾ ਸੀ ਕਿ ਉਨ੍ਹਾਂ ਦਾ ਅਣਆਗਿਆਕਾਰੀਤਾ ਦਾ ਫੈਸਲਾ ਉਸ ਦੇ ਲਈ ਨਾ ਦੱਸਣ ਯੋਗ ਦੁੱਖ ਨੂੰ ਲਿਆਵੇਗੀ ਅਤੇ ਇਹ ਸਾਰੀ ਮਨੁੱਖ ਜਾਤੀ ਉੱਤੇ ਦਰਦ ਲਿਆਵੇਗੀ। ਪਰ, ਆਪਣੀ ਸਰਿਸ਼ਟੀ ਲਈ ਉਸ ਦੇ

ਪਿਆਰ ਵਿਚ ਅਤੇ ਇਹ ਜਾਣਦੇ ਹੋਏ ਕਿ ਮਹਿਮਾ ਜਿਹੜੀ ਬਾਅਦ ਵਿਚ ਉਨ੍ਹਾਂ ਲਈ ਉਪਲਬਧ ਹੋਵੇਗੀ ਜਿਹੜੇ ਸਹੀ ਚੁਣਾਵ ਕਰਨਗੇ, ਪਰਮੇਸ਼ਰ ਨੇ ਹਰੇਕ ਵਿਅਕਤੀ ਨੂੰ ਚੁਣਾਵ ਕਰਨ ਦੀ ਅਜ਼ਾਦੀ ਦਿੱਤੀ ਹੈ।

ਸ਼ਤਾਨ, ਝੂਠੇ ਨੇ, ਆਪਣਾ ਪ੍ਰੇਰਣਾਮਈ ਪ੍ਰਭਾਵ ਇਸਤੇਮਾਲ ਕਰ ਕੇ ਆਦਮ ਅਤੇ ਹਵਾਹ ਨੂੰ ਗਲਤ ਚੁਣਾਵ ਕਰਨ ਲਈ ਅਜ਼ਮਾਇਆ। ਉਸ ਨੇ ਮਨ੍ਹਾ ਕੀਤੇ ਹੋਏ ਫਲ ਇਸ ਸੁਝਾਵ ਦੇ ਰਾਹੀਂ ਜਿਆਦਾ ਆਕਰਸ਼ਿਤ ਬਣਾਇਆ ਕਿ ਜੇ ਉਹ ਇਸ ਨੂੰ ਖਾਣਗੇ ਉਹ ਪਰਮੇਸ਼ਰ ਵਰਗੇ ਹੋ ਜਾਣਗੇ। (ਸ਼ਤਾਨ ਹਾਲੇ ਵੀ ਸੁਝਾਵ ਦਿੰਦਾ ਹੈ ਕਿ ਮਨੁੱਖ ਆਪ ਆਪਣਾ ਪਰਮੇਸ਼ਰ ਹੋ ਸਕਦਾ ਹੈ। ਪਰ ਜਿਵੇਂ ਪਰਮੇਸ਼ਰ ਪਰਮੇਸ਼ਰ ਹੈ ਅਤੇ ਕਦੇ ਵੀ ਪਰਮੇਸ਼ਰ ਨਾਲੋਂ ਘੱਟ ਨਹੀਂ ਹੋ ਸਕਦਾ, ਉਸੇ ਤਰਾਂ ਮਨੁੱਖ ਮਨੁੱਖ ਹੈ ਅਤੇ ਕਦੇ ਵੀ ਮਨੁੱਖ ਨਾਲੋਂ ਜਿਆਦਾ ਨਹੀਂ ਹੋ ਸਕਦਾ)। ਕਿਸੇ ਵੀ ਤਰਾਂ, ਸ਼ਤਾਨ ਨੇ ਆਦਮ ਅਤੇ ਹਵਾਹ ਨੂੰ ਆਪਣੀ ਇੱਛਾ ਨੂੰ ਕੰਮ ਵਿਚ ਲਿਆ ਕੇ ਆਦਮ ਅਤੇ ਹਵਾਹ ਨੂੰ ਆਪਣੀ ਇੱਛਾ ਦੇ ਵਿਰੁੱਧ ਬਹਿਕਾ ਦਿੱਤਾ। ਜਿਸ ਦੇ ਨਤੀਜੇ ਵੱਜੋਂ, ਲੋਕਾ ਦੀ ਹਰੇਕ ਨਵੀਂ ਪੀੜ੍ਹੀ ਉਨ੍ਹਾਂ ਦੇ ਸਰਿਸ਼ਟੀਕਰਤਾ ਦੀ ਬਹੁਤ ਮਤਹੱਵਪੂਰਣ, ਵਿਅਕਤੀਗਤ ਅਤੇ ਗੂੜ੍ਹੀ ਸੰਗਤੀ ਤੋਂ ਦੂਰ ਹੋ ਗਈ ਹੈ, ਕਿਉਂਕਿ ਸਾਰੇ ਆਦਮ ਦੀ ਸੰਤਾਨ ਹਨ। ਇਸ ਲਈ, ਜਿਵੇਂ ਮਨੁੱਖ ਤੋਂ ਪਾਪ ਸੰਸਾਰ ਵਿਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰਾਂ ਮੌਤ ਸਭਨਾਂ ਮਨੁੱਖਾਂ ਵਿਚ ਫੈਲ ਗਈ ਇਸ ਲਈ ਜੋ ਸਭਨਾਂ ਨੇ ਪਾਪ ਕੀਤਾ (ਰੋਮੀਆਂ 5:12)।

ਹਰੇਕ ਕਬਰਸਤਾਨ, ਹਰੇਕ ਹਸਪਤਾਲ, ਹਰੇਕ ਸੇਨਾ ਅਤੇ ਹਰੇਕ ਜੇਲ ਜਿਨ੍ਹਾਂ ਨੂੰ ਸੰਸਾਰ ਜਾਣਦਾ ਹੈ ਉਹ ਸਰਿਸ਼ਟੀ ਦੇ ਸ਼ੁਰੂ ਤੋਂ ਮਨੁੱਖ ਦੇ ਗਲਤ ਚੁਣਾਵ ਦੇ ਨਤੀਜੇ ਵੱਜੋਂ ਹੈ। ਮਨੁੱਖੀ ਜਾਤੀ ਵਿਚ ਇਹ ਪ੍ਰਾਣਘਾਤੀ ਬੁਰਾਈ, ਜਿਸ ਨੂੰ ਅਸੀਂ ਪਾਪ ਆਖਦੇ ਹਾਂ, ਜਮਾਂਦਰੂ ਬੀਮਾਰੀ ਜਿਹੜੀ ਸਾਰੀ ਮਨੁੱਖਜਾਤੀ ਤੇ ਅਸਰ ਪਾਉਂਦੀ ਹੈ। ਨਾ ਸਿਰਫ ਪਾਪ ਨੇ ਪਰਮੇਸ਼ਰ ਨਾਲ ਮਨੁੱਖ ਦੀ ਸੱਚੀ ਸੰਗਤੀ ਨੂੰ ਕੱਟ ਦੇ ਅੱਡ ਹੀ ਨਹੀਂ ਕੀਤਾ, ਪਰੰਤੂ ਉਸ ਨੇ ਉਸ ਨੂੰ ਉਸ ਦੇ ਸੰਗੀ ਮਨੁੱਖ ਨਾਲੋ ਵੀ ਅੱਡ ਕਰ ਦਿੱਤਾ ਹੈ।

**ਪਰ ਤੁਸੀਂ ਅਤੇ ਮੈਂ ਨਾ ਸਿਰਫ ਜਮਾਂਦਰੂ ਪਾਪੀ ਹਾਂ, ਅਸੀਂ ਕਰਮਾਂ ਰਾਹੀਂ ਵੀ ਪਾਪੀ ਹਾਂ।**

ਜਿੱਥੋਂ ਤਕ ਸਾਡੇ ਜਨਮ ਦਾ ਸੰਬੰਧ ਹੈ, ਭਜਨਕਾਰ ਨੇ ਸਾਡੇ ਸਾਰਿਆਂ ਬਾਰੇ ਕਿਹਾ ਜਦ ਉਸ ਨੇ ਆਖਿਆ, ਵੇਖ, ਮੈਂ ਬਦੀ ਵਿਚ ਜੰਮਿਆ, ਅਤੇ ਪਾਪ ਵਿਚ

ਮੇਰੀ ਮਾਤਾ ਨੇ ਮੈਨੂੰ ਕੁੱਖ ਵਿਚ ਲਿਆ (ਜਬੂਰਾਂ ਦੀ ਪੋਥੀ 51:5)। ਪਰ ਉਹ ਵਿਰਸੇ ਵਿਚ ਮਿਲੀ ਪਾਪ ਦੀ ਹਾਲਮ ਬਾਡੇ ਲਈ ਉਨ੍ਹਾਂ ਪਾਪ ਦੇ ਕੰਮਾਂ ਲਈ ਕੋਈ ਮਾਫੀ ਪ੍ਰਦਾਨ ਨਹੀਂ ਕਰਦੀ ਜਿਹੜੇ ਅਸੀਂ ਸਭਨਾਂ ਨੇ ਕੀਤੇ ਹਨ। ਬਾਈਬਲ ਵੀ ਇਹ ਬਿਆਨ ਕਰਦੀ ਹੈ ਕਿ ਅਸੀਂ ਅਣਆਗਿਆਕਾਰੀਤਾ ਦੀ ਸੰਤਾਨ ਹਾਂ, ਸਰੀਰ ਅਤੇ ਮਨ ਦੀਆਂ ਚਾਹਵਾਂ ਨੂੰ ਪੂਰੇ ਕਰਦਿਆਂ, ਆਪਣੇ ਸਰੀਰ ਦੀਆਂ ਕਾਮਨਾਵਾਂ ਵਿਚ ਦਿਨ ਕੱਟਦੇ ਸੀ, ਅਤੇ ਹੋਰਨਾ ਵਾਂਗੂ ਆਪਣੇ ਸੁਭਾਉ ਕਰਕੇ ਗਜ਼ਬ ਦੇ ਪੁੱਤਰ ਸੀ (ਅਫਸੀਆਂ 2:2,3)।

ਹਾਂ, ਅਸੀਂ ਪਰਮੇਸ਼ਰ ਦੇ ਅੱਗੇ ਆਪਣੀ ਅਣਆਗਿਆਕਾਰੀਤਾ ਕਰਕੇ ਦੋਸ਼ੀ ਹਾਂ। ਕਿਸੇ ਹੋਰ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ ਪਤਨੀ ਨੂੰ ਨਹੀਂ ਦੋਸਤ ਨੂੰ ਨਹੀਂ ਮਾਪਿਆਂ ਨੂੰ ਨਹੀਂ। ਐਥੋਂ ਤਕ ਕਿ ਆਪਣੀ ਪਿੱਠ ਭੂਮੀ ਅਤੇ ਵਾਤਾਵਰਣ ਨੂੰ ਵੀ ਜਿਸ ਵਿਚ ਅਸੀਂ ਰਹਿੰਦੇ ਹਾਂ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਤੁਸੀਂ ਆਪਣੇ ਆਪ ਲਈ ਜ਼ਿੱਮੇਵਾਰ ਹੋ ਜਿਵੇਂ ਕਿ ਮੈਂ ਆਪਣੇ ਲਈ।

ਲੋਕਾਂ ਵਿਚ ਬਹੁਤ ਜਿਆਦਾ ਦੁਸ਼ਮਣੀ ਅਤੇ ਵਿਭਾਜਨ ਦਾ ਵਾਸਤਵਿਕ ਕਾਰਣ ਜੋ ਅਸੀਂ ਵੇਖਦੇ ਹਾਂ ਉਹ ਪਾਪ ਹੈ। ਪਾਪ ਇਕ ਨਾਸਤਿਕ ਨੂੰ ਇਕ ਵਿਸ਼ਵਾਸੀ ਨਾਲ ਅਤੇ ਇਕ ਅਰਬੀ ਨੂੰ ਇਕ ਯਹੂਦੀ ਦੇ ਨਾਲ ਬੰਨ੍ਹਣਾ ਹੈ। ਪਾਪ ਤੀਜੇ ਸੰਸਾਰ ਦੇ ਲੋਕਾਂ ਨੂੰ ਉਦਯੋਗਿਕ ਸੰਸਾਰ ਦੇ ਲੋਕਾਂ ਨਾਲ ਬੰਨ੍ਹਦਾ ਹੈ। ਪਾਪ ਇਕ ਸਾਮਵਾਦੀ ਵਿਅਕਤੀ ਨੂੰ ਇਕ ਪੂੰਜੀ ਪਤੀ ਨਾਲ ਬੰਨ੍ਹਦਾ ਹੈ, ਇਕ ਪੁਲਿਸਵਾਲੇ ਨੂੰ ਇਕ ਅਪਰਾਧੀ ਦੇ ਨਾਲ ਅਤੇ ਇਕ ਔਰਤ ਦੀ ਪ੍ਰਕ੍ਰਿਤੀ ਵਾਲੇ ਨੂੰ ਇਕ ਪੁਰਸ਼ ਦੇ ਨਾਲ ਜਿਹੜਾ ਦੇਸ਼ ਦੇ ਲਈ ਜੋਸ਼ੀਲਾ ਹੈ ਉਸ ਦੇ ਨਾਲ ਬੰਨ੍ਹਦਾ ਹੈ। ਭਾਵੇਂ ਲੋਕ ਵੇਸਵਾ ਦਾ ਕੰਮ ਕਰਨ ਵਾਲੇ ਜਾਂ ਪ੍ਰਚਾਰਕ ਹੋਣ, ਭਾਵੇਂਉਹ ਐਸ਼ ਪ੍ਰਸਤੀ ਦੀ ਉੱਚਾਈ ਤੇ ਰਹਿੰਦੇ ਹੋਣ ਜਾਂ ਗਰੀਬੀ ਦੀ ਡੂੰਘਾਈ ਵਿਚ, ਭਾਵੇਂ ਉਹ ਪੜੇ ਲਿਖੇ ਜਾਂ ਅਨਪੜ ਹੋਣ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਪਰਮੇਸ਼ਰ ਦੇ ਪ੍ਰਤਾਪ ਤੋਂ ਰਹਿ ਗਏ ਹਨ (ਰੋਮੀਆਂ 3:23)। ਅਤੇ ਪਾਪ ਸਾਰੇ ਮਾਨਸਿਕ ਖਿਚਾਉ ਜਿਹੜੇ ਮਨੁੱਖਾਂ ਵਿਚ ਮੌਜੂਦ ਹਨ ਦਾ ਮੂਲ ਕਾਰਣ ਹੈ।

ਪਰੰਤੂ ਯਿਸੂ ਪਾਪੀ ਦੀ ਆਸ ਹੈ। ਉਸ ਨੇ ਆਖਿਆ, ਮੈਂ ਧਰਮੀਆਂ ਨੂੰ ਨਹੀਂ ਸੱਗੋਂ ਪਾਪੀਆਂ ਨੂੰ ਬੁਲਾਉਣ ਆਇਆ ਹਾਂ (ਮੱਤੀ 9:13)। ਭਾਵੇਂ ਥੋੜੀ ਜਾਂ ਜਿਆਦਾ ਦੂਰੀ ਰਹੀ ਹੋਵੇ, ਤੁਸੀਂ ਅਤੇ ਮੈਂ ਪਰਮੇਸ਼ਰ ਦੀ ਪਵਿੱਤਰਤਾਈ ਦੇ ਨਿਸ਼ਾਨੇ ਨੂੰ ਛੱਡ ਦਿੱਤਾ ਹੈ। ਇਸ ਸ਼ਬਦ ''ਪਾਪ'' ਦਾ ਸਾਧਾਰਣ ਅਰਥ ਹੈ 'ਨਿਸ਼ਾਨੇ ਤਕ ਪਹੁੰਚਣ

ਵਿਚ ਅਸਫਲ ਰਹਿਣਾ।' ਉਸ ਨੂੰ ਸਹੀ ਕਰਨ ਲਈ ਆਪਣੇ ਆਪ ਅਸੀਂ ਕੁਝ ਨਹੀਂ ਕਰ ਸਕਦੇ ਹਾਂ। ਇਹ ਸੋਚਣਾ ਵਿਅਰਥ ਦੀ ਆਸ ਹੈ ਕਿ ਅਸੀਂ ਚੰਗੇ ਬਣਨ ਜਾਂ ਚੰਗਾ ਕਰਨ ਦੇ ਦੁਆਰਾ ਅਸੀਂ ਪਰਮੇਸ਼ਰ ਵਿਚ ਸ਼ਾਂਤੀ ਪਾ ਸਕਦੇ ਹਾਂ। ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ (ਅਫਸੀਆਂ 2:9) ਇਸ ਲਈ ਜਦ ਮੁਕਤੀ ਬਾਰੇ ਗੱਲ ਕਰ ਰਿਹਾ ਸੀ, ਯਿਸੂ ਨੇ ਕਿਹਾ, ਮੈਂ ਬਲੀਦਾਨ ਨੂੰ ਨਹੀਂ ਪਰ ਦਯਾ ਨੂੰ ਚਾਹੁੰਦਾ ਹਾਂ (ਮੱਤੀ 9:13)।

ਪਰਮੇਸ਼ਰ ਦੀ ਦਯਾ ਦੀ ਵਾਸਤਵਿਕ ਸਮਝ ਲੋਕਾਂ ਨੂੰ ਬਹੁਤ ਜਿਆਦਾ ਰਾਹਤ ਪ੍ਰਦਾਨ ਕਰਦੀ ਹੈ ਜਿਹੜੇ ਆਪਣੇ ਵਿਅਕਤੀਗਤ ਪਾਪ ਦੀ ਗੰਭੀਰਤਾ ਦੀ ਜਕੜਣ ਵਿਚ ਹਨ।

ਪਰੰਤੂ ਪਰਮੇਸ਼ਰ ਨੇ ਜਿਹੜਾ ਦਯਾ ਦਾ ਧਨੀ ਹੈ (ਅਫਸੀਆਂ 2:4), ਸਭ ਕੁਝ ਜੋ ਉਹ ਆਖਦਾ ਹੈ ਉਹ ਇਹ ਹੈ ਕਿ ਤੁਸੀਂ ਮੁਕਤੀ ਨੂੰ ਉਸ ਦਾ ਮੁਫਤ ਵਰਦਾਨ ਜਾਣ ਕੇ ਗਰੈਹਣ ਕਰੋ। ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ, ਅਤੇ ਇਹ ਤੁਹਾਡੇ ਵੱਲੋਂ ਨਹੀਂ ਇਹ ਪਰਮੇਸ਼ਰ ਦੀ ਬਖਸ਼ੀਸ਼ ਹੈ (ਅਫਸੀਆਂ 2:8)। ਯਿਸੂ ਨੇ ਆਪ ਇਕ ਪਾਪੀ ਦੇ ਲਈ ਇਕ ਬੂਹਾ ਪਰਮੇਸ਼ਰ ਦੀ ਪਵਿੱਤਰ ਉਪਸਥਿਤੀ ਵਿਚ ਦਾਖਲ ਹੋਣ ਲਈ ਸਰਵ ਸ੍ਰੇਸ਼ਠ ਬਲੀਦਾਨ ਚੜਾਇਆ।

ਦਯਾ ਦੇ ਪਰਮੇਸ਼ਰ ਨੇ ਹੁਣ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਬਹੁਤਾਇਤ ਦਾ ਜੀਵਨ ਮੁਫਤ ਉਪਲਬਧ ਕਰਾਇਆ ਹੈ। ਪਰ ਕਿਉਂ ਕਿ ਉਸ ਨੇ ਤੁਹਾਨੂੰ ਇਕ ਇੱਛਾ ਦਿੱਤੀ ਹੈ, ਪਰਮੇਸ਼ਰ ਤੁਹਾਨੂੰ ਮਜ਼ਬੂਰ ਨਹੀਂ ਕਰੇਗਾ ਕਿ ਤੁਸੀਂ ਉਸ ਜੀਵਨ ਵਿਚ ਭਾਗ ਲਉ। ਤੁਸੀਂ ਪਰਮੇਸ਼ਰ ਦੇ ਇਸ ਮੁਫਤ ਵਰਦਾਨ ਦੇ ਲਈ ਕਿਹੋ ਜਿਹਾ ਪ੍ਰਤੀਉੱਤਰ ਦਿੰਦੇ ਹੋ ਇਹ ਇਕ ਜਰੂਰੀ ਗੱਲ ਹੈ। ਪਰਮੇਸ਼ਰ ਨੇ ਕਿਹਾ, ਮੈਂ ਮਨ ਭਾਉਂਦੇ ਸਮੇ ਂ ਵਿਚ ਤੇਰੀ ਸੁਣੀ, ਅਤੇ ਮੁਕਤੀ ਦੇ ਦਿਨ ਤੇਰੀ ਸਹਾਇਤਾ ਕੀਤੀ (2ਕੁਰਿੰਥੀਆਂ 6:2)। ਇਹ ਭੱਵਿਖ ਦੇ ਵਿਖੇ ਨਹੀਂ ਜਦ ਤੁਸੀਂ ਆਪਣੀ ਕੋਸ਼ਿਸ਼ ਦੇ ਨਾਲ ਆਪਣੇ ਆਪ ਨੂੰ ਮਜ਼ਬੂਤ ਬਣਾਉਣ ਵਿਚ ਥੱਕ ਗਏ ਹੋ। ਚੇਤੇ ਰੱਖੋ ਕਿ ਪ੍ਰਭੂ ਯਿਸੂ ਮਸੀਹ ਨੇ ਕਿਹਾ, ਮੈਂ ਧਰਮੀਆਂ ਨੂੰ ਨਹੀਂ ਸਗੋਂ ਪਾਪੀਆਂ ਨੂੰ ਬੁਲਾਉਣ ਆਇਆ ਹਾਂ (ਮੱਤੀ 9:13)।

ਆਪਣੀ ਵਾਸਤਵਿਕ ਸਮਸਿਆ ਦੇ ਬਾਰੇ ਈਮਾਨਦਾਰ ਬਣੋ, ਜਿਹੜੀ ਪਾਪ ਦੀ ਸਮਸਿਆ, ਉਸ ਸਮਸਿਆ ਦੇ ਹੱਲ ਦਾ ਪਹਿਲਾ ਕਦਮ ਹੈ। ਤੁਹਾਨੂੰ ਸਵੀਕਾਰ ਕਰਨ ਦੇ ਲਈ ਯਿਸੂ ਦੀਆਂ ਬਾਹਾਂ ਖੁਲ੍ਹੀਆਂ ਹੋਈਆਂ ਹਨ, ਤੁਸੀਂ ਭਾਵੇਂਕਿਤੇ ਵੀ

ਅਤੇ ਕਿਸੇ ਵੀ ਸਥਿਤੀ ਦੇ ਵਿਚ ਕਿਉਂ ਨਾ ਹੋਵੋ। ਉਹ ਤੁਹਾਥੋਂ ਕੇਵਲ ਇਹ ਸੁਣਨਾ ਚਾਹੁੰਦਾ ਹੈ ਕਿ ਹੇ ਪਰਮੇਸ਼ਰ ਮੈਂ ਪਾਪੀ ਹਾਂ ਮੇਰੇ ਉੱਤੇ ਦਯਾ ਕਰ (ਲੂਕਾ 18:13)।



''**ਸੀ ਮੈਕਸ ਪਰੀਸਨ**'' ਵੱਲੋਂ ਇਕ ਪਤੱਰ ਹੇਠ ਲਿਖੇ ਬਿਨਾਂ *ਸੰਪਾਦਨ ਕੀਤੇ ਹੋਏ ਹਵਾਲੇ ਦੱਖਣੀ ਅਫਰੀਕਾ ਦੀ ਬਹੁਤ ਜਿਆਦਾ ਸੁਰੱਖਿਅਤ ਜੇ ਲ ਵਿਚੋਂ ਇਕ ਕੈਦੀ ਤੋਂ ਮਿਲੇ ਸਨ।*

''ਇਹ ਕਿਤਾਬ ਪਰਮੇਸ਼ਰ ਲਈ ਤੁਹਾਡੀ ਖੋਜ'' ...ਪਰਮੇਸ਼ਰ ਦੇ ਵਚਨ ਨੂੰ ਸਮਝਣ ਵਿਚ ਮੇਰੀ ਸਹਾਇਤਾ ਕੀਤੀ ਹੈ। ਮੇਰੇ ਕਹਿਣ ਦਾ ਅਰਥ ਇਹ ਹੈ ਕਿ ਇਹ ਕਿਤਾਬ ਜੀਵਨ ਦੇ ਸੱਚੇ ਰਸਤੇ ਨੂੰ ਲਭੱਣ ਵਿਚ ਸਾਡੀ ਸਹਾਇਤਾ ਕਰਦੀ ਹੈ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਮੈਨੂੰ ਸਮਝਦੇ ਹੋ। ਮੇਰੇ ਮਿੱਤਰ ਨੇ ਇਹ ਕਿਤਾਬ ਮੈਨੂੰ ਦਿੱਤੀ ਸੀ ... ਮੈਂ ਕਰਦਾ ਹਾਂ ਕਿ ਪਰਮੇਸ਼ਰ ਸਰਿਸ਼ਟੀ ਕਰਤਾ ਹੈ ਅਤੇ ਉਸ ਨੇ ਸਾਰੀ ਸਰਿਸ਼ਟੀ ਦੀ ਰਚਨਾ ਕੀਤੀ ਹੈ। ਮੈਂ ਵਿਸ਼ਵਾਸ ਕਰਦਾ ਹਾਂ ਕਿ ਪਰਮੇਸ਼ਰ ਮੇਰੀ ਸਹਾਇਤਾ ਕਰੇਗਾ ਜਿਵੇਂ ਕਿ ਮੈਂ ਹੁਣ ਕੈਦ ਵਿਚ ਹਾਂ ...।''

– ਇਹ ਰਿਪੋਰਟ ਟਰਾਂਸ ਵਰਲਡ ਰੇਡਿਓ ਰਾਹੀਂ
ਪੇਸ਼ ਕੀਤੀ ਗਈ ਹੈ।

## ਵਿਚਾਰ ਕਰਨ ਲਈ ਠਹਿਰੋ

1. ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਅੱਜ ਸਮਾਜ ਵਿਚ ਬਹੁਤ ਕੁਝ ਭਿਅੰਕਰ ਬੇਇਨਸਾਫੀ ਹੈ?
2. ਜਦ ਤੁਸੀਂ ਬੀਮਾਰ ਹੋ, ਕੀ ਇਹ ਜਰੂਰੀ ਹੈ ਕਿ ਤੁਹਾਡਾ ਡਾਕਟਰ ਦਵਾਈ ਦੇਣ ਤੋਂ ਪਹਿਲਾਂ ਤੁਹਾਡੀ ਬੀਮਾਰੀ ਦੀ ਸਹੀ ਜਾਂਚ ਕਰੇ?
3. ਬਾਈਬਲਃ ਤੁਹਾਡੀ ਸਮਸਿਆ ਦੀ ਕਿਵੇਂ ਜਾਂਚ ਕਰਦੀ ਹੈ? ਤੁਹਾਡੀ ਸਮਸਿਆ ਲਈ ਕਿਵੇਂ ਇਲਾਜ ਦਾ ਨੁਸਖਾ ਲਿਖਦੀ ਹੈ?

ਪਰ ਸ਼ਮਊਨ ਨਾਮੇ ਇਕ ਮਨੁੱਖ ਸੀ, ਜਿਹੜਾ ਅੱਗੇ ਉਸ ਨਗਰ ਵਿਚ ਜਾਦੂ ਕਰਕੇ ਸਾਮਰਿਯਾ ਦੇ ਲੋਕਾਂ ਨੂੰ ਹੈਰਾਨ ਕਰਦਾ, ਅਤੇ ਆਖਦਾ ਸੀ ਭਈ ਮੈਂ ਕੋਈ ਮਹਾਂ ਪੁਰਖ ਹਾਂ; ਅਰ ਛੋਟੇ ਤੋਂ ਲੈ ਕੇ ਵੱਡੇ ਤਾਈਂ ਸਭ ਉਹ ਦੇ ਵੱਲ ਚਿੱਤ ਲਾ ਕੇ ਆਖਦੇ ਸਨ, 'ਭਈ ਇਹ ਮਨੁੱਖ ਪਰਮੇਸ਼ਰ ਦੀ ਉਹ ਸ਼ਕਤੀ ਹੈ ਜਿਹੜੀ ਵੱਡੀ ਕਹਾਉਂਦੀ ਹੈ।

ਡਾਕਟਰ ਲੂਕਾ

## ਅਧਿਆਇ 6

# ਲੋਕ ਕਿਉਂ ਇਨ੍ਹਾਂ ਕੁਰਾਹੇ ਪਏ ਹੋਏ ਹਨ?

ਮੁੰਡਾ ਹੁੰਦੇ ਹੋਏ, ਮੈਂ ਬਿਰੀਟਿਸ਼ ਆਈਸਲਜ਼ ਦੇ ਇਕ ਹਿੱਸੇ ਵਿਚ ਰਹਿੰਦਾ ਸੀ ਜਿਸ ਦੇ ਉੱਪਰ ਬੰਬਾਂ ਨਾਲ ਹਮਲਾ ਕਰਨ ਵਾਲੇ ਉੱਡਦੇ ਰਹਿੰਦੇ ਸਨ। ਇਹ ਲੜਾਈ ਦਾ ਵੇਲਾ ਸੀ, ਅਤੇ ਇਹ ਬੰਬ ਸੁੱਟਣ ਵਾਲੇ ਉਦਯੋਗਿਕ ਮਿਡਲੈਂਡਜ਼ ਅਤੇ ਉੱਤਰੀ ਇੰਗਲੈਂਡ ਦੇ ਆਪਣੇ ਨਿਸ਼ਾਨ ਦੇ ਖੇਤਰਾਂ ਦੇ ਰਸਤੇ ਵਿਚ ਸਨ। ਮੈਂ ਅਤੇ ਮੇਰੇ ਮਿੱਤਰਾਂ ਨੇ ਬੰਬ ਸੁੱਟਣ ਵਾਲੇ ਦੁਸ਼ਮਣ ਦੀ ਭਿਣ ਭਿਣ ਕਰਨ ਦੀ ਅਵਾਜ਼ ਅਤੇ ਸਾਡੇ ਲੜਾਕੂ ਜਹਾਜਾਂ ਦੀ ਗਰਜ ਵਿਚ ਫਰਕ ਕਰਨਾ ਸਿੱਖ ਲਿਆ ਸੀ। ਜਦ ਅਸੀਂ ਅਕਾਸ਼ ਵਿਚ ਦੁਸ਼ਮਣ ਦੇ ਜਹਾਜ਼ ਉੱਤੇ ਤੇਜ਼ ਰੋਸ਼ਨੀ ਦੇਣ ਵਾਲੇ ਲੈਂਪ ਨਾਲ ਰੋਸ਼ਨੀ ਪਾਉਂਦੇ ਵੇਖਿਆ ਤਾਂ ਅਸੀਂ ਬਹੁਤ ਉਤੇਜਿਤ ਹੋ ਗਏ। ਅਸੀਂ ਜਾਣਦੇ ਸੀ ਕਿ ਧਰਤੀ ਤੇ, ਐਕ ਐਕ ਬੰਦੂਕਾਂ ਦੀ ਅਵਾਜ਼ ਜਾਂ ਹਵਾ ਵਿਚ, 'ਡਾਕ ਫਾਇਟ' ਦਾ ਅਰਥ ਥੋੜੀ ਦੇਰ ਵਿਚ ਬੰਬ ਸੁੱਟਣ ਵਾਲੇ ਜਹਾਜ਼ ਨੂੰ ਬੰਦੂਕ ਦੀ ਗੋਲੀਆਂ ਨਾਲ ਹੇਠਾਂ ਡੇਗ ਦੇਵੇਗੀ।

ਦੁਸ਼ਮਣ ਦੇ ਜਹਾਜ਼ ਨੂੰ ਗੋਲੀਆਂ ਮਾਰ ਕੇ ਹੇਠਾਂ ਗਿਰਾਉਣ ਨਾਲ, ਇਕ ਸੰਭਾਵਨਾ ਹਮੇਸ਼ਾ ਹੁੰਦੀ ਸੀ ਕਿ ਜਹਾਜ਼ ਦੇ ਕੁਝ ਕਰਮਚਾਰੀ ਪੈਰਾਸ਼ੂਟ ਰਾਹੀਂ ਬਚ ਜਾਂਦੇ ਸਨ। ਬੱਚ ਜਾਣ ਵਾਲਿਆਂ ਲਈ ਇਹ ਮੁਸ਼ਕਿਲ ਕਰਨ ਲਈ ਕਿ ਕਿਤੇ ਆਪਣਾ ਰਸਤਾ ਲੱਭ ਕੇ ਬਚ ਜਾਣ ਅਤੇ ਸ਼ਾਇਦ ਫੇਰ ਹੋਰ ਬੰਬ ਲੈ ਕੇ ਵਾਪਿਸ ਮੁੜਣ, ਅਧਿਕਾਰੀ ਸੜਕਾਂ ਦੇ ਉੱਤੇ ਬਣਾਏ ਸੰਕੇਤ ਦੀਆਂ ਚੋਕੀਆਂ ਨੂੰ ਢਾਹ ਦਿੰਦੇ ਸਨ। ਇਸ ਤਰਾਂ ਸੜਕਾਂ ਤੇ ਕਰੀਬ ਕਰੀਬ ਕੋਈ ਵੀ ਸੰਕੇਤ ਨਿਸ਼ਾਨ ਨਹੀਂ ਸਨ।

ਫੇਰ ਵੀ, ਅਸੀਂ ਮੁੰਡੇ ਜਾਣਦੇ ਸੀ ਕਿ ਸ਼ਹਿਰ ਦੇ ਬਾਹਰ, ਵਟੂੰਨ ਵੂਡਸ ਵਿਚ, ਕਿ ਹਾਲੇ ਵੀ ਇਕ ਛੋਟਾ ਜਿਹਾ ਸੰਕੇਤ ਨਿਸ਼ਾਨ ਸੜਕਾਂ ਦੇ

ਵਿਭਾਜਨ ਦੀ ਇਕ ਮਹਤੱਵਹੀਣ ਥਾਂ ਤੇ ਸੀ। ਜਦ ਅਸੀਂ ਉਸ ਸੰਕੇਤ ਨਿਸ਼ਾਨ ਨੂੰ ਮੋੜ ਕੇ ਗਲਤ ਦਿਸ਼ਾ ਵਿਚ ਕਰ ਦਿੱਤਾ, ਤਾਂ ਵਾਸਤਵ ਵਿਚ ਅਸੀਂ ਸੋਚਿਆ ਕਿ ਅਸੀਂ ਯੁੱਧ ਦੀਆਂ ਕੋਸ਼ਿਸ਼ਾਂ ਵਿਚ ਸਹਾਇਤਾ ਕਰ ਰਹੇ ਸੀ। ਅਸੀਂ, ਸਥਾਨਿਕ ਅਧਿਕਾਰੀਆਂ ਵਾਂਗੂ, ਸਾਡੇ ਸਮੁੰਦਰੀ ਕਿਨਾਰਿਆਂ ਤੇ ਆਉਣ ਵਾਲੇ, ਕਿਸੇ ਵੀ ਬਿਨ੍ਹਾਂ ਸਤਕਾਰ ਵਾਲੇ ਮਹਿਮਾਨਾਂ ਨੂੰ ਉਲਝਾਉਣਾ ਚਾਹੁੰਦੇ ਸਨ।

ਫੇਰ ਵੀ, ਜੇ ਅਜਿਹੇ ਵਿਅਕਤੀ ਕੋਲ ਕੋਈ ਭਰੋਸੇ ਯੋਗ ਨਕਸ਼ਾ ਉਹ ਦੇ ਹੱਥਾਂ ਵਿਚ ਹੋਵੇ, ਤਾਂ ਵਾਸਤਵਿਕਤਾ ਇਹ ਹੈ ਕਿ ਭਾਵੇਂ ਉੱਥੇ ਕੋਈ ਸੰਕੇ ਤ ਨਿਸ਼ਾਨ ਹੋਣ ਜਾਂ ਨਾ ਹੋਣ ਉਸ ਦੇ ਸਾਹਮਣੇ ਕੋਈ ਮੁਸ਼ਕਿਲ ਨਹੀਂ ਆਵੇਗੀ। ਐਥੋਂ ਤਕ ਕਿ ਸਾਡਾ ਮੁੰਡਿਆਂ ਦਾ ਸੰਕੇਤ ਨਿਸ਼ਾਨ ਨੂੰ ਪੁੱਠਾ ਕਰਨ ਦਾ ਵਿਚਾਰ ਵੀ ਦੁਸ਼ਮਣ ਨੂੰ ਉਲਝਾਏਗਾ ਨਹੀਂ ਜਦ ਤਕ ਕਿ ਉਹ ਨਕਸ਼ੇ ਉੱਤੇ ਦਿੱਤੀ ਗਈ ਸੂਚਨਾ ਦੇ ਪ੍ਰਤੀ ਲਾਪਰਵਾਹੀ ਦਿਖਾਉਣ ਦਾ ਚੁਣਾਵ ਨਾ ਕਰੇ।

ਪਰਮੇਸ਼ਰ ਸਾਨੂੰ ਅਜਿਹੇ ਲੋਕਾਂ ਬਾਰੇ ਦੱਸਦਾ ਹੈ ਜਿਹੜੇ ਪਰਮੇਸ਼ਰ ਲਈ ਆਪਣੀ ਖੋਜ ਵਿਚ, ਇਸ ਤਰਾਂ ਦੇ ਝੂਠੇ ਨਿਸ਼ਾਨਾਂ ਰਾਹੀਂ ਕੁਰਾਹੇ ਪੈ ਜਾਂਦੇ ਹਨ।

ਸ਼ੁਰੂਆਤ ਦੇ ਲਈ, ਕੋਈ ਵੀ ਵਿਅਕਤੀ ਜਿਹੜਾ ਇਸ ਸਚਾਈ ਵੱਲ ਧਿਆਨ ਨਾ ਦੇਣ ਦਾ ਚੁਣਾਵ ਕਰਦਾ ਹੈ ਕਿ ਇਸ ਅਦਭੁਤ ਸਰਿਸ਼ਟੀ ਦਾ ਅਸਤਿਤਵ ਸਰਿਸ਼ਟੀਕਰਤਾ ਪਰਮੇਸ਼ਰ ਵੱਲ ਇਸ਼ਾਰਾ ਕਰਦਾ ਹੈ ਉਹ ਵਾਸਤਵ ਵਿਚ ਕੁਰਾਹੇ ਪੈ ਜਾਂਦਾ ਹੈ।

> *ਉਹ ਆਪ ਬੁੱਧੀਵਾਨ ਮੰਨ ਕੇ ਮੂਰਖ ਬਣ ਗਏ ... ਜਿਵੇਂਪਰਮੇ ਸ਼ਰ ਨੂੰ ਆਪਣੀ ਪਛਾਣ ਵਿਚ ਰੱਖਣਾ ਉਨ੍ਹਾਂ ਨੂੰ ਚੰਗਾ ਨਾ ਲੱਗਾ, ਉਵੇਂਪਰਮੇਸ਼ਰ ਨੇ ਉਨ੍ਹਾਂ ਮੰਦੀ ਬੁੱਧ ਦੇ ਵੱਸ ਕਰ ਦਿੱਤਾ* ... (ਰੋਮੀਆਂ 1:22–23)

ਅਤੇ ਉਹ ਮੰਦੀ ਬੁੱਧ ਵਾਲਾ ਸਰਿਸ਼ਟੀ ਦੇ ਕੰਮਾਂ ਦੀ ਉਪਾਸਨਾ ਕਰੇ ਗਾ, ਬਜਾਏ ਕਿ ਉਸ ਸਰਿਸ਼ਟੀਕਰਤਾ ਦੇ। ਦੂਜੇ ਪਾਸੇਸਪਸ਼ਟ ਸੋਚਣ ਵਾਲਾ ਇਕ ਵਿਅਕਤੀ, ਆਪਣੇ ਸਰਿਸ਼ਟੀ ਕਰਤਾ ਦੀ ਉਪਾਸਨਾ ਕਰੇਗਾ। ਇਸ

ਲਈ, ਜੇ ਤੁਸੀਂ ਇਹ ਵਿਸ਼ਵਾਸ ਕਰਨ ਤੋਂ ਇਨਕਾਰ ਕਰੋਗੇ ਕਿ ਪਰਮੇਸ਼ਰ ਨੇ ਸਰਿਸ਼ਟੀ ਨੂੰ ਬਣਾਇਆ, ਤਾਂ ਪਰਮੇਸ਼ਰ ਤੁਹਾਨੂੰ ਭ੍ਰਸ਼ਟ ਬੁੱਧੀ ਦੇ ਵੱਸ ਵਿਚ ਕਰ ਦੇਵੇਗਾ ਅਤੇ ਤੁਹਾਨੂੰ ਕੋਈ ਵੀ ਉੱਜੜ ਵਿਚਾਰ ਸੋਚਣ ਦੇਵੇਗਾ ਕਿ ਤੁਸੀਂ ਅਜਿਹਾ ਵਿਸ਼ਵਾਸ ਕਰੋ ਕਿ ਸਰਿਸ਼ਟੀ ਕਿਵੇਂ ਅਸਤਿਤੱਵ ਵਿਚ ਆਈ। ਇਕ ਮੰਦੀ ਬੁੱਧ ਵਾਲਾ ਵਰਗਲਾਉਣ ਵਾਲੀ ਬੁੱਧੀ ਦਾ ਹੁੰਦਾ ਹੈ।

ਪਰਮੇਸ਼ਰ ਉਨ੍ਹਾਂ ਲੋਕਾਂ ਨੂੰ ਚੇਤਾਵਨੀ ਦਿੰਦਾ ਹੈ ਜਿਹੜੇ ਪਰਮੇਸ਼ਰ ਦੇ ਵਚਨ ਨੂੰ ਸੱਚ ਮੰਨਣ ਨੂੰ ਮੰਨਾ ਕਰ ਕੇ ਛੇਤੀ ਧੋਖੇ ਦੇ ਰਾਹ ਉੱਤੇ ਚੱਲਦੇ ਹਨ, ਜਿਹੜਾ ਨਾਸ਼ ਵੱਲ ਲੈ ਜਾਂਦਾ ਹੈ। ਵਾਸਤਵ ਵਿਚ, ਕੋਈ ਵੀ ਵਿਅਕਤੀ ਜਿਹੜਾ ਪਰਮੇਸ਼ਰ ਦੇ ਵਚਨ ਦੀ ਸਚਾਈ ਨੂੰ ਨਿਸ਼ਚਿਤ ਤੌਰ ਤੇ ਅਤੇ ਪ੍ਰਭਾਉਸ਼ਾਲੀ ਤੌਰ ਤੇ ਪਿਆਰ ਨਾ ਕਰਨ ਦਾ ਚੁਣਾਵ ਕਰਦਾ ਹੈ ਉਹ ਆਪਣੇ ਆਪ ਨੂੰ ਇਕ ਬਹੁਤ ਹੀ ਖਤਰਨਾਕ ਸਥਿਤੀ ਵਿਚ ਪਾ ਲੈਂਦਾ ਹੈ।

> *ਇਸ ਕਾਰਨ ਜੋ ਉਨ੍ਹਾਂ ਨੇ ਸਚਿਆਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ ਜਿਸ ਤੋਂ ਉਨ੍ਹਾਂ ਦੀ ਮੁਕਤੀ ਹੋ ਜਾਂਦੀ ... ਸੋ ਇਸੇ ਕਰਕੇ ਪਰਮੇਸ਼ਰ ਉਨ੍ਹਾਂ ਉੱਤੇ ਧੋਖੇ ਦਾ ਅਸਰ ਘੱਲਦਾ ਹੈ ਭਈ ਉਹ ਝੂਠ ਨੂੰ ਸੱਚ ਮੰਨਣ ...* (2ਥੱਸਲੁਨੀਕੀਆਂ 2:10–11)।

ਇਕ ਵਾਰ ਜਦ ਇਕ ਵਿਅਕਤੀ ਸਚਿਆਈ ਵੱਲ ਧਿਆਨ ਨਹੀਂ ਦਿੰਦਾ ਜਾਂ ਰੱਦ ਕਰ ਦਿੰਦਾ ਹੈ, ਉਹ ਉਸ ਨੂੰ ਜਿਹੜਾ ਝੂਠ ਹੈ ਛੇਤੀ ਹੀ ਸਵੀਕਾਰ ਕਰੇਗਾ।

ਇਕ ਵਾਰ ਮੈਨੂੰ ਚੰਗੀ ਤਰਾਂ ਯਾਦ ਹੈ ਜਦ ਕੀ ਮੈਂ ਲੰਡਨ ਦੀ ਸੰਘਣੀ ਧੁੰਦ ਵਿਚੋਂ ਦੀ ਘਰ ਜਾਣ ਲਈ ਆਪਣਾ ਰਸਤਾ ਲਭੱਣ ਦੀ ਕੋਸ਼ਿਸ਼ ਕੀਤੀ। ਸਿਰਫ ਸੜਕ ਦੇ ਕਿਨਾਰੇ ਤਕ ਆਪਣਾ ਰਸਤਾ ਲਭੱਣ ਲਈ ਜਿੰਨ੍ਹੀ ਸਹਾਇਤਾ ਦੀ ਮੈਨੂੰ ਲੋੜ ਸੀ ਮੈਂ ਪ੍ਰਾਪਤ ਕਰ ਸਕਦਾ ਸੀ। ਲੰਬੀ ਬਾਂਹ ਕਰਕੇ ਪਕੜਨ ਤੇ ਵੀ ਮੇਰੀ ਫਲੈਸ਼ ਲਾਈਟ ਦੀ ਰੋਸ਼ਨੀ ਵੇਖੀ ਨਹੀਂ ਜਾ ਸਕਦੀ ਸੀ। ਪਰਮੇਸ਼ਰ ਸਾਨੂੰ ਦੱਸਦਾ ਹੈ ਕਿ ਇਕ ਜ਼ਬਰਦਸਤ ਧੋਖਾ, ਜਿਹੜਾ ਵਾਸਤਵ ਵਿਚ ਮਾਨਸਿਕ ਧੁੰਦ ਵਾਂਗੂ ਹੈ ਜਿਹੜਾ ਇਹ ਗ੍ਰਹਿ ਧਰਤੀ ਦੇ ਉੱਤੇ ਉਨ੍ਹਾਂ ਗੱਲਾਂ ਦਾ ਅੰਤ ਕਰੇਗੀ ਕਿਉਂਕਿ ਪਰਮੇਸ਼ਰ ਦੇ ਵਚਨ ਦੀ ਸਚਿਆਈ ਨੂੰ ਲੋਕ ਰੱਦ ਕਰਨਗੇ। ਯਿਸੂ ਦੇ ਚੇਲਿਆਂ ਨੇ ਉਸ ਨੂੰ ਪੁੱਛਿਆ, ਤੇਰੇ

ਆਉਣ ਅਤੇ ਜੁੱਗ ਦੇ ਅੰਤ ਦਾ ਕੀ ਲੱਛਣ ਹੋਉ? ਦੂਜੀਆਂ ਗੱਲਾਂ ਦੇ ਨਾਲ ਉਸ ਨੇ ਜਵਾਬ ਦਿੱਤਾ :

> *ਕਿਉਂਕਿ ਝੂਠੇ ਮਸੀਹ ਅਤੇ ਝੂਠੇ ਨਬੀ ਉੱਠਣਗੇ ਅਰ ਅਜਿਹੇ ਵੱਡੇ ਨਿਸ਼ਾਨ ਅਤੇ ਅਚਰਜ ਕੰਮ ਵਿਖਾਉਣਗੇ, ਕਿ ਜੇ ਹੋ ਸਕਦਾ ਤਾਂ ਉਹ ਚੁਣਿਆ ਹੋਇਆਂ ਨੂੰ ਵੀ ਭੁਲਾਵੇ ਵਿਚ ਪਾ ਦਿੰਦੇ* (ਮੱਤੀ 24:24)।

ਹੁਣ ਤਕ ਵੀ ਤੁਸੀਂ ਆਪਣੇ ਆਪ ਨੂੰ ਆਖ ਸਕਦੇ ਹੋ, ''ਠੀਕ ਹੈ, ਮੈਂ ਧੋਖੇ ਵਿਚ ਨਹੀਂ ਹਾਂ।'' ਤੁਸੀਂ ਇਸ ਵਾਸਤਵਿਕਤਾ ਵਿਚ ਘੁਮੰਡ ਵੀ ਕਰ ਸਕਦੇ ਹੋ ਕਿ ਤੁਸੀਂ ਇਕ ਝੂਠੇ ਮਸੀਹ ਨੂੰ ਜਾਂ ਇਕ ਝੂਠੇ ਨਬੀ ਨੂੰ ਆਸਾਨੀ ਨਾਲ ਪਛਾਣ ਸਕਦੇ ਹੋ। ਪਰ ਇਕ ਪਲ ਲਈ ਠਹਿਰੋ ਅਤੇ ਆਪਣੇ ਇਸ ਨਿਸ਼ਕਰਸ਼ ਬਾਰੇ ਸੋਚੋ। ਜੇ, ਕਿਉਂਕਿ ਤੁਸੀਂ ਸਚਿਆਈ ਨੂੰ ਪਿਆਰ ਨਹੀਂ ਕੀਤਾ, ਪਰਮੇਸ਼ਰ ਨੇ ਸ਼ਤਾਨ ਨੂੰ ਤੁਹਾਡੇ ਮਨ ਨੂੰ ਧੋਖਾ ਦੇਣ ਲਈ ਅਨੁਮਤੀ ਦਿੱਤੀ ਹੈ, ਤੁਸੀਂ ਨਿਸ਼ਚਿਤ ਤੌਰ ਤੇ ਇਸ ਗੱਲ ਬਾਰੇ ਜਾਣਦੇ ਵੀ ਨਹੀਂ ਹੋਵੋਗੇ । ਜੇ ਤੁਸੀਂ ਵਾਸਤਵ ਵਿਚ ਜਾਣਦੇ ਸੀ ਕਿ ਕਿਸੇ ਝੂਠੇ ਨਬੀ ਨੇ ਤੁਹਾਨੂੰ ਧੋਖਾ ਦਿੱਤਾ ਸੀ, ਤਾਂ ਤੁਸੀਂ ਵਾਸਤਵ ਵਿਚ ਧੋਖਾ ਨਹੀਂ ਖਾਉਗੇ। ਸਾਰਾ ਧੋਖਾ ਮਨ ਵਿਚ ਹੋਣਾ ਚਾਹੀਦਾ ਹੈ, ਅਤੇ ਕੋਈ ਵੀ ਜਿਹੜਾ ਆਪਣੀ ਬੁੱਧੀ ਦਾ ਘੁਮੰਡ ਕਰਦਾ ਹੈ ਉਹ ਇਹ ਸਵੀਕਾਰ ਕਰਨ ਵਿਚ ਮੁਸ਼ਕਿਲ ਮਹਿਸੂਸ ਕਰੇਗਾ ਕਿ ਇਕ ਝੂਠ ਦਾ ਵਿਸ਼ਵਾਸ ਕਰਨ ਲਈ ਉਸ ਦੇ ਦਿਮਾਗ ਨਾਲ ਛਲ ਕੀਤਾ ਗਿਆ ਹੈ।

ਵਾਸਤਵ ਵਿਚ ਦੋ ਤਰਾਂ ਦੇ ਲੋਕ ਹਨ ਜਿਹੜੇ ਜਦ ਉਹ ਬਾਈਬਲ ਪੜਦੇ ਹਨ ਉਹ ਸਚਿਆਈ ਦਾ ਵਿਰੋਧ ਕਰਦੇ ਹਨ, ਇਸ ਤਰਾਂ ਆਪਣੇ ਆਪ ਨੂੰ ਉਨ੍ਹਾਂ ਪਾਖੰਡਾਂ ਦੇ ਲਈ ਜਿਹੜਾ ਸੰਸਾਰ ਸਿਖਾਉਂਦਾ ਹੈ। ਇਕ ਉਹ ਵਿਅਕਤੀ ਹੈ ਜਿਹੜਾ ਆਪਣੀ ਬੁੱਧੀ ਦਾ ਘੁਮੰਡ ਕਰਦਾ ਹੈ ਅਤੇ ਆਪਣੇ ਆਪ ਵਿਚ ਸੰਤੁਸ਼ਟ ਲੱਗਦਾ ਹੈ। ਦੂਜਾ ਵਿਅਕਤੀ ਉਹ ਹੈ ਜਿਹੜਾ ਨੀਤੀ ਅਨੁਸਾਰ ਅਣਆਗਿਆਕਾਰੀ ਹੈ। ਪਰ ਹਰੇਕ ਵਿਅਕਤੀ ਨੂੰ ਜਿਹੜਾ ਵਾਸਤਵ ਵਿਚ ਪਰਮੇਸ਼ਰ ਦੀ ਇੱਛਾ ਨੂੰ ਪੂਰਾ ਕਰਦਾ ਹੈ, ਪ੍ਰਭੂ ਯਿਸੂ ਦੀ ਉਸ ਦੇ ਨਾਲ ਇਕ ਖਾਸ ਪ੍ਰਤੀਗਿਆ ਹੈ : *ਜੇ ਕੋਈ ਵਿਅਕਤੀ ਉਹ ਦੀ ਮਰਜ਼ੀ*

*ਪੂਰੀ ਕਰਨੀ ਚਾਹੇ, ਤਾਂ ਉਹ ਜਾਣੇਗਾ ... ਭਈ ਇਹ ਸਿੱਖਿਆ ਪਰਮੇਸ਼ਰ ਤੋਂ ਹੈ ਜਾਂ ਮੈਂ ਆਪਣੇ ਵੱਲੋਂ ਬੋਲਦਾ ਹਾਂ ...''*(ਯੂਹੰਨਾ 7:17)।

ਜੇ ਤੁਸੀਂ ਵਾਸਤਵ ਵਿਚ ਪਰਮੇਸ਼ਰ ਦੀ ਇੱਛਾ ਪੂਰੀ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਨਿਸ਼ਚਿਤ ਹੋ ਸਕਦੇ ਹੋ ਕਿ ਬਾਈਬਲ ਦੇ ਰਾਹੀਂ ਪਰਮੇਸ਼ਰ ਤੁਹਾਨੂੰ ਸਿਖਾਵੇਗਾ ਕਿ ਕੀ ਵਿਸ਼ਵਾਸ ਕਰਨਾ ਹੈ ਅਤੇ ਕੀ ਵਿਸ਼ਵਾਸ ਨਹੀਂ ਕਰਨਾ ਹੈ, ਅਤੇ ਕਿਵੇਂ ਵਿਹਾਰ ਕਰਨਾ ਹੈ ਅਤੇ ਕਿਵੇਂ ਵਿਹਾਰ ਨਹੀਂ ਕਰਨਾ ਹੈ।

ਫੇਰ ਵੀ, ਸਾਨੂੰ ਸਚੇਤ ਰਹਿਣਾ ਹੈ ਤਾਂ ਜੋ ਉਨ੍ਹਾਂ ਧਾਰਮਿਕ ਪੜ੍ਹਾਉਣ ਵਾਲਿਆਂ ਦੇ ਵਚਨਾਂ ਨੂੰ ਰੱਦ ਕਰੀਏ ਜਿਹੜੇ ਆਪਣੇ ਆਪ ਨਿਯੁਕਤ ਹੋਏ ਹਨ, ਜਿਹੜੇ ਪਰਮੇਸ਼ਰ ਦੇ ਸੱਚੇ ਵਚਨ ਨੂੰ ਨਹੀਂ ਸਿਖਾਉਂਦੇ, ਪਰ ਬਜਾਏ ਇਸ ਦੇ ਇਹ ਕਰਦੇ ਹਨ ਕਿ ਤੁਸੀਂ ਗਲਤ ਗੱਲਾਂ ਉੱਤੇ ਵਿਸ਼ਵਾਸ ਕਰੋ ਅਤੇ ਗਲਤ ਕੰਮ ਕਰੋ।

ਇਸ ਪੀੜ੍ਹੀ ਵਿਚ ਸ਼ਤਾਨ ਦੇ ਕੁਝ ਦਲਾਲ ਜਿਹੜੇ ਲੋਕਾਂ ਦਾ ਧਿਆਨ ਗਲਤ ਦਿਸ਼ਾ ਵੱਲ ਦਿਵਾਉਂਦੇ ਹਨ ਉਹ ਬਣਾਵਟੀ ਮਸੀਹੀ ਆਰਾਧਨਾ ਸਿਸਟਮ ਦੇ ਮੈਂਬਰ ਹਨ। ਕੋਈ ਵੀ ਵਿਅਕਤੀ ਜਿਹੜਾ ਪਿਤਾ ਪਰਮੇਸ਼ਰ ਪੁੱਤਰ ਪਰਮੇਸ਼ਰ ਅਤੇ ਪਵਿੱਤਰ ਆਤਮਾ ਪਰਮੇਸ਼ਰ ਦੀ ਸਚਾਈ ਨੂੰ ਰੱਦ ਕਰਦਾ ਹੈ – ਤਿੰਨ ਵਿਚ ਇਕ ਅਤੇ ਇਕ ਵਿੱਚ ਤਿੰਨ ਉਹ ਝੂਠਾ ਨਬੀ ਹੈ। ਬੇਸ਼ਕ ਅਜਿਹੇ ਲੋਕ ਬਾਈਬਲ ਵਿਚੋਂ ਕੁਝ ਫਰਕ ਫਰਕ ਥਾਵਾਂ ਤੋਂ ਕੁਝ ਆਇਤਾਂ ਦੇ ਹਵਾਲੇ ਦੇਣ, ਉਹ ਪ੍ਰਸੰਗ ਵਿਚੋਂ ਮੂਲ ਪਾਠ ਨੂੰ ਪੂਰੀ ਤਰਾਂ ਅਲੱਗ ਕਰ ਦਿੰਦੇ ਹਨ ਅਤੇ ਇਸ ਤਰਾਂ ਬਾਈਬਲ ਦੇ ਬਗੈਰ ਧਰਮ ਨੂੰ ਅੱਗੇ ਵਧਾਉਂਦੇ ਹਨ। ਤੁਸੀਂ ਹਮੇਸ਼ਾ ਇਕ ਝੂਠੇ ਸਿੱਖਿਅਕ ਦਾ ਪਤਾ ਇਕ ਪੁੱਛ ਕੇ ਲਗਾ ਸਕਦੇ ਹੋ, ''ਯਿਸੂ ਮਸੀਹ ਕੌਣ ਹੈ?'' ਉਹ ਇਸ ਤਰਕ ਦਾ ਹਿੱਸਾ ਹੈ ਕਿਉਂਕਿ ਇਹ ਜਾਣਨਾ ਇੰਨਾਂ ਜ਼ਿਆਦਾ ਮਹਤੱਵਪੂਰਣ ਹੈ ਕਿ ਤੁਸੀਂ ਜਾਣੋ ਕਿ ਉਹ ਕੌਣ ਹੈ।

ਜਦ ਤੁਸੀਂ ਵਾਸਤਵ ਵਿਚ ਯਿਸੂ ਨੂੰ ਪਰਮੇਸ਼ਰ ਪੁੱਤਰ ਕਰਕੇ ਜਾਣਦੇ ਹੋ, ਐਥੋਂ ਤਕ ਕਿ ਗੁਪਤ ਸਮਾਜਿਕ ਜੀਵਨ ਜਿਸ ਵਿਚ ਅਜਿਹਾ ਇਕ ਮਹਾਨ ਕੈਮਰਾ ਇਕ ਦੂਜੇ ਦੀ ਸਹਾਇਤਾ ਦੇ ਲਈ ਹੁੰਦਾ ਹੈ ਉਹ ਇਕ ਹੋਰ

ਆਤਮਿਕ ਧੋਖੇ* ਵਾਂਗੂ ਵੇਖਿਆ ਜਾਂਦਾ ਹੈ। ਭਾਵੇਂ ਪਰਮੇਸ਼ਰ ਦਾ ਜ਼ਿਕਰ ਅਜਿਹੇ ਸਮਾਜਾਂ ਵਿਚ ਕੀਤਾ ਜਾ ਸਕਦਾ ਹੈ, ਇਹ ਸਮੂਹ ਯਿਸੂ ਮਸੀਹ ਦੀ ਸਿਖਿਆਵਾਂ ਵੱਲ ਧਿਆਨ ਨਹੀਂ ਦਿੰਦੇ, ਜਿਸ ਨੇ ਕਿਹਾ,

> *ਕੋਈ ਮੇਰੇ ਵਸੀਲੇ ਬਿਨਾਂ, ਪਿਤਾ ਦੇ ਕੋਲ ਨਹੀਂ ਆਉਂਦਾ (ਯੂਹੰਨਾ 14:6)। ਬਾਈਬਲ ਉਨ੍ਹਾਂ ਦੇ ਲਈ ਜਿਹੜੇ ਪਰਮੇਸ਼ਰ ਬਾਰੇ ਗਲਤ ਅਤੇ ਮੂਰਖਤਾ ਪੂਰਣ ਵਿਸ਼ਵਾਸ ਰੱਖਦੇ ਹਨ ਕਠੋਰ ਸ਼ਬਦਾਂ ਦਾ ਰਿਕਾਰਡ ਰੱਖਦੀ ਹੈ। ਤੂੰ ਨਿਹਚਾ ਰੱਖਦਾ ਹੈਂ ਜੋ ਪਰਮੇਸ਼ਰ ਇੱਕੋ ਹੈ; ਇਹ ਤੂੰ ਚੰਗਾ ਕਰਦਾ ਹੈਂ: ਭੂਤ ਇਹੋ ਨਿਹਚਾ ਕਰਦੇ ਹਨ ਅਤੇ ਕੰਬਦੇ ਹਨ* (ਯਾਕੂਬ 2:19)।

---

ਫਰੀਮੈਸਨਰੀ ਸੰਸਾਰ ਵਿਚ ਇਕ ਵੱਡੀ ਅੰਤਰ ਰਾਸ਼ਟਰੀ ਗੁਪਤ ਸੰਸਥਾ ਹੈ, ਇਸ ਸਮੇਂ ਕਰੀਬ 10 ਮਿਲਿਯਨ ਲੋਕਾਂ ਦੀ ਸਾਰੇ ਸੰਸਾਰ ਵਿਚੋਂ ਸਦੰਸਤਾ ਕਰਕੇ ਆਪਣੀ ਪ੍ਰਸ਼ੰਸਾ ਕਰਦੀ ਹੈ। ਭਾਵੇਂ ਇਸ ਦੇ ਭਾਈਚਾਰੇ ਦੇ ਪਿਆਰ, ਮੁਸੀਬਤ ਵਿਚ ਪਏ ਲੋਕਾਂ ਦੀ ਸਹਾਇਤਾ, ਅਤੇ ਸਚਾਈ ਬਹੁਤਿਆਂ ਨੂੰ ਆਕਰਸ਼ਕ ਲੱਗੇ, ਮੈਸਨਰੀ ਸੰਸਥਾ ਉਤਨੀ ਹਾਨਿਰਹਿਤ ਨਹੀਂ ਹੈ ਜਿਤਨੀ ਇਹ ਉਨ੍ਹਾ ਨੂੰ ਲੱਗਦੀ ਹੈ ਜਿਹੜੇ ਇਸ ਦੇ ਮੈਂਬਰ ਨਹੀਂ ਹਨ। ਮੈਸਨ ਬਣਨ ਲਈ, ਹਰੇਕ ਉਮੀਦਵਾਰ ਨੂੰ ਇਹ ਮੰਨਣਾ ਪੈਂਦਾ ਹੈ ਕਿ ਉਹ ਅੰਧਕਾਰ ਵਿਚ ਹੈ ਅਤੇ ਚਾਨਣ ਤਕ ਪਹੁੰਚ ਰਿਹਾ ਹੈ। ਯਿਸੂ ਦਾ ਇਕ ਅਨੁਯਾਈ ਜਾਂ ਚੇਲਾ ਪਹਿਲਾਂ ਹੀ ਵਿਸ਼ਵਾਸ ਕਰਦਾ ਹੈ ਕਿ ਉਸ ਨੂੰ ਚਾਨਣ ਪ੍ਰਾਪਤ ਹੋ ਗਿਆ ਹੈ। ਯਿਸੂ ਨੇ ਕਿਹਾ ਜਗਤ ਦਾ ਚਾਨਣ ਮੈਂ ਹਾਂ, ਜਿਹੜਾ ਮੇਰੇ ਪਿੱਛੇ ਤੁਰਦਾ ਹੈ ਅਨ੍ਹੇਰੇ ਵਿਚ ਕਦੇ ਨਾ ਚੱਲੇਗਾ ਸਗੋਂ ਉਹ ਦੇ ਕੋਲ ਜੀਉਣ ਦਾ ਚਾਨਣ ਹੋਵੇਗਾ (ਯੂਹੰਨਾ 8:12)। ਮੈਸਨਿਕ ਗੁਪਤ ਸੰਸਥਾ ਦੀ ਆਰੰਭਿਕ ਸਮਾਰੋਹ ਬਹੁਤ ਹੀ ਨਾਟਕੀ ਅਤੇ ਸਾਂਕੇਤਿਕਤਾ ਭਰਿਆ ਹੁੰਦਾ ਹੈ। ਉਸ ਵੇਲੇ, ਮੈਸਨਿਕ ਉਮੀਦਵਾਰ ਦਾ ਪਰਮੇਸ਼ਰ ਦੀ ਬਾਈਬਲ ਦੀ ਧਾਰਨਾ ਤੋਂ ਪਰੇ ਅਗਵਾਈ ਕੀਤੀ ਜਾਂਦੀ ਹੈ ਜਦ ਉਸ ਦਾ ਪਰਿਚਯ ਗੋਟੋ ਦੇ ਨਾਮ ਨਾਲ ਕਰਾਇਆ ਜਾਂਦਾ ਹੈ। ਉਮੀਦਵਾਰ ਨੂੰ ਦੱਸਿਆ ਜਾਂਦਾ ਹੈ ਕਿ ਗੋਟੋ ਪਰਮੇਸ਼ਰ ਦਾ ਗੁਆਚਿਆ ਹੋਇਆ ਨਾਮ ਹੈ ਅਤੇ ਉਹ ਗੋਟੋ ਸ਼ਰਿਸ਼ਟੀ ਦਾ ਵੱਡਾ ਨਿਰਮਾਤਾ ਹੈ। ਸਿਧਾਂਤ ਵਿਚ ਪਰਮੇਸ਼ਰ ਵਿਚ ਕੋਈ ਵੀ ਵਿਸ਼ਵਾਸ ਰੱਖਣ ਵਾਲਾ ਭਾਵੇਂ ਬੁੱਧ ਧਰਮ ਨੂੰ ਮੰਨਣ ਵਾਲਾ ਹੋਵੇ, ਭਾਵੇਂ ਹਿੰਦੂ, ਮੁਸਲਮਾਨ, ਯਹੂਦੀ ਜਾਂ ਮਸੀਹੀ ਹੋਵੇ ਫਰੀਮੈਸਨ ਬਣ ਸਕਦਾ ਹੈ। ਇਸ ਲਈ ਗੋਟੋ (ਮਨੁੱਖ ਰਾਹੀਂ ਬਣਾਈ ਗਈ ਪਰਮੇਸ਼ਰ ਦੀ ਧਾਰਨਾ) ਉਮੀਦਵਾਰ ਦੇ ਵਿਚਾਰਾਂ ਨੂੰ ਯਿਸੂ ਵੱਲੋਂ ਹਟਾ ਦਿੱਤਾ ਜਾਂਦਾ ਹੈ ਜਿਸ ਦੇ ਬਾਰੇ ਬਾਈਬਲ ਸੱਚੇ ਚਾਨਣ ਦੀ ਘੋਸ਼ਣਾ ਕਰਦੀ ਹੈ (ਯੂਹੰਨਾ 1:9)। ਬਾਅਦ ਵਿਚ, ਜਦ ਇਹ ਮੈਸਨ ਇਕ ਸਿੱਖਿਅਕ ਮੈਸਨ ਬਣ ਜਾਂਦਾ ਹੈ, ਉਸ ਨੂੰ ਪਰਮੇਸ਼ਰ ਲਈ ਇਕ ਹੋਰ ਨਾਮ ਜਾਹਬੂਲੋਨ ਸਿਖਾਇਆ ਜਾਂਦਾ ਹੈ। ਇਹ ਨਾਮ ਵਾਸਤਵ ਵਿਚ ਪਰਮੇਸ਼ਰ ਲਈ ਯਹੂਦੀ ਅਤੇ ਮੱਧ ਪੂਰਵੀ ਨਾਵਾਂ ਦਾ ਇੱਕਠ ਹੈ। ਇਹ ਯਹੋਵਾਹ ਲਈ ਜਾਹ ਵਿਚੋਂ ਕੱਢਿਆ ਗਿਆ ਹੈ, ਬਾਲ ਦਾ ਇਕ ਰੂਪ ਅਤੇ ਔਨ ਜਿਹੜਾ ਮਿਸਰੀਆਂ ਦੇ ਸੂਰਜ ਦੇ ਦੇਵਤਾ ਵੱਲ ਸੰਕੇਤ ਕਰਦਾ ਹੈ। ਇਹ ਭਿੰਨ ਭਿੰਨ ਧਾਰਮਿਕ ਰੀਤਾਂ ਨੂੰ ਇਕ ਵਿਚ ਮਿਲਾਉਣ ਵਾਲਾ ਇਕ ਉੱਚ ਕੋਟੀ ਦਾ ਉਦਾਹਰਣ ਹੈ, ਫਰਕ ਫਰਕ ਵਿਸ਼ਵਾਸਾਂ ਨੂੰ ਇੱਕਠ ਕਰਨ ਦੀ ਵਿਅਰਥ ਕੋਸ਼ਿਸ਼। ਯਿਸੂ ਨੇ ਆਪ ਇਹ ਨਿਸ਼ਚਿਤ ਕੀਤਾ, ਸੋ ਜੋ ਤੇਰੇ ਅੰਦਰ ਦਾ ਚਾਨਣ ਅਨ੍ਹੇਰਾ ਹੋਵੇ, ਤਾਂ ਕਿੱਡਾ ਅਨ੍ਹੇਰਾ ਹੋਵੇ ਗਾ (ਮੱਤੀ 6:23)।

ਅੱਜ ਅਸੀਂ ਮੁੱਖ ਧਰਮਾਂ ਦੇ ਚਿੰਤਾਜਨਕ ਵਾਧੇ ਦੀ ਕਿਰਿਆ ਨੂੰ ਵੀ ਵੇਖ ਰਹੇ ਹਾਂ ਜਿਹੜੇ ਬਾਈਬਲ ਦੇ ਪਰਮੇਸ਼ਰ ਦਾ ਇਨਕਾਰ ਕਰਦੇ ਹਨ। ਹਿੰਦੂ ਧਰਮ ਦੇ ਅੱਡ ਅੱਡ ਫਿਰਕੇ ਬਹੁਤ ਸਾਰੇ ਨਵੇਂ ਲੋਕਾਂ ਦੀ ਰੂਚੀ ਅਤੇ ਅਨੁਯਾਈ ਸਮੂਹ ਨੂੰ ਆਕਰਸ਼ਿਤ ਕਰ ਰਹੇ ਹਨ। ਕਈ ਦੇਸ਼ਾਂ ਵਿਚ ਜਿਹੜੇ ਇਕ ਸਮੇਂ ਉਨ੍ਹਾਂ ਦੀ ਬਾਈਬਲ ਦੀ ਵਿਰਾਸਤ ਕਰਕੇ ਜਾਣੇ ਜਾਂਦੇ ਸਨ, ਉਨ੍ਹਾਂ ਵਿਚ ਬੁਨਿਯਾਦੀ ਹਿੰਦੂ ਫਿਲਾਸਫੀ ਅਨੁਭਵ ਅਤੇ ਇੰਦਰੀਆਂ ਦੀ ਪਹੁੰਚ ਤੋਂ ਪਰੇ ਸਾਧਨਾ ਜਾਂ ਅਜਿਹੇ ਪ੍ਰਕਾਰ ਦੇ ਪੂਰਵੀ ਰਹੱਸਵਾਦ ਜਿਵੇਂ ਯੋਗਾ ਅਤੇ ਸੰਨਿਆਸ ਪੇਸ਼ ਕੀਤੇ ਜਾਂਦੇ ਹਨ। ਫਰਕ ਫਰਕ ਪੂਜਾ ਦੀ ਵਿਧੀਆਂ ਜਿਹੜੀਆਂ ਹਿੰਦੂ ਧਰਮ ਵਿਚੋਂ ਫੁੱਟ ਪਈਆਂ ਹਨ ਉਹ ਮੂਰਖਤਾ ਨਾਲ ਸਰਿਸ਼ਟੀ ਵਿਚ ਬਹੁਤ ਸਾਰੇ ਦੇਵਤਿਆਂ ਦੀ ਉਪਾਸਨਾ ਕਰਦੇ ਹਨ, ਬਜਾਏ ਇਸ ਦੇ ਕਿ ਸਰਿਸ਼ਟੀ ਦੇ ਪਰਮੇਸ਼ਰ ਦੀ ਉਪਾਸਨਾ ਕਰਨ। ਅਤੇ, ਅਫਸੋਸ ਨਾਲ ਕਹਿਣਾ ਪੈਂਦਾ ਹੈ, ਬਹੁਤ ਸਾਰੇ ਵਰਗਲਾਏ ਹੋਏ ਦਿਮਾਗ ਆਪਣੇ ਆਪ ਦਾ ਮਾਣ ਵਧਾਉਣ ਵਾਲੇ 'ਗੁਰੂਆਂ' ਰਾਹੀਂ ਆਕਰਸ਼ਿਤ ਕੀਤੇ ਗਏ ਹਨ ਬਜਾਏ ਸਰਿਸ਼ਟੀ ਦੇ ਪਰਮੇਸ਼ਰ ਦੇ ਨਾਲ ਜਿਸ ਨੇ ਆਪਣੇ ਆਪ ਨੂੰ ਨਿਮ੍ਰ ਕੀਤਾ ਕਿ ਧਰਤੀ ਦੇ ਗ੍ਰਹਿ ਨਾਲ ਮੁਲਾਕਾਤ ਕਰੇ।

ਮੁਸਲਿਮ ਵਰਗ ਵੀ ਆਪਣੇ ਵਿਸ਼ਵਾਸ ਨੂੰ ਫੈਲਾਉਣ ਵਿਚ ਬਹੁਤ ਜਿਆਦਾ ਜੋਸ਼ ਪ੍ਰਗਟ ਕਰ ਰਿਹਾ ਹੈ। ਉਨ੍ਹਾਂ ਦੇ ਤੇਲ ਦੀ ਸੰਪਤੀ ਅਤੇ ਵੱਧਦੇ ਰਾਜਨੀਤਿਕ ਲਕਸ਼ ਦੇ ਕੇਂਦਰ ਉਨ੍ਹਾਂ ਨੂੰ ਇਸ ਯੋਗ ਬਣਾਉਂਦੇ ਕੁਝ ਸਾਲ ਪਹਿਲਾਂ ਅਸੰਭਵ ਸੀ। ਉਨ੍ਹਾਂ ਦੀ ਇਕ ਬਹੁਤ ਹੀ 'ਪਵਿੱਤਰ' ਸਮਾਧ ਤੋਂ ਜਿਹੜੀ ਚਟਾਨ ਦਾ ਗੁੰਬਦ ਅਖਵਾਉਂਦੀ ਹੈ ਅਤੇ ਯਰੂਸ਼ਲਮ ਵਿਚ ਮੰਦਿਰ ਦੀ ਪਹਾੜੀ ਉੱਤੇ ਸਥਾਪਿਤ ਹੈ, ਉਹ ਨਿਡਰਤਾ ਨਾਲ ਪਰਮੇਸ਼ਰ ਦੇ ਸੁਸਮਾਚਾਰ ਦਾ ਇਨਕਾਰ ਕਰਦੇ ਹਨ। ਅਰਬ ਦੇਸ਼ ਦੇ ਸਿਰਲੇਖ ਜਿਹੜੇ ਚੱਟਾਨ ਦੇ ਗੁੰਬਦ ਦੇ ਆਲੇ ਦੁਆਲੇ ਹਨ ਇਹ ਆਖਦੇ ਹਨ, ''ਪਰਮੇਸ਼ਰ ਹੋਂਦ ਵਿਚ ਨਹੀ) ਲਿਆਇਆ ਗਿਆ, ਨਾ ਹੀ ਉਹ ਹੋਂਦ ਵਿਚ ਹੋ ਸਕਦਾ ਹੈ।'' ਲੇਕਿਨ ਬਾਈਬਲ ਇਹ ਆਖਦੀ ਹੈ :

*ਕਿਉਂਕਿ ਪਰਮੇਸ਼ਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ, ਤਾਂ ਜੋ ਹਰੇ*

*ਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ, ਪਰ ਸਦੀਪਕ ਜੀਵਨ ਪਾਵੇ* (ਯੂਹੰਨਾ 3:16)।

ਅਤੇ ਆਤਮਿਕ ਧੋਖਾ ਧਰਮੀ ਸੰਸਾਰ ਤਕ ਸੀਮਿਤ ਨਹੀਂ ਹੈ। ਧਰਮ ਨਿਰਪੇਖ ਸੰਸਾਰ ਨੇ ਮਨੁੱਖਤਾਵਾਦੀ ਫਿਲਾਸਫੀ ਨੂੰ ਸਵੀਕਾਰ ਕੀਤਾ ਹੈ ਜਿਹੜਾ ਇਹ ਧਿਆਨ ਵਿਚ ਰੱਖਦਾ ਹੈ ਕਿ ਮਨੁੱਖ ਸਰਿਸ਼ਟੀ ਦਾ ਕੇਂਦਰ ਹੈ ਅਤੇ ਸਮਾਜ ਦਾ ਸਭ ਤੋਂ ਵੱਡਾ ਉਦੇਸ਼ ਮਨੁੱਖ ਦਾ ਵਿਕਾਸ ਕਰਨਾ ਹੈ। ਯੂਨੀਵਰਸਿਟੀਆਂ, ਅਖਬਾਰਾਂ, ਬਹੁਤ ਸਾਰੇ ਰਾਸ਼ਟਰੀ ਸਮੂਹਕ ਵਿਚਾਰ ਗੋਸ਼ਟੀਆਂ, ਪ੍ਰਚਲਿਤ ਮੈਂਗਜ਼ੀਨ, ਅਤੇ ਰੇਡੀਉ ਅਤੇ ਟੈਲੀਵਿਜ਼ਨ ਉੱਤੇ ਵੀ ਮਨੁੱਖਤਾਵਾਦ ਦਾ ਐਲਾਨ ਕੀਤਾ ਜਾਂਦਾ ਹੈ। ਆਪਣੇ ਆਪ ਉੱਤੇ ਮਿਹਰਬਾਨ ਹੋਣਾ, ਸੁਆਰਥੀ ਪ੍ਰਸੰਗ ਹੈ ਜਿਹੜਾ ਵਿਗਿਆਪਨ ਦੇਣ ਵਾਲੇ ਵਰਗ ਰਾਹੀਂ ਪ੍ਰਚਲਿਤ ਕੀਤਾ ਗਿਆ ਹੈ।

ਮਨੁੱਖਤਾਵਾਦ, ਜਿਹੜਾ ਮਨੁੱਖ ਦੀ ਆਰਾਧਨਾ ਕਰਨ ਨਾਲੋਂ ਜਿਆਦਾ ਨਹੀਂ ਹੈ, ਇਹ ਵਾਸਤਵ ਵਿਚ ਕੋਈ ਨਵੀਂ ਫਿਲਾਸਫੀ ਨਹੀ ਹੈ ਜਿਵੇਂ ਕੁਝ ਲੋਕ ਸੋਚ ਸਕਦੇ ਹਨ। ਪਿੱਛੇ ਮੁੜ ਕੇ ਵੇਖੀਏ ਤਾਂ ਪੌਲੁਸ ਦੇ ਦਿਨਾਂ ਵਿਚ, ਪਰਮੇਸ਼ਰ ਨੇ ਆਖਿਆ, ਉਨ੍ਹਾਂ ਨੇ ਪਰਮੇਸ਼ਰ ਦੀ ਸਚਿਆਈ ਨੂੰ ਝੂਠ ਨਾਲ ਵਟਾ ਦਿੱਤਾ ਅਤੇ ਕਰਤਾਰ ... ਨੂੰ ਛੱਡ ਕੇ ਸਰਿਸ਼ਟੀ ਦੀ ਆਰਾਧਨਾ ਅਤੇ ਉਪਾਸਨਾ ਕੀਤੀ (ਰੋਮੀਆਂ 1:25)। ਪ੍ਰਭੂ ਮਨੁੱਖਤਾਵਾਦੀਆਂ ਨੂੰ ਨਿਸ਼ਚਿਤ ਤੌਰ ਤੇ ਇਕ ਨਿਮ੍ਰ ਪ੍ਰਸ਼ਨ ਪੁੱਛਦਾ ਹੈ, ਤੂੰ ਕਿੱਥੇ ਸੀ ਜਦ ਮੈਂ ਧਰਤੀ ਦੀ ਨੀਉਂ ਰੱਖੀ। ਦੱਸ ਜੇ ਤੂੰ ਸਮਝ ਰੱਖਦਾ ਹੈਂ (ਅੱਯੂਬ 38:4)। ਇਹ ਪੁਰਾਣੀ ਕਹਾਣੀ ਹੈ। ਜਦ ਸ਼ਤਾਨ ਹਵਾਹ ਦੇ ਕੋਲ ਆਇਆ ਸੀ, ਉਸ ਨੇ ਅਸੰਭਵ ਗੱਲ ਦਾ ਵਿਖਾਵਾ ਸੰਭਵ ਗੱਲ ਕਰਦੇ ਹੋਏ ਕਿਹਾ, ਤੁਸੀ ਪਰਮੇਸ਼ਰ ਵਾਂਙੁ ਹੋ ਜਾਉਗੇ (ਉਤਪਤ 3:5)। ਸਾਡੇ ਦਿਨਾਂ ਵਿਚ ਵੀ ਸ਼ਤਾਨ ਧਰਮ ਨਿਰਪੇਖ ਮਨੁੱਖਤਾਵਾਦ ਛਲਪੂਰਣ ਸਿਖਿਆਵਾਂ ਰਾਹੀ ਆਪਣੇ ਘ੍ਰਿਣਾਯੋਗ ਕੰਮ ਕਰਦਾ ਹੈ।

ਹੋ ਸਕਦਾ ਹੈ ਕਿ ਤੁਸੀਂ ਅੱਜ ਦੇ ਜ਼ਮਾਨੇ ਦੇ ਨੌਜਵਾਨ ਹੋ ਜਿਨ੍ਹਾਂ ਉੱਤੇ ਰਾਜਨੀਤਿਕ ਜਾਂ ਧਾਰਮਿਕ ਦ੍ਰਿਸ਼ ਰਾਹੀਂ ਵੀ ਕੋਈ ਪਰਿਵਰਤਨ ਨਹੀਂ ਹੋਇਆ। ਤੁਹਾਡੇ ਲਈ ਰਾਜਨੀਤਿੱਗ ਸ਼ਕ ਦੀ ਨਿਗਾਹ ਨਾਲ ਵੇਖੇ ਜਾਂਦੇ ਹਨ ਅਤੇ ਧਰਮ ਅਸੰਬੰਧਿਤ ਹੈ। ਤੁਸੀਂ ਚੰਗਾ ਸਮਝਦੇ ਹੋ ਕਿ ਆਪਣੇ ਬਰਾਬਰ

ਦਿਆਂ ਨਾਲ ਮਿਲ ਕੇ ਵਿਅਕਤੀਗਤ ਪੂਰਤੀ ਲਈ ਕਿਤੇ ਹੋਰ ਤਲਾਸ਼ ਕਰੋ। ਤੁਸੀਂ ਸੋਚ ਸਕਦੇ ਹੋ ਕਿ ਜੀਵਨ ਸ਼ੈਲੀ ਜਿਸ ਦਾ ਵਰਣਨ ਗੀਤਾਤਮਕ ਦੇ 'ਪੰਕ ਰੋਕ' ਨਿਊ ਵੇਵ ਮਿਊਜਿਕ, ਹੈਵੀ ਮੈਟਲ, ਜਾਂ ਹੋਰ ਵੀ ਕਿਸੇ ਤਰਾਂ ਦੇ ਨਾਟਕੀ ਦ੍ਰਿਸ਼ ਰਾਹੀਂ ਕੀਤਾ ਗਿਆ ਹੈ ਉਹ ਤੁਹਾਨੂੰ ਇਸ ਸੰਸਾਰ ਦੇ ਇੱਕਲੇ ਪਣ ਵਿਚ ਜਿਸ ਵਿਚ ਤੁਸੀਂ ਆਪਣੇ ਆਪ ਨੂੰ ਵੇਖਦੇ ਹੋ ਤੁਹਾਨੂੰ ਮੁਕਤ ਕਰੇ ਗਾ।

ਤੁਸੀਂ ਬੇਸ਼ਕ ਉਨ੍ਹਾਂ ਸ਼ਬਦਾਂ ਤੋਂ ਜਾਣੂ ਹੋ ਜਿਨ੍ਹਾਂ ਨੂੰ ਤੁਸੀਂ ਸੁਣਦੇ ਹੋ ਅਤੇ ਜਿਨ੍ਹਾਂ ਉੱਤੇ ਨੱਚਦੇ ਹੋ। ਬੇਸ਼ਕ ਤੁਸੀਂ ਉਨ੍ਹਾਂ ਦਾ ਵਰਣਨ ਇਸ ਤਰਾਂ ਨਹੀਂ ਕਰਨਾ ਚਾਹੁੰਦੇ, ਪਰ ਨਿਸ਼ਚਿਤ ਤੌਰ ਤੇ ਤੁਸੀਂ ਸਹਿਮਤ ਹੋਵੋਗੇ ਕਿ ਜ਼ਿਆਦਾਤਰ ਉਹ ਸ਼ਤਾਨੀ ਬੁੱਧੀ ਕਰੂਰਤਾਪੂਰਣ ਸੰਭੋਗ ਅਤੇ ਸੈਕਸ ਦਾ ਇੱਕਠ ਹੈ। ਮਿਊਜ਼ਿਕ ਵਿਚ ਛੇਤੀ ਛੇਤੀ ਪੇਸ਼ ਕੀਤੇ ਜਾਣ ਵਾਲੇ ਨਰਕ ਦੇ ਡਰ ਬਿਨਾਂ ਅਰਥ ਦੀ ਕਲਪਿਤ ਜੀਵਨ ਸ਼ੈਲੀ ਲਈ ਆਕਰਸ਼ਕ ਵਿਕਲਪ ਹਨ। ਇਕ ਇਸ ਤਰਾਂ ਦੇ ਵਾਤਾਵਰਣ ਵਿਚ ਜਿਹੜਾ ਕਦੇ ਕਦੇ ਹਿੰਸਾ ਦੇ ਜਨੂਨ ਤਕ ਪਹੁੰਚ ਜਾਂਦਾ ਹੈ, ਅਜਿਹੇ ਝੰਡੇ ਹੇਠ ਇਹ ਨੌਜਵਾਨ ਲੋਕ ਇਕ ਹੋ ਜਾਂਦੇ ਹਨ ਜਿਸ ਨਾਲ ਉਹ ਆਪਣੇ ਆਪ ਨੂੰ ਅਤੇ ਇਕ ਦੂਜੇ ਨੂੰ ਨਾਸ਼ ਕਰਦੇ ਹਨ।

ਮੈਂ ਤੁਹਾਨੂੰ ਲੋਸ ਏਨੰਜ਼ਲਸ ਦੇ ਇਕ ਥਾਂ ਬਾਰੇ ਦੱਸਦਾ ਹਾਂ। ਇਹ ਇਕ ਮੁਰਦਾਘਰ ਹੈ ਜਿਹੜਾ 'ਦ ਰੈਫਰੀਜਰਏਟਰ' ਕਹਾਉਂਦਾ ਹੈ। ਉੱਥੇ 600 ਮੁਰਦਾ ਸਰੀਰ, ਉਨ੍ਹਾਂ ਵਿਚੋਂ ਜਿਆਦਾਤਰ ਜਵਾਨ ਲੋਕਾਂ ਦੇ, ਤਿੰਨ ਮਹੀਨੇ ਤਕ ਇਸ ਆਸ ਵਿਚ ਸੁਰੱਖਿਅਤ ਰੱਖੇ ਜਾਂਦੇ ਹਨ ਕਿ ਕੋਈ ਤਾਂ ਉਨ੍ਹਾਂ ਨੂੰ ਪਛਾਣਨ ਦੇ ਯੋਗ ਹੋਵੇਗਾ। 'ਬੇਨਾਮ' ਦੇ ਲੇਬਲ ਉਨ੍ਹਾਂ ਦੇ ਪੈਰ ਦੀਆਂ ਉਂਗਲੀਆਂ ਦੇ ਨਾਲ ਬੰਨ੍ਹੇ ਜਾਂਦੇ ਹਨ। ਇਨ੍ਹਾਂ ਬਦਕਿਸਮਤਾਂ ਵਿਚੋਂ ਜਿਆਦਾਤਰ ਬਿਨ੍ਹਾਂ ਪਛਾਣ ਦੇ ਕੰਗਾਲਾਂ ਦੀ ਕਬਰਾਂ ਵਿਚ ਦੱਬੇ ਜਾਂਦੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਡ੍ਰਗਜ਼ ਲੈਂਦੇ ਸਨ ਜਿਨ੍ਹਾਂ ਨੇ ਉਸੇ ਸੰਦੇਸ਼ ਦਾ ਪਾਲਣ ਕੀਤਾ ਜਿਸ ਦਾ ਐਲਾਨ ਅੱਜ ਵੀ ਡਿਸਕੋ ਵਗੈਰਾ ਵਿਚ ਕੀਤਾ ਜਾਂਦਾ ਹੈ ਅਤੇ ਲੱਖਾਂ ਘਰਾਂ ਵਿਚ ਸੀ ਡੀ ਪਲੇਅਰਾਂ ਤੇ ਸੁਣਿਆ ਜਾਂਦਾ ਹੈ। ਉਨ੍ਹਾਂ ਨੇ ਗਲਤ ਸੰਕੇਤ ਦੇ ਨਿਸ਼ਾਨਾ ਦਾ ਅਨੁਸਰਣ ਕੀਤਾ। ਹੁਣ, ਸੜਕ ਦੇ ਆਖਿਰ ਤੇ ਪਹੁੰਚ ਕੇ, ਬਦਲਣ ਲਈ ਬਹੁਤ ਦੇਰ ਹੋ ਚੁੱਕੀ ਹੈ। ਜੇ ਉਨ੍ਹਾਂ ਨੇ ਸਿਰਫ ਪ੍ਰਭੂ ਯਿਸੂ ਦੇ ਵਚਨਾਂ

ਨੂੰ ਸੁਣਿਆ ਅਤੇ ਉਨ੍ਹਾਂ ਤੇ ਧਿਆਨ ਦਿੱਤਾ ਹੁੰਦਾ, ਜਿਸ ਨੇ ਆਖਿਆ, ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ (ਯੂਹੰਨਾ 10:10)।

ਅਤੇ ਹੁਣ ਇਸ ਸਾਰੇ ਉਲਝਣ ਵਿਚ ਇਕ ਹੋਰ ਚੀਜ਼ ਜਿਹੜੀ ਵਾਧਾ ਕਰਦੀ ਹੈ ਉਹ ਹੈ, 'ਜਾਦੂ' ਵਿਚ ਵੱਧਦੀ ਹੋਈ ਪ੍ਰਤੱਖ ਰੂਚੀ। ਭਰੋਸੇ ਯੋਗ ਸੂਤਰਾਂ ਤੋਂ ਪਤਾ ਲੱਗਦਾ ਹੈ ਕਿ ਜਾਦੂ ਵਿਚ ਪ੍ਰਭਾਉਸ਼ਾਲੀ ਦਿਲਚਸਪੀ ਅੱਜ ਉਨ੍ਹੀ ਹੀ ਪ੍ਰਚਲਿਤ ਹੈ ਜਿੰਨ੍ਹੀ ਉਸ ਵੇਲੇ ਸੀ ਜਿਸ ਯੁਗ ਨੂੰ ਅੰਧਕਾਰ ਦਾ ਯੁਗ ਕਿਹਾ ਜਾਂਦਾ ਹੈ। ਅਤੇ ਇਹ ਜਿਸ ਨੂੰ 'ਵਿਗਿਆਨਕ ਜਾਣਕਾਰੀ ਦੀ ਰੋਸ਼ਨੀ' ਕਿਹਾ ਜਾਂਦਾ ਹੈ ਅੱਜ ਵੀ ਘਟਿਤ ਹੁੰਦਾ ਹੈ।

ਬਹੁਤ ਅਸੰਭਵ ਥਾਵਾਂ ਤੇ ਸ਼ਤਾਨ ਦੇ ਉਪਾਸਕਾਂ ਦੀ ਸੰਖਿਆ ਵੱਧ ਰਹੀ ਹੈ। ਵਿਵਸਾਇ ਕਰਨ ਵਾਲੇ ਲੋਕ ਲੰਦਨ ਦੇ ਸ਼ਹਿਰ ਤੋਂ ਕੈਨਸਿੰਗਟਨ ਵਿਚ ਜਾਦੂਈ ਆਰਾਧਨਾ ਦਾ ਉਤਸਵ ਮਨਾਉਣ ਲਈ ਇੱਕਠੇ ਹੋਏ। 'ਜਾਦੂਗਰਨੀਆਂ' ਦੇ ਜਲਸੇ ਯੂਰੋਪ ਵਿਚ ਵੱਧ ਗਏ ਹਨ ਨਾਲ ਹੀ ਨਾਲ ਬਹੁਤ ਦੂਰ ਦੀਆਂ ਥਾਵਾਂ ਤੇ ਵੀ ਜਿਵੇਂ ਬਿਯੂਟੀਫੁਲ ਵੈਨਕੋਵਰ ਆਇਸ ਲੈਂਡ ਵਿਚ। ਅਫਰੀਕਾ ਤੋਂ ਪੂਰਵਜਾਂ ਨਾਲ ਸੰਬੰਧਿਤ ਅਗਿਆਨਤਾਂ ਦੇ ਰਿਵਾਜ਼ ਸਾਰੇ ਸੰਸਾਰ ਵਿਚ ਪ੍ਰੇਤ ਆਤਮਕ ਵਾਦੀ ਸਭਾਵਾਂ ਦੂਗਣੀਆਂ ਹੋ ਗਈਆਂ ਹਨ। ਬੈਠਕ ਵਿਚ ਬਹੁਤ ਸਾਰੇ ਖੇਡ ਜਿਵੇਂ 'ਤਹਿਖਾਨੇ ਅਤੇ ਅਜਗਰ' ਅਤੇ 'ਉਈਜਾ ਬੋਰਡ' ਦੁਸ਼ਮਤਾ ਅਤੇ ਅਲੌਕਿਕ ਨਾਲ ਲੋਕਾਂ ਦੇ ਵੱਧਦੇ ਹੋਏ ਸੰਮੋਹਣ ਦੇ ਮਨੋਰੰਜਨ ਦਾ ਪ੍ਰਬੰਧ ਕਰਦੇ ਹਨ। ਅਜਿਹੇ ਵੱਧਦੇ ਹੋਏ ਚਮਤਕਾਰ ਥੋਥੀ ਆਤਮਿਕ ਉਤਸੁਕਤਾ ਦੇ ਨਤੀਜੇ ਹਨ। ਪਰਮੇਸ਼ਰ ਲਈ ਆਪਣੀ ਕੁਰਾਹੇ ਪਈ ਖੋਜ ਵਿਚ ਬਹੁਤ ਸਾਰੇ ਲੋਕ ਨਾ ਸਿਰਫ ਪਰਮੇਸ਼ਰ ਦੀ ਰੋਸ਼ਨੀ ਤੋਂ ਭੱਟਕ ਜਾਂਦੇ ਹਨ, ਪਰ ਉਹ ਕਿਸੇ ਕਿਸਮ ਦੀ ਝੂਠੀ, ਖੋਖਲੀ ਆਤਮਿਕ ਪਰਿਪੂਰਣਤਾ ਲਈ ਰਹਿਸਮਈ ਅਗਿਆਨਤਾ ਵੱਲ ਵੀ ਮੁੜ ਜਾਂਦੇ ਹਨ। ਅਤੇ ਇਹ ਸਭ ਕੁਝ ਉਨ੍ਹਾਂ ਵਿਚ ਹੁੰਦਾ ਹੈ ਜਿਨ੍ਹਾਂ ਨੂੰ ਅਸੀਂ ਹੁਣ ਵੀ ਸਭਯ ਸੰਸਾਰ ਦੇ ਆਖਦੇ ਹਾਂ।

ਸਾਨੂੰ ਚੰਗੀ ਤਰਾਂ ਯਾਦ ਹੈ ਕਿ ਪਰਮੇਸ਼ਰ ਆਖਰੀ ਦਿਨਾਂ ਬਾਰੇ ਕੀ ਆਖਦਾ ਹੈ। ਉਹ ਸਾਨੂੰ ਝੂਠੇ ਨਬੀਆਂ ਬਾਰੇ ਅਤੇ ਝੂਠੇ ਚਿਨਾਂ ਅਤੇ

ਅਸਚਰਜ ਦੇ ਕੰਮਾਂ ਬਾਰੇ ਚੇਤਾਵਨੀ ਦਿੰਦਾ ਹੈ ਜਿਹੜੇ ਆਖਿਰੀ ਸਮੇਂ ਦੇ ਮਹਾਨ ਧੋਖੇ ਦੇ ਵੇਲੇ ਵਾਪਰਨਗੇ। ਵਾਸਤਵ ਵਿਚ, ਪਰਮੇਸ਼ਰ ਸਾਨੂੰ ਦੱਸਦਾ ਹੈ ਕਿ ਇਕ ਭਰਮਾਉਣ ਵਾਲਾ ਪ੍ਰਗਟ ਹੋਣ ਜਾ ਰਿਹਾ ਹੈ ਜਿਸ ਦੇ ਭਿਆਨਕ ਕੰਮ ਸ਼ਤਾਨ ਦੇ ਅਮਲ ਅਨੁਸਾਰ ਹਰ ਪਰਕਾਰ ਦੀ ਸ਼ਕਤੀ, ਝੂਠੀਆਂ ਨਿਸ਼ਾਨੀਆਂ ਅਤੇ ਅਚਰਜਾਂ ਨਾਲ ਹੋਵੇਗਾ ਨਾਲੇ ਉਨ੍ਹਾਂ ਲਈ ਜਿਹੜੇ ਨਾਸ ਹੋ ਰਹੇ ਹਨ ਕੁਧਰਮ ਦੇ ਹਰ ਪ੍ਰਕਾਰ ਦੇ ਛੱਲ ਨਾਲ ਹੋਵੇਗਾ (2ਥੱਸਲੁਨੀਕੀਆਂ 2:9–10)।

ਦੁਸ਼ਟ ਕੰਮਾਂ ਅਤੇ ਝੂਠੀ ਸਿੱਖਿਆ ਦੇ ਪ੍ਰਤੀ ਰੁਝਾਨ ਵੱਧਣ ਦੇ ਕਾਰਣ ਇਹ ਸਮਝਣਾ ਮੁਸ਼ਕਲ ਨਹੀਂ ਹੈ ਕਿ ਦੇਸ਼ਾਂ ਅਤੇ ਸਮਾਜਾਂ ਵਿਚ ਨਿਰਾਸ਼ਾ ਘਰ ਕਰ ਰਹੀ ਹੈ ਜਿਸ ਦੇ ਨਾਲ ਨਾ ਉਮੀਦੀ ਅਤੇ ਪਦਤਿਆਗ ਦੀ ਭਾਵਨਾ ਵੱਧ ਰਹੀ ਹੈ। ਸ਼ਤਾਨ ਦੇ ਬਹੁਤ ਸਾਰੇ ਸੰਕੇਤ ਚਿੰਨ ਹਨ ਪਰੰਤੂ ਤੁਸੀਂ ਯਕੀਨ ਕਰ ਸਕਦੇ ਹੋ ਕਿ ਉਨ੍ਹਾਂ ਵਿਚੋਂ ਕੋਈ ਵੀ ਇਹ ਇਸ਼ਾਰਾ ਨਹੀਂ ਕਰਦਾ ਕਿ ਮਨੁੱਖ ਨੂੰ ਛੁਡਾਉਣ ਵਾਲਾ ਕੇਵਲ ਯਿਸੂ ਮਸੀਹ ਹੀ ਹੈ।

ਪਰਮੇਸ਼ਰ ਦਾ ਸੰਦੇਸ਼, ਜਿਹੜਾ ਜੀਵਨ ਦੀ ਨਿਰਾਸ਼ਾ ਦੇ ਪ੍ਰਤੀ ਹੁੰਦਾ ਹੈ, ਉਹ ਕਿਸੇ ਤਰਾਂ ਵੀ ਮਤਭੇਦ ਜਾਂ ਮੌਤ ਦੇ ਪ੍ਰਤੀ ਧੁੰਧਲਾ ਨਹੀਂ ਹੈ। ਉਸ ਦਾ ਸੰਦੇਸ਼ ਆਸ ਭਰਿਆ, ਭਰੋਸੇਮੰਦ ਅਤੇ ਕੰਬਾ ਦੇਣ ਵਾਲਾ ਹੈ ਜਿਹੜਾ ਮਸੀਹ ਦੇ ਰਾਹੀ ਮਿਲਦਾ ਹੈ। ਜਿਵੇਂ ਤੁਸੀਂ ਬਾਈਬਲ ਨੂੰ ਪਰਮੇਸ਼ਰ ਦੀ ਖੋਜ ਕਰਨ ਲਈ ਪੜਦੇ ਹੋ, ਤਾਂ ਪਵਿੱਤਰ ਆਤਮਾ ਹਮੇਸ਼ਾ ਪ੍ਰਭੂ ਯਿਸੂ ਵੱਲ ਇਸ਼ਾਰਾ ਕਰਦਾ ਹੈ, ਜਿਸ ਨੇ ਕਿਹਾ, ਰਾਹ, ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਅਤੇ ਦੂਜਾ ਕੋਈ ਨਹੀਂ ਹੋ ਸਕਦਾ, ਕਿਉਂਕਿ ਯਿਸੂ ਅੱਗੇ ਆਖਦਾ ਹੈ, *ਕੋਈ ਮੇਰੇ ਵਸੀਲੇ ਬਿਨਾਂ, ਪਿਤਾ ਦੇ ਕੋਲ ਨਹੀਂ ਆਉਂਦਾ* (ਯੂਹੰਨਾ 14:6)।

> *ਪਰਮੇਸ਼ਰ ਨੇ ਤੁਹਾਨੂੰ ਧੋਖੇ ਦੇ ਸੰਕੇਤ ਚਿੰਨਾਂ ਬਾਰੇ ਚੇਤਾਵਨੀ ਦਿੱਤੀ ਹੈ, ਤਾਂ ਜੋ ਤੁਸੀਂ ਕੁਰਾਹੇ ਨਾ ਪੈ ਜਾਉ। ਉਸ ਨੇ ਤੁਹਾਨੂੰ ਵੱਧਦੇ ਹੋਏ ਬਹਕਾਵੇ ਬਾਰੇ ਵੀ ਸੁਚਿਤ ਕੀਤਾ ਹੈ ਜਿਹੜਾ ਤੁਹਾਡੇ ਸੋਚਣ ਨੂੰ ਅਸਪਸ਼ਟ ਬਣਾ ਦਿੰਦਾ ਹੈ। ਹੁਣ ਉਹ ਤੁਹਾਨੂੰ ਇਹ ਪ੍ਰਤਿਗਿਆ ਦਿੰਦਾ ਹੈ, 'ਮੈਂ ਤਾਂ ਆਪਣੀਆਂ ਸੋਚਾਂ ਨੂੰ ਜਿਹੜੀਆਂ ਤੁਹਾਡੇ ਵਿਖੇ ਸੋਚਦਾ ਹਾਂ ਜਾਣਦਾ ਹਾਂ ... ਸ਼ਾਂਤੀ*

*ਦੀਆਂ ਸੋਚਾਂ ਅਤੇ ਬੁਰਿਆਈ ਦੀਆਂ ਨਹੀਂ ਭਈ ਮੈਂ ਤੁਹਾਨੂੰ ਛੇਕੜ ਨੂੰ ਆਸ ਦੁਆਵਾਂ। ਜਦ ਤੁਸੀਂ ਮੈਨੂੰ ਪੁਕਾਰੋਗੇ ਅਤੇ ਜਾ ਕੇ ਮੈਥੋਂ ਪ੍ਰਾਰਥਨਾ ਕਰੋਗੇ ਤਾਂ ਮੈਂ ਤੁਹਾਡੀ ਸੁਣਾਂਗਾ। ਤੁਸੀਂ ਮੈਨੂੰ ਭਾਲੋਗੇ ਅਤੇ ਲੱਭੋਗੇ, ਜਦ ਤੁਸੀਂ ਆਪਣੇ ਸਾਰੇ ਦਿਲ ਨਾਲ ਮੈਨੂੰ ਭਾਲੋਗੇ। ਮੈਂ ਤੁਹਾਨੂੰ ਲੱਭਾਂਗਾ, ਯਹੋਵਾਹ ਦਾ ਵਾਕ ਹੈ* (ਯਿਰਮਿਯਾਹ 29:11-14)।

## ਵਿਚਾਰ ਕਰਨ ਲਈ ਠਹਿਰੋ

1 ਕਿਸ ਤਰਾਂ ਦਾ ਦਿਮਾਗ ਸਰਿਸ਼ਟੀ ਦੀ ਉਪਾਸਨਾ ਕਰਦਾ ਹੈ ਬਜਾਏ ਇਸ ਦੇ ਸਰਿਸ਼ਟੀਕਰਤਾ ਦੇ? (ਰੋਮੀਆਂ 1:22–28 ਪੜ੍ਹੋ)

2. ਪਰਮੇਸ਼ਰ ਲਈ ਤੁਹਾਡੀ ਖੋਜ ਵਿਚ, ਉਹ ਕਿਹੜੀ ਕੁੰਜੀ ਹੈ ਜਿਹੜੀ ਕਿਸੇ ਵੀ ਬੁੱਧੀਜੀਵੀ ਦੀ ਸਮਸਿਆ ਦੀ ਤਾਲਾ ਖੋਲ ਦੇਵੇਗੀ? (ਯੂਹੰਨਾ 7:17 ਪੜ੍ਹੋ)।

ਕੀ ਇਹ ਤੁਹਾਡਾ ਦਿਮਾਗ ਹੈ?

ਕੀ ਇਹ ਤੁਹਾਡੀ ਇੱਛਾ ਅਤੇ ਮਨਸਾ ਹੈ?

3. ਕੀ ਪਰਮੇਸ਼ਰ ਨੇ ਤੁਹਾਨੂੰ ਸਪਸ਼ਟ 'ਸੰਕੇਤ ਚਿੰਨ੍ਹ' ਦਿੱਤਾ ਹੈ ਜਿਹੜਾ ਉਸ ਵੱਲ ਤੁਹਾਡੀ ਅਗਵਾਈ ਕਰੇ?
(ਯੂਹੰਨਾ 8:12ਪੜ੍ਹੋ)।

ਬਹੁਤ ਸਾਲ ਪਹਿਲਾਂ ਇੰਗਲੈਂਡ ਵਿਚ ਸੰਡੇ ਸਕੂਲ ਦੀ ਕਲਾਸ ਵਿਚ ਇਕ ਲੜਕੇ ਨੇ ਆਪਣੇ ਸੰਡੇ ਸਕੂਲ ਦੇ ਟੀਚਰ ਨੂੰ ਪੁੱਛਿਆ, ''ਕੀ ਪਰਮੇਸ਼ਰ ਸ਼ਰਾਰਤੀ ਮੁੰਡਿਆਂ ਨੂੰ ਪਿਆਰ ਕਰਦਾ ਹੈ?'' ਅਤੇ ਟੀਚਰ ਨੇ ਕਿਹਾ, ''ਨਹੀਂ ਬਿਲਕੁਲ ਨਹੀਂ।'' ਹਾਏ, ਉਨ੍ਹਾਂ ਬਿਨਾਂ ਸੋਚੇ ਸਮਝੇ ਉਸ ਮੁੰਡੇ ਨੂੰ ਪਰਮੇਸ਼ਰ ਦੀ ਨਿੰਦਾ ਕਰਕੇ ਦੱਸਣਾ। ਜੇ ਪਰਮੇਸ਼ਰ ਸ਼ਰਾਰਤੀ ਮੁੰਡਿਆਂ ਨੂੰ ਪਿਆਰ ਨਹੀਂ ਕਰਦਾ, ਉਹ ਮੈਨੂੰ ਕਦੇ ਪਿਆਰ ਨਹੀਂ ਕਰੇਗਾ। ਸ਼ੈਕਸ਼ਪਿਅਰ ਆਖਦਾ ਹੈ : ''ਪਿਆਰ ਪਿਆਰ ਨਹੀਂ ਹੈ ਜੇ ਉਹ ਬਦਲ ਜਾਂਦਾ ਹੈ ਜਦ ਉਹ ਪਰਿਵਰਤਨ ਵੇਖਦਾ ਹੈ।''

ਜੀ.ਕੈਂਪਬੈਲ ਮੋਰਗਨ

# ਅਧਿਆਇ 7

# ਕੀ ਪਰਮੇਸ਼ਰ ਵਾਸਤਵ ਵਿਚ ਮੈਨੂੰ ਪਿਆਰ ਕਰਦਾ ਹੈ?

ਕੀ ਕਦੇ ਤੁਸੀਂ ਅਜਿਹੇ ਵਿਅਕਤੀ ਨੂੰ ਜਿਹੜਾ ਤੁਹਾਡੇ ਲਈ ਬਹੁਤ ਹੀ ਮਹਤੱਵਪੂਰਣ ਹੈ ਉਸ ਨੇ ਪਿਆਰ ਦੇ ਵਿਖੇ ਸਵਾਲ ਕੀਤਾ ਹੈ? ਜਾਂ ਕੀ ਤੁਸੀਂ ਕਦੇ ਅਜਿਹੀ ਕੋਸ਼ਿਸ਼ ਕੀਤੀ ਹੈ ਕਿ ਤੁਸੀਂ ਆਪਣੇ ਪਿਆਰ ਨੂੰ ਪ੍ਰਮਾਣਿਤ ਕਰੋ ਕਿ ਤੁਸੀਂ ਕਿਸੇ ਨੂੰ ਪਿਆਰ ਕਰਦੇ ਹੋ ਜਦ ਕਿ ਉਹ ਇਸ ਦਾ ਵਿਸ਼ਵਾਸ ਵੀ ਨਹੀਂ ਕਰਦੇ? ਮਾਮਲਾ ਭਾਵੇਂ ਕੁਝ ਵੀ ਹੋਵੇ, ਤੁਸੀਂ ਇਹ ਜਾਣ ਲਵੋਗੇ ਕਿ ਅਜਿਹੇ ਸਮੇਂਵੀ ਹੁੰਦੇ ਹਨ ਜਦ ਸੱਚਾ ਪਿਆਰ ਸ਼ਬਦਾਂ ਦੀ ਬਜਾਏ ਕੰਮਾਂ ਦੇ ਰਾਹੀਂ ਚੰਗੇ ਤਰੀਕੇ ਦੇ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ।

ਜਦਕਿ ਕੰਮ ਸ਼ਬਦਾਂ ਤੋਂ ਬਹੁਤ ਹੀ ਜਿਆਦਾ ਸਾਮਰਥੀ ਹਨ, ਪਰਮੇਸ਼ਰ ਨੇ ਤੁਹਾਡੇ ਲਈ ਆਪਣੇ ਪਿਆਰ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਜਦ ਯਿਸੂ ਮਸੀਹ ਸਲੀਬ ਦੇ ਉੱਤੇ ਮਾਰਿਆ ਗਿਆ। ਜਦ ਤੁਸੀਂ ਇਸ ਦੀ ਮਹਤੱਵਤਾ ਨੂੰ ਸਮਝ ਜਾਂਦੇ ਹੋ ਤਾਂ ਫੇਰ ਤੁਹਾਨੂੰ ਹੋਰ ਕਿਸੇ ਤਰ੍ਹਾਂ ਦੀ ਵਿਆਖਿਆ ਮਦਦ ਨਹੀਂ ਕਰ ਸਕਦੀ ਕਿ ਪਰਮੇਸ਼ਰ ਵਾਸਤਵ ਵਿਚ ਹੀ ਤੁਹਾਨੂੰ ਪਿਆਰ ਕਰਦਾ ਹੈ।

ਜਦ ਮੈਂ ਆਪਣੇ ਜੀਵਨ ਵਿਚ ਮਸੀਹ ਨੂੰ ਸਵੀਕਾਰ ਕਰ ਲਿਆ ਤਾਂ ਉਸ ਦੇ ਬਾਅਦ, ਤਾਂ ਮੈਂ ਇਕ ਸੱਚੀ ਕਹਾਣੀ ਪੜੀ ਜਿਹੜੀ ਇਕ ਫੌਜੀ ਅਤੇ ਇਕ ਬਿਗਲ ਬਜਾਉਣ ਵਾਲੇ ਮੁੰਡੇ ਦੇ ਵਿਖੇ ਪੜੀ। ਉਹ ਬੋਅਰ ਦੇ ਯੁਧ ਦੋਰਾਨ ਫੌਜ ਵਿਚ ਸੇਵਾ ਕਰ ਰਹੇ ਸਨ। ਬਿਗਲ ਬਜਾਉਣ ਵਾਲਾ ਮੁੰਡਾ, ਜਿਸ ਦਾ ਨਾਂ ਵਿਲੀ ਹੋਲਟ ਸੀ ਅਤੇ ਉਸ ਦੀ ਉਮਰ 12 ਸਾਲ ਦੀ ਸੀ, ਜਦ ਉਸ ਨੂੰ 7 ਅਵਿਸ਼ਵਾਸੀ ਫੌਜੀ ਦੇ ਨਾਲ ਇਕ ਤੰਬੂ ਵਿਚ ਜੋੜ ਦਿੱਤਾ ਗਿਆ। ਇਨ੍ਹਾਂ ਵਿਚੋ ਇਕ ਵਿਅਕਤੀ ਦਾ ਨਾਂ ਬਿਲ ਸੀ। ਕੁਝ ਵੀ ਸੀ ਬਿਲ ਤੋਂ ਹੱਟ ਕੇ ਵਿਲੀ ਯਿਸੂ ਮਸੀਹ ਤੇ ਵਿਸ਼ਵਾਸ ਕਰਨ ਵਾਲਾ ਵਿਅਕਤੀ ਸੀ। ਰੋਜ਼ ਰਾਤ ਨੂੰ, ਉਹ

ਆਪਣੇ ਬਿਸਤਰ ਦੇ ਨੇੜੇ ਗੋਡਿਆਂ ਭਾਰ ਹੋ ਜਾਂਦਾ ਅਤੇ ਖਾਮੋਸ਼ੀ ਵਿਚ ਪ੍ਰਾਰਥਨਾ ਕਰਦਾ ਅਤੇ ਆਪਣੀ ਬਾਈਬਲ ਪੜਦਾ ਸੀ। ਜਦ ਉਹ ਇਹ ਕੰਮ ਕਰਦਾ ਸੀ ਦੂਜਾ ਫੌਜੀ ਉਸ ਦਾ ਮਖੌਲ ਕਰਦਾ ਅਤੇ ਉਸ ਨੂੰ ਸਰਾਪ ਦਿੰਦਾ ਸੀ।

ਇਕ ਦਿਨ ਉਸ ਪਲਟਨ ਨੂੰ ਕਰਨਲ ਨੇ ਪਰੇਡ ਦੇ ਲਈ ਬੁਲਾਇਆ। ਜਿਸ ਟੈਂਟ ਵਿਚ ਵਿਲੀ ਅਤੇ ਬਿਲ ਰਹਿੰਦੇ ਸਨ ਉਸ ਦੇ ਨੇੜੇ ਇਕ ਚੋਰ ਵੇਖਿਆ ਗਿਆ ਸੀ। ਇਸ ਅਪਰਾਧੀ ਦੀ ਖੋਜ ਬਹੁਤ ਹੀ ਗੰਭੀਰਤਾ ਦੇ ਨਾਲ ਹੋ ਰਹੀ ਸੀ, ਕਰਨਲ ਨੇ ਸਾਰੀ ਕੰਪਨੀ ਨੂੰ ਅੰਤਿਮ ਚੇਤਾਵਨੀ ਦੇ ਦਿੱਤੀ ਸੀ : ''ਮੇਰੀ ਪਿੱਛਲੀ ਚੇਤਾਵਨੀ ਤੇ ਕੋਈ ਧਿਆਨ ਨਹੀਂ ਦਿੱਤਾ ਗਿਆ,''ਉਸ ਨੇ ਕਿਹਾ। ''ਪਿੱਛਲੀ ਰਾਤ ਫੇਰ ਚੋਰ ਇੱਥੇ ਹੀ ਸੀ। ਅੱਜ, ਮੈਂ ਆਖਰੀ ਵਾਰ ਦੋਸ਼ੀ ਨੂੰ ਚੇਤਾਵਨੀ ਦਿੰਦਾ ਹਾਂ ਕਿ ਉਹ ਆਪਣੇ ਆਪ ਨੂੰ ਪ੍ਰਗਟ ਕਰੇ ਅਤੇ ਇਕ ਆਦਮੀ ਦੇ ਵਾਂਗ ਆਪਣੀ ਸਜ਼ਾ ਸਵੀਕਾਰ ਕਰੇ। ਜੇ ਉਹ ਆਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ ਤਾਂ ਪੂਰੀ ਪਲਟਨ ਦੇ ਸਿਪਾਹੀਆਂ ਦੀ ਨੰਗੀ ਪਿੱਠ ਤੇ ਦਸ ਕੋੜੇ ਮਾਰੇ ਜਾਣਗੇ। ਪਰੰਤੂ ਜੇ ਤੁਹਾਡੇ ਵਿਚ ਇਕ ਵਿਅਕਤੀ ਸਾਹਮਣੇ ਆ ਕੇ ਉਸ ਸਜ਼ਾ ਨੂੰ ਲੈ ਲੈਂਦਾ ਹੈ ਤਾਂ ਬਾਕੀਆਂ ਨੂੰ ਛੱਡ ਦਿੱਤਾ ਜਾਵੇਗਾ।''

ਕੁਝ ਸਮੇਂ ਦੀ ਖਾਮੋਸ਼ੀ ਦੇ ਬਾਅਦ, ਵਿਲੀ ਸਿੱਧਾ ਖੜਾ ਹੋ ਗਿਆ, ਅਗਾਂਹ ਵਧਿਆ ਅਤੇ ਕਹਿਣ ਲੱਗਾ : ''ਸ੍ਰੀਮਾਨ ਜੀ, ਤੁਸੀਂ ਹੁਣੇ ਕਿਹਾ ਕਿ ਜੇਕਰ ਇਕ ਵਿਅਕਤੀ ਅਗਾਂਹ ਆ ਕੇ ਸਜ਼ਾ ਲੈ ਲਵੇਗਾ, ਤਾਂ ਬਾਕੀ ਬਚ ਜਾਣਗੇ। ਸ੍ਰੀਮਾਨ ਜੀ ਮੈਂ ਉਹ ਵਿਅਕਤੀ ਹੋ ਜਾਂਦਾ ਹਾਂ।'' ਗੁੱਸੇ ਦੇ ਨਾਲ ਕਰਨਲ ਉਸ ਅਜਨਬੀ ਡਰਪੋਕ ਨੂੰ ਵੇਖ ਕੇ ਚੀਖ ਪਿਆ, ''ਕਿ ਕਿਵੇਂ ਸੰਭਵ ਹੋ ਸਕਦਾ ਹੈ ਕਿ ਤੁਸੀਂ ਇਕ ਸਿੱਧੇ ਵਿਅਕਤੀ ਨੂੰ ਸਜ਼ਾ ਲੈਣ ਦੇ ਲਈ ਵੇਖ ਰਹੇ ਹੋ?'' ਕੋਈ ਵੀ ਨਾ ਹਿਲਿਆ। ''ਫੇਰ'' ਕਰਨਲ ਨੇ ਕਿਹਾ, ''ਤੁਸੀ ਸਾਰੇ ਇਸ ਬੇਗੁਨਾਹ ਬਦਬਖਤ (ਅਭਾਗੇ) ਵਿਅਕਤੀ ਨੂੰ ਤੁਹਾਡੀ ਖਾਤਰ ਸਜ਼ਾ ਲੈਂਦੇ ਆਪਣੀਆਂ ਅੱਖਾਂ ਦੇ ਨਾਲ ਵੇਖੋਗੇ।''

ਆਪਣੇ ਸ਼ਬਦਾਂ ਦੇ ਅਧਾਰ ਤੇ ਕਰਨਲ ਨੇ ਹੁਕਮ ਦਿੱਤਾ ਕਿ ਵਿਲੀ ਦੀ ਪਿੱਠ ਨੰਗੀ ਕਰਕੇ ਕੋੜੇ ਮਾਰੇ ਜਾਣ। ਜਦ ਵਿਲੀ ਉਨ੍ਹਾਂ ਕੋੜੇ ਸਮੇਂ ਵਿਚੋਂ ਜਾ ਰਿਹਾ ਸੀ ਅਤੇ ਉਹ ਬੇਹੋਸ਼ ਹੋ ਗਿਆ ਸੀ, ਅਚਾਣਕ ਬਿਲ ਇਸ ਤੋਂ ਹੋਰ ਜਿਆਦਾ ਸਹਿਨ ਨਾ ਕਰ ਸਕਿਆ, ਉਹ ਚੀਖਦਾ ਹੋਇਆ ਬਾਹਰ ਭੱਜਿਆ :

ਅਤੇ ਉਸ ਨੇ ਕਿਹਾ, ''ਰੁਕ ਜਾਉ, ਚੋਰ ਮੈਂ ਹਾਂ। ਮੈਂ ਆਪਣੀ ਸਜ਼ਾ ਲਵਾਂਗਾ।'' ਆਪਣੀ ਬੇਹੋਸ਼ੀ ਵਿਚੋਂ ਬਾਹਰ ਆਉਂਦੇ ਹੋਏ ਵਿਲੀ ਨੇ ਆਪਣੀਆਂ ਅੱਖਾਂ ਖੋਲ ਕੇ ਵੇਖਿਆ ਅਤੇ ਕਿਹਾ : ''ਬਿਲ ਕਿਰਪਾ ਕਰਕੇ ਚਿੰਤਾ ਨਾ ਕਰ ਇਹ ਠੀਕ ਹੈ, ਕਰਨਲ ਆਪਣੇ ਸ਼ਬਦਾਂ ਨੂੰ ਵਾਪਸ ਨਹੀਂ ਲੈ ਸਕਦਾ। ਮੈਂ ਤੁਹਾਡੇ ਸਾਰਿਆਂ ਦੀ ਸਜ਼ਾ ਲੈ ਲਵਾਂਗਾ।'' ਅਤੇ ਉਸ ਨੇ ਲੈ ਲਈ।

ਉਹ ਜਵਾਨ ਵਿਲੀ ਕੋੜਿਆਂ ਦੀਆਂ ਉਨ੍ਹਾਂ ਲਸ਼ਾਂ ਵਿਚੋਂ ਕਦੇ ਠੀਕ ਨਾ ਹੋ ਸਕਿਆ। ਪਰ ਇਸ ਤੋਂ ਪਹਿਲਾਂ ਕਿ ਵਿਲੀ ਸੁਰਗ ਜਾਵੇ, ਬਿਲ ਆਪਣੇ ਆਪ ਵਿਚ ਟੁੱਟ ਗਿਆ ਸੀ, ਆਪਣੇ ਮੰਜੇ ਤੇ ਜਾ ਕੇ ਰੋਣ ਲੱਗਾ ਅਤੇ ਕਹਿਣ ਪੁੱਛਣ ਲਗਾ, ''ਕਿਉਂ ਵਿਲੀ? ਤੂੰ ਮੇਰੇ ਲਈ ਇਹ ਸਭ ਕਿਉਂ ਸਹਿਨ ਕੀਤਾ ਹੈ? ਮੈਂ ਇਸ ਦੇ ਯੋਗ ਨਹੀਂ ਸੀ। ''ਵਿਲੀ ਨੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ : ''ਬਿਲ,'' ਉਸ ਨੇ ਕਿਹਾ, ''ਮੈਂ ਹਮੇਸ਼ਾ ਤੈਨੂੰ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਪਰਮੇਸ਼ਰ ਤੈਨੂੰ ਕਿੰਨਾਂ ਪਿਆਰ ਕਰਦਾ ਹੈ ਪਰ ਹਮੇਸ਼ਾ ਤੂੰ ਮਖੌਲ ਕੀਤਾ, ਇਸ ਲਈ ਮੈਂ ਸੋਚਿਆ ਕਿ ਜੇ ਮੈਂ ਤੇਰੀ ਸਜ਼ਾ ਲੈ ਲਵਾਂਗਾ, ਤਾਂ ਹੋ ਸਕਦਾ ਹੈ ਕਿ ਤੂੰ ਇਸ ਗੱਲ ਨੂੰ ਸਮਝ ਜਾਵੇਂ ਕਿ ਯਿਸੂ ਤੈਨੂੰ ਕਿੰਨਾ ਪਿਆਰ ਕਰਦਾ ਹੈ ਕਿ ਉਸ ਨੇ ਤੇਰੇ ਪਾਪਾਂ ਦੇ ਲਈ ਆਪਣੇ ਆਪ ਨੂੰ ਸਲੀਬ ਦੇ ਉੱਤੇ ਮਰਨ ਦੇ ਲਈ ਦੇ ਦਿੱਤਾ।'' ਇਸ ਤੋਂ ਪਹਿਲਾਂ ਵਿਲੀ ਸੁਰਗ ਵਿਚ ਪਹੁੰਚੇ, ਬਿਲ ਨੇ ਯਿਸੂ ਮਸੀਹ ਨੂੰ ਆਪਣੇ ਜੀਵਨ ਵਿਚ ਸਵੀਕਾਰ ਕੀਤਾ ਅਤੇ ਯਿਸੂ ਦੇ ਰਾਹੀਂ ਮੁਕਤੀ ਪ੍ਰਾਪਤ ਕੀਤੀ।

ਮਸੀਹ ਵਿਚ, ਸੁਰਗ ਗੁਆਚੇ ਹੋਏ ਲੋਕਾਂ ਦੇ ਲਈ ਬਚਾਉਣ ਦਾ ਇਕ ਸ਼ਾਹੀ ਪ੍ਰਬੰਧ ਕਰਦਾ ਹੈ। ਅਤੇ ਇਹ ਪਿਆਰ ਸੀ - ਸਾਡੇ ਸਭਨਾਂ ਦੇ ਲਈ ਪਰਮੇਸ਼ਰ ਦਾ ਪਿਆਰ - ਜਿਹੜਾ ਸਹੀ ਵਕਤ ਤੇ ਯਿਸੂ ਮਸੀਹ ਦੇ ਦੁੱਖ ਉਠਾਉਣ ਦੇ ਰਾਹੀਂ ਪ੍ਰਗਟ ਕੀਤਾ ਗਿਆ।

## ਸਿੱਧ ਵਿਅਕਤੀ

ਗੋਲਕਤਾ ਦੀ ਪਹਾੜੀ ਦੇ ਉੱਤੇ ਤਿੰਨ ਸਲੀਬਾਂ ਸਨ। ਉਨ੍ਹਾਂ ਵਿਚੋਂ ਦੋ ਸਲੀਬਾਂ ਦੇ ਉੱਤੇ ਚੋਰ ਲਟਕੇ ਹੋਏ ਸਨ। ਇਨ੍ਹਾਂ ਦੋਹਾਂ ਅਪਰਾਧੀਆਂ ਦੇ ਵਿਚਕਾਰ ਯਿਸੂ ਮਸੀਹ ਨੂੰ ਕਿਲਾਂ ਠੋਕੀਆਂ ਗਈਆਂ ਅਤੇ ਉਹ ਮਰ ਗਿਆ।

ਉਸ ਦੇ ਆਖਿਰੀ ਘੰਟਿਆਂ ਦੇ ਤੀਬਰ ਦਰਦ ਦੇ ਕਸ਼ਟ ਦੇ ਦੌਰਾਨ, ਉਨ੍ਹਾਂ ਡਾਕੂਆਂ ਵਿਚੋਂ ਇੱਕ ਨੇ ਅਵਾਸਤਵਿਕ - ਅਦਾਲਤੀ ਪ੍ਰਣਾਲੀ ਦੇ ਬਾਰੇ ਆਪਣੀ ਰਾਇ ਵਿਅਕਤ ਕਰਨ ਦੀ ਹਿੰਮਤ ਕੀਤੀ ਜਿਸ ਦੇ ਹੇਠ ਉਨ੍ਹਾਂ ਤਿੰਨਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ। ਹੈਰਾਨੀ ਵਾਲੀ ਗੱਲ ਜਿਵੇਂ ਇਹ ਜਾਪਦੀ ਹੈ, ਉਸ ਦੀ ਮੁੱਖ ਚਿੰਤਾ ਆਪਣੇ ਦਰਦ ਅਤੇ ਕਸ਼ਟ ਅਤੇ ਆਪਣੀ ਸਰੀਰਕ ਯਾਤਨਾ ਬਾਰੇ ਨਹੀਂ ਸੀ। ਇਸ ਦੇ ਬਜਾਏ, ਉਸ ਦੇ ਵਿਚਾਰ ਦੂਜੇ ਪਾਸੇ ਮੁੜ ਗਏ ਕਿ ਕਿਵੇਂ ਰੋਮੀ ਨਿਆਂ ਵਿਵਸੱਥਾ ਯਿਸੂ ਨੂੰ ਉਹੀ ਸਜ਼ਾ ਜਿਹੜੀ ਦੋਹਾਂ ਡਾਕੂਆਂ ਨੂੰ ਮਿਲੀ ਸੀ ਦੇ ਕੇ ਮਾਰਗ ਤੋਂ ਭੱਟਕ ਗਏ ਸਨ। ਇਹ ਸੁਸਪਸ਼ਟ ਬੇਇਨਸਾਫੀ ਸੀ ਜਿਹੜੀ ਉਸ ਨੂੰ ਤਕਲੀਫ ਪਹੁੰਚਾ ਰਹੀ ਸੀ। ਮਰਦੇ ਹੋਏ ਡਾਕੂ ਨੇ, ਸੁਬੱਧਤਾ ਅਤੇ ਨਿਮ੍ਰਤਾ ਨਾਲ ਬਹੁਤ ਹੀ ਸਿਆਣੀਆਂ ਤਿੰਨ ਟਿੱਪਣੀਆਂ ਕੀਤੀਆਂ ਜਿਵੇਂ ਉਹ ਆਪਣੇ ਬਹੁਤ ਹੀ ਆਖਿਰੀ ਪਲ ਤਕ ਪਹੁੰਚ ਗਿਆ ਸੀ।

ਪਹਿਲਾਂ : ਅਸੀਂ ਤਾਂ ਆਪਣੀ ਕਰਨੀ ਦਾ ਫਲ ਭੋਗਦੇ ਹਾਂ। ਉਸ ਛੋਟੇ ਅਤੇ ਨਿਮ੍ਰ ਬਿਆਨ ਵਿਚ, ਉਸ ਮਰਦੇ ਹੋਏ ਡਾਕੂ ਨੇ ਆਪਣੇ ਅਪਰਾਧ ਲਈ ਆਪਣੀ ਵਿਅਕਤੀਗਤ ਜ਼ਿੰਮੇਦਾਰੀ ਨੂੰ ਮੰਨ ਲਿਆ, ਅਤੇ ਇਸ ਤਰਾਂ ਆਪਣੇ ਵਿਅਕਤੀਗਤ ਦੋਸ਼ ਨੂੰ ਸਚਾਈ ਨਾਲ ਸਵੀਕਾਰ ਕੀਤਾ।

ਦੂਜਾ : ਅਤੇ ਅਸੀਂ ਵਾਸਤਵ ਵਿਚ ਨਿਆਂ ਅਨੁਸਾਰ ਮਰਦੇ ਹਾਂ ... ਸਾਡੇ ਦਿਨਾਂ ਵਿਚ ਛੋਟੀ ਮੋਟੀ ਚੋਰੀਆਂ ਅਤੇ ਡਾਕੇ ਦੇ ਹਿੰਸਾਤਮਕ ਕੰਮ ਮਾਮੂਲੀ ਹਨ, ਇਹ ਸਮਝਣਾ ਮੁਸ਼ਕਲ ਹੋ ਸਕਦਾ ਹੈ ਕਿ ਪਹਿਲੀ ਸਦੀ ਵਿਚ ਇਹ ਅਪਰਾਧ ਕਿੰਨੀ ਗੰਭੀਰਤਾ ਨਾਲ ਵੇਖੇ ਜਾਂਦੇ ਸਨ। ਪਰ ਤਿੰਨ ਸੰਖੇਪ ਸ਼ਬਦਾਂ ਵਿਚ, ਮਰਦਾ ਹੋਇਆ ਡਾਕੂ ਆਪਣੇ ਦੋਸ਼ ਨੂੰ ਵਿਅਕਤ ਕਰ ਰਿਹਾ ਸੀ ਕਿ, ਉਸ ਨੇ ਦਿਨ ਵਿਚ, ਉਸ ਦੀ ਮੌਤ ਦੀ ਸਜ਼ਾ ਦੌਵੇਂ ਵਿਵਸੱਥਾ ਅਤੇ ਨਿਆਂ ਅਨੁਸਾਰ ਸੀ। ਅਸੀਂ ... ਨਿਆਂ ਅਨੁਸਾਰ ਮਰਦੇ ਹਾਂ।

ਤੀਜਾਂ : ਇਸ ਮਨੁੱਖ ਨੇ ਕੋਈ ਔਗੁਣ ਨਹੀਂ ਕੀਤਾ। ਬੇਸ਼ਕ ਇਹ ਪੜਨਾ ਅਨੋਖਾ ਹੈ ਕਿ ਕਿਵੇਂ ਉਹ ਡਾਕੂ ਆਪਣੇ ਵਿਅਕਤੀਗਤ ਦੋਸ਼ ਦੀ ਸਚਾਈ ਨੂੰ ਸਵੀਕਾਰ ਕਰਦਾ ਹੈ ਅਤੇ ਕਿਵੇਂ ਉਸ ਨੇ ਵਿਵਸੱਥਾ ਪ੍ਰਣਾਲੀ ਦੇ ਨਿਆਂ ਨੂੰ ਗਰੈਹਣ ਕੀਤਾ, ਯਿਸੂ ਲਈ ਉਸ ਦੀ ਚਿੰਤਾ ਦੇ ਬਾਰੇ ਪੜਦਾ ਬਹੁਤ ਹੈਰਾਨ ਕਰਨ ਵਾਲੀ ਗੱਲ ਹੈ, ਜਿਹੜਾ ਉਸ ਦੇ ਕੋਲ ਦੀ ਸਲੀਬ ਉੱਤੇ ਟੰਗਿਆ ਹੋਇਆ ਸੀ। ਮਰਦੇ

ਹੋਏ ਡਾਕੂ ਨੇ ਨਿਰਿਖਣ ਕੀਤਾ ਕਿ ਇਹ ਮਨੁੱਖ – ਇਹ ਯਿਸੂ ਨਿਰਾਪਰਾਧ ਸੀ ਅਤੇ ਇਸ ਲਈ ਬੇਇਨਸਾਫੀ ਨਾਲ ਮੌਤ ਦੀ ਸਜ਼ਾ ਪਾ ਰਿਹਾ ਸੀ।

ਆਪਣੇ ਪਾਪ ਦਾ ਅਪਰਾਧੀ ਹੋ ਕੇ ਜਿਵੇਂ ਉਹ ਸਲੀਬ ਉੱਤੇ ਟੰਗਿਆ ਹੋਇਆ ਸੀ ਉਸ ਡਾਕੂ ਕੋਲ ਹੋਰ ਕੋਈ ਆਸ ਨਹੀਂ ਸੀ ਸਿਵਾਏ ਇਸ ਦੇ ਕਿ ਯਿਸੂ ਵੱਲ ਮੁੜੇ। ਇਸ ਲਈ ਉਸ ਨੇ ਗੰਭੀਰਤਾ ਨਾਲ ਬੇਨਤੀ ਕੀਤੀ, ਹੇ ਯਿਸੂ ਜਾਂ ਤੂੰ ਆਪਣੇ ਰਾਜ ਵਿਚ ਆਵੇਂ ਤਾਂ ਮੈਨੂੰ ਚੇਤੇ ਕਰੀਂ। ਉੱਤਰ ਦਿੰਦੇ ਹੋਏ, ਜਿਵੇਂ ਉਹ ਹਮੇਸ਼ਾ ਅਜਿਹੇ ਸੱਚੇ ਦੋਸ਼ ਅਤੇ ਲੋੜ ਦੇ ਇਕਬਾਲ ਲਈ ਕਰਦਾ ਹੈ, ਪ੍ਰਭੂ ਯਿਸੂ ਨੇ ਇਕ ਦਮ ਉਸ ਨਾਲ ਪ੍ਰਤਿਗਿਆ ਕੀਤੀ : ਅੱਜ ਹੀ ਤੂੰ ਮੇਰੇ ਸੰਗ ਸੁਰਗ ਵਿਚ ਹੋਵੇਂਗਾ (ਲੂਕਾ 23:39-42)।

ਉਸੇ ਦਿਨ, ਹੋਰ ਦੂਜੇ ਤੋਬਾ ਕੀਤੇ ਹੋਏ ਪਾਪੀਆਂ ਵਾਂਙੂ ਜਿਹੜੇ ਪ੍ਰਭੂ ਵੱਲ ਮੁੜਦੇ ਹਨ, ਉਹ ਮਰਦਾ ਹੋਇਆ ਡਾਕੂ ਅਨੰਤ ਜੀਵਨ ਲਈ ਬਿਲਕੁਲ ਨਿਸ਼ਚਿੰਤ ਸੀ। ਅਤੇ ਸਹੀ ਥਾਂ ਸਲੀਬ ਜਿਸ ਉੱਤੇ ਯਿਸੂ ਮਰਿਆ ਸੀ ਉਸ ਦੀ ਦਯਾ ਲਈ ਉਸ ਤੋਂ ਪ੍ਰਾਰਥਨਾ ਕੀਤੀ।

ਹਾਂ, ਉਹ ਭੈ-ਮਿਸ੍ਰਿਤ ਆਦਰ ਦੀ ਭਾਵਨਾ ਵਾਲੇ ਦਿਨ, ਮਰਦੇ ਹੋਏ ਡਾਕੂ ਦੀ ਅੱਖਾਂ ਵਿਚ ਪ੍ਰਭੂ ਯਿਸੂ ਵਾਸਤਵ ਵਿਚ ਦੋਸ਼ ਰਹਿਤ ਸੀ। ਬਾਅਦ ਵਿਚ, ਕਿਸੇ ਵੀ ਤਰਾਂ ਦੋ ਚੇਲੇ ਆਪਣੇ ਕਥਨ ਵਿਚ ਹੋਰ ਵੀ ਜਿਆਦਾ ਨਿਸ਼ਚਿਤ ਸਨ। ਉਨ੍ਹਾਂ ਦੀ ਗਵਾਹੀ ਦਿੱਤੀ ਕਿ ਯਿਸੂ ਪਾਪ ਤੋਂ ਬਗੈਰ ਸੀ। ਇਨ੍ਹਾਂ ਚੇਲਿਆਂ ਵਿਚੋਂ ਹਰੇਕ, ਨਾਲ ਪ੍ਰੇਰਿਤ ਪੌਲੁਸ ਨੇ ਵੀ, ਯਿਸੂ ਦੇ ਪਾਪ ਤੋਂ ਰਹਿਤ ਹੋਣ ਦੀਆਂ ਆਪਣੀਆਂ ਵਿਅਕਤੀਗਤ ਗਵਾਹੀਆਂ ਦਿੱਤੀਆਂ।

ਪਤਰਸ, ਪ੍ਰਭੂ ਯਿਸੂ ਦਾ ਇਕ ਨਜ਼ਦੀਕੀ ਮਿੱਤਰ, ਪ੍ਰਚੰਡ ਗਤੀ ਵਾਲਾ ਮਨੁੱਖ ਕਰਕੇ ਜਾਣਿਆ ਜਾਂਦਾ ਸੀ। ਇਸ ਲਈ, ਜਦ ਉਸ ਨੇ ਆਪਣੇ ਵਿਅਕਤੀਤੱਵ ਦੇ ਅਨੁਕੂਲ ਯਿਸੂ ਦੇ ਪਾਪ ਰਹਿਤ ਹੋਣ ਦੀ ਗਵਾਹੀ ਦਿੱਤੀ। ਉਸ ਨੇ ਇਕ ਕਾਰਵਾਈ ਵਾਲੇ ਸ਼ਬਦ ਦਾ ਇਸਤੇਮਾਲ ਕੀਤਾ : ਉਹ (ਪ੍ਰਭੂ ਯਿਸੂ) ਨੇ ਕੋਈ ਪਾਪ ਨਹੀਂ ਕੀਤਾ (1ਪਤਰਸ 2:22)।

ਯੂਹੰਨਾ ਦੀ ਵੀ ਪ੍ਰਭੂ ਯਿਸੂ ਨਾਲ ਇਕ ਵੱਡੀ ਖਾਸ ਦੋਸਤੀ ਸੀ। ਇਸ ਦੇ ਫਲਸਰੂਪ ਬਾਰਮਬਾਰ ਉਸ ਦੇ ਕੋਲ ਆਪਣੇ ਪ੍ਰਭੂ ਦਾ ਨਿਰੀਖਣ ਕਰਨ ਦੇ ਅਵਸਰ ਹੁੰਦੇ ਸਨ ਜਦ ਉਹ ਲੋਕਾਂ ਦੀ ਭੀੜ ਦੀ ਆਲੋਚਨਾਤਮਕ ਨਿਰੀਖਣ

ਤੋਂ ਦੂਰ ਹੁੰਦਾ ਸੀ। ਇਸ ਸੁਵਿਧਾ ਦੇ ਦ੍ਰਿਸ਼ ਤੋਂ ਯੂਹੰਨਾ ਨੇ ਸਪਸ਼ਟ ਰੂਪ ਨਾਲ ਗਵਾਹੀ ਦਿੱਤੀ ਕਿ : ਉਹ ਦੇ (ਪ੍ਰਭੂ ਯਿਸੂ) ਵਿਚ ਪਾਪ ਨਹੀਂ ਹੈ (1ਯੂਹੰਨਾ 3:5)।

ਦੂਜੇ ਪਾਸੇ ਪੌਲੁਸ, ਕੁਝ ਅਸਾਧਾਰਣ ਪ੍ਰਸਿੱਧੀ ਪਾਇਆ ਹੋਇਆ ਇਕ ਵਿਦਵਾਨ ਕਰਕੇ ਜਾਣਿਆ ਜਾਂਦਾ ਸੀ। ਇਸ ਲਈ, ਜਦ ਪੌਲੁਸ, ਸਿੱਖਿਆ ਅਤੇ ਗਿਆਨ ਦੇ ਮਨੁੱਖ ਨੇ ਯਿਸੂ ਮਸੀਹ ਬਾਰੇ ਗੱਲ ਕੀਤੀ ਇਸ ਵਿਚ ਹੈਰਾਨਗੀ ਨਹੀਂ ਸੀ ਕਿ ਉਸ ਨੇ ਘੋਸ਼ਣਾ ਕੀਤੀ ਉਹ ਪਾਪ ਤੋਂ ਜਾਣੂ ਨਹੀਂ ਸੀ (2ਕੁਰਿੰਥੀਆਂ 5:21)। ਮਸੀਹ ਦੇ ਪਾਪ ਰਹਿਤ ਜੀਵਨ ਦੇ ਸੰਬੰਧ ਵਿਚ ਤਿੰਨਾਂ ਦੀ ਵਿਸ਼ਵਾਸਯੋਗ ਅਜਿਹੀ ਗਵਾਹੀ ਬਹੁਤ ਪ੍ਰਭਾਉਸ਼ਾਲੀ ਹੈ।

ਪਰ ਕੁਝ ਇਨ੍ਹਾਂ ਸਿਆਣੇ ਕਥਨਾਂ ਨੂੰ ਬਰਖਾਸਤ ਕਰਨਾ ਚਾਹੁੰਦੇ ਹੋਏ, ਆਖਦੇ ਹਨ, ''ਆਹਾ, ਨਾ ਤਾਂ ਮਰਦੇ ਹੋਏ ਚੋਰ ਦੀ, ਨਾ ਹੀ ਪ੍ਰੇਰਿਤ ਪਤਰਸ, ਯੂਹੰਨਾ ਜਾਂ ਪੌਲੁਸ ਦੀ ਗਵਾਹੀਆਂ ਦਾ ਵਰਣਨ ਵਾਤਸਵਿਕ ਰੂਪ ਨਾਲ ਕੀਤਾ ਜਾ ਸਕਦਾ ਹੈ। ਮਰਦਾ ਹੋਇਆ ਡਾਕੂ ਨਿਰਾਸ਼ਾ ਨਾਲ ਭਰਿਆ ਮਨੁੱਖ ਸੀ ਅਤੇ ਪ੍ਰਭੂ ਯਿਸੂ ਲਈ ਉਨ੍ਹਾਂ ਦੀ ਭਗਤੀ ਕਰਕੇ ਪ੍ਰੇਰਿਤਾਂ ਦਾ ਪੱਖ ਲਿਆ ਜਾ ਰਿਹਾ ਸੀ।'' ਤਾਂ ਫੇਰ, ਯਹੂਦੀਆਂ ਦੇ ਰੋਮੀ ਗਵਰਨਰ ਪਿਲਾਤੁਸ ਦੇ ਬਾਰੇ ਕੀ ਵਿਚਾਰ ਹੈ? ਨਿਸ਼ਚਿਤ ਤੌਰ ਤੇ, ਉਹ ਮਸੀਹ ਦਾ ਮਿੱਤਰ ਨਹੀਂ ਸੀ। ਫੇਰ ਵੀ, ਜਦ ਉਹ ਯਿਸੂ ਦੇ ਉੱਤੇ ਦੋਸ਼ ਲਗਾਉਣ ਵਾਲਿਆਂ ਨੂੰ ਜਵਾਬ ਦੇ ਰਿਹਾ ਜਿਨ੍ਹਾਂ ਨੇ ਉਸ ਉੱਤੇ ਇਸ ਉਦੇਸ਼ ਨਾਲ ਝੂਠੇ ਦੋਸ਼ ਲਗਾਏ ਕਿ ਉਸ ਨੂੰ ਮੌਤ ਦਿੱਤੀ ਜਾਵੇ, ਪਿਲਾਤੁਸ ਨੇ ਘੋਸ਼ਣਾ ਕੀਤੀ:

> ਤੁਸੀਂ ਇਸ ਮਨੁੱਖ ਨੂੰ ਲੋਕਾਂ ਦਾ ਭਰਮਾਉਣ ਵਾਲਾ ਠਹਿਰਾ ਕੇ ਮੇ ਰੇ ਕੋਲ ਲਿਆਏ ਅਰ ਵੇਖੋਂ ਮੈਂ ਤੁਹਾਡੇ ਸਾਮਹਣੇ ਪੁੱਛ ਗਿੱਛ ਕੀਤੀ ਅਤੇ ਜਿਹੜੀਆਂ ਗੱਲਾਂ ਦੀ ਤੁਸੀਂ ਇਸ ਉੱਤੇ ਨਾਲਸ਼ ਕੀਤੀ ਹੈ ਮੈਂ ਉਨ੍ਹਾਂ ਦੇ ਵਿਖੇ ਇਸ ਮਨੁੱਖ ਵਿਚ ਕੋਈ ਦੋਸ਼ ਨਹੀਂ ਵੇਖਿਆ (ਲੂਕਾ 23:14)।

ਪਰ ਇਹ ਸਭ ਮਨੁੱਖੀ ਗਵਾਹੀਆਂ ਕੀ ਹਨ ਜਦ ਅਸੀਂ ਇਨ੍ਹਾਂ ਦੀ ਤੁਲਨਾ ਉਸ ਘੋਸ਼ਣਾ ਨਾਲ ਕਰਦੇ ਹਾਂ ਜਿਹੜੀ ਸੁਰਗ ਵਿਚ ਪਿਤਾ ਪਰਮੇਸ਼ਰ ਨੇ ਆਪਣੇ ਸਿੰਘਾਸਣ ਤੋਂ ਕੀਤੀ? ਜਦ ਇਕ ਵਿਅਕਤੀ ਲੋਕਾਂ ਦੇ ਸਮੂਹ ਵਿਚ

ਬੋਲਣਾ ਸ਼ੁਰੂ ਕਰਨ ਲੱਗਦਾ ਹੈ, ਇਹ ਸਹੀ ਅਤੇ ਠੀਕ ਸਮਝਿਆ ਜਾਂਦਾ ਹੈ ਕਿ ਅਜਿਹੇ ਵਿਅਕਤੀ ਦੀ ਜਾਣ ਪਛਾਣ ਸਭਿਅਤਾਪੂਰਣ ਕਰਵਾਈ ਜਾਵੇ। ਉਸੇ ਤਰਾਂ ਜਦ ਯਿਸੂ ਆਪਣੀ ਸਾਰਵਜਨਿਕ ਸੇਵਕਾਈ ਸ਼ੁਰੂ ਕਰਨ ਤੇ ਸੀ, ਪਰਮੇਸ਼ਰ ਪਿਤਾ ਨੇ ਆਪਣੇ ਲਈ ਇਹ ਵਿਸ਼ੇਸ਼ ਅਧਿਕਾਰ ਸੁਰੱਖਿਅਤ ਰੱਖਿਆ ਕਿ ਆਪਣੇ ਪਿਆਰੇ ਪੁੱਤਰ ਦੀ ਜਾਣ ਪਛਾਣ ਕਰਾਵੇ। ਸੁਰਗ ਤੋਂ ਤੁਰਹੀ ਦੀ ਅਵਾਜ਼ ਨਾਲ, ਪਿਤਾ ਨੇ ਐਲਾਨ ਕੀਤਾ : ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪਰਸਿੰਨ ਹਾਂ (ਮੱਤੀ 3:17)।

ਪਿਤਾ ਜਾਣਦਾ ਸੀ ਕਿ ਜਦ ਯਿਸੂ ਮਨੁੱਖੀ ਰੂਪ ਵਿਚ ਇਸ ਸੰਸਾਰ ਵਿਚ ਸੀ ਉਹ ਉਸੇ ਤਰਾਂ ਰਿਹਾ ਜਿਵੇਂ ਪਰਮੇਸ਼ਰ ਨੇ ਮਨੁੱਖ ਨੂੰ ਨਿਰਬਾਹ ਕਰਨ ਲਈ ਸਿਰਜਿਆ ਸੀ। ਹਰੇਕ ਹੋਰ ਵਿਅਕਤੀ ਪਰਮੇਸ਼ਰ ਦੇ ਪਰਤਾਪ ਤੋਂ ਰਹਿ ਗਿਆ ਸੀ (ਰੋਮੀਆ 3:23)। ਪਰ ਯਿਸੂ ਨਹੀਂ। ਉਹ ਹਰ ਤਰੀਕੇ ਨਾਲ ਸਿੱਧ ਸੀ। ਇਸ ਲਈ, ਜਦ ਯਿਸੂ ਆਪਣੀ ਸਾਰਵਜਨਿਕ ਸੇਵਕਾਈ ਸ਼ੁਰੂ ਕਰਨ ਵਾਲਾ ਸੀ, ਉਸ ਦੇ ਪਿਤਾ ਨੇ ਉਸ ਦੀ ਜਾਣ ਪਛਾਣ ਕਰਵਾਈ, ਅਤੇ ਇਹ ਉਸ ਦਾ ਪਵਿੱਤਰ ਪਿਤਾ ਸੀ (ਯੂਹੰਨਾ 17:11)। ਜਿਸ ਨੇ ਆਪਣੇ ਪਿਆਰੇ ਪੁੱਤਰ ਦੇ ਰਹਿਣ ਦੇ ਢੰਗ ਤੇ ਪੂਰਣ ਪ੍ਰਸੰਨਤਾ ਵਿਅਕਤ ਕੀਤੀ।

ਜਿਵੇਂ ਅਸੀਂ ਪਹਿਲਾਂ ਵੀ ਸਪਸ਼ਟ ਕੀਤਾ ਹੈ, ਪ੍ਰਭੂ ਯਿਸੂ ਪਰਮੇਸ਼ਰ ਨਾਲੋਂ ਕੁਝ ਵੀ ਘੱਟ ਨਹੀਂ ਸੀ। ਇਸ ਲਈ ਇਹ ਜਾਣ ਲੈਣਾ ਪ੍ਰਭਾਵਸ਼ਾਲੀ ਸੀ ਕਿ ਪਰਮੇਸ਼ਰ ਨੇ ਆਪਣੇ ਆਪ ਨੂੰ ਨਿਮ੍ਰ ਕੀਤਾ ਅਤੇ ਕੁਆਰੀ ਮਾਂ ਦੇ ਗਰਭ ਤੋਂ ਪੈਦਾ ਹੋਣ ਲਈ ਆਪਣੇ ਆਪ ਨੂੰ ਨੀਵਾਂ ਕੀਤਾ, ਅਤੇ ਆਪਣੇ ਉੱਤੇ ਇਕ ਮਨੁੱਖ ਦਾ ਰੂਪ ਲੈ ਲਿਆ। ਫੇਰ ਵੀ, ਜੇ ਯਿਸੂ ਇੱਕ ਮਨੁੱਖ ਵਾਂਙੂ ਆਪਣੇ ਸੁਰਗੀ ਪਿਤਾ ਦੇ ਪੂਰਾ ਅਧੀਨ ਨਾ ਹੁੰਦਾ, ਉਹ ਕਦੇ ਵੀ ਆਪਣੇ ਪਿਤਾ ਲਈ ਬਿਨਾਂ ਮੱਧਮ ਕੀਤੀ ਹੋਈ ਪ੍ਰਸੰਨਤਾ ਨਾ ਲਿਆ ਸਕਦਾ। ਫੇਰ ਵੀ, ਆਪਣੀ ਧਰਤੀ ਦੀ ਸਾਰੀ ਤੀਰਥ ਯਾਤਰਾ ਵਿਚ ਯਿਸੂ ਹਮੇਸ਼ਾ ਆਪਣੇ ਪਿਤਾ ਦਾ ਆਗਿਆਕਾਰ, ਅਤੇ ਉਸ ਉੱਤੇ ਨਿਰਭਰ ਰਿਹਾ। ਇਸ ਤਰਾਂ ਉਸ ਦਾ ਮਨੁੱਖੀ ਸੁਭਾਅ ਆਪਣੇ ਸੁਰਗੀ ਪਿਤਾ ਦੀ ਪਵਿੱਤਰਤਾ, ਪ੍ਰੇਮ ਅਤੇ ਕਸ਼ਟ ਵਾਲੇ ਸੰਸਾਰ ਦੇ ਉਦੇਸ਼, ਸੁਆਰਥ ਅਤੇ ਪਾਪ ਵਿਚ ਧਰਤੀ ਦਾ ਪ੍ਰਗਟਾਵਾ ਬਣ ਗਿਆ।

ਫੇਰ ਵੀ, ਇਕ ਮਨੁੱਖ ਵਾਂਙੂ, ਜਿਵੇਂ ਪਰਮੇਸ਼ਰ ਨੇ ਉਸ ਨੂੰ ਬਣਾਇਆ ਸੀ

ਉਹ ਇਸ ਧਰਤੀ ਤੇ ਉਸੇ ਤਰਾਂ ਤੁਰਿਆ ਫਿਰਿਆ। ਬੇਸ਼ਕ ਪ੍ਰਭੂ ਯਿਸੂ ਪਰਮੇਸ਼ਰ ਨਾਲੋਂ ਕਦੇ ਵੀ ਘੱਟ ਨਹੀਂ ਸੀ, ਫੇਰ ਵੀ 33 ਸਾਲ ਉਸ ਨੇ ਮਨੁੱਖ ਨੂੰ ਇਹ ਵਿਖਾਇਆ ਕਿ ਮਨੁੱਖ ਨੂੰ ਪਰਮੇਸ਼ਰ ਦੀ ਯੋਜਨਾ ਅਨੁਸਾਰ ਕਿਵੇਂ ਰਹਿਣਾ ਹੈ। ਯਿਸੂ ਦੇ ਮਨੁੱਖੀ ਸੁਭਾਅ ਨੇ ਕਦੇ ਵੀ ਜੋ ਪਰਮੇਸ਼ਰ ਨੇ ਮਨੁੱਖ ਨੂੰ ਬਣਾਇਆ ਸੀ ਨਹੀਂ ਤੋੜਿਆ। ਉਨ੍ਹਾਂ ਸਾਲਾਂ ਵਿਚ, ਉਹ ਹਮੇਸ਼ਾ ਆਪਣੇ ਪਿਤਾ ਲਈ ਜਿਹੜਾ ਸੁਰਗ ਵਿਚ ਸੀ ਪੂਰਣ ਰੂਪ ਨਾਲ ਉਪਲਬਧ ਰਿਹਾ। ਇਸੇ ਲਈ, ਪਿਤਾ ਬਹੁਤ ਖੁਸ਼ ਸੀ ਜਦ ਉਹ ਆਪਣੇ ਪਿਆਰੇ ਪੁੱਤਰ ਉੱਤੇ ਟਿਕਟਿਕੀ ਲਗਾ ਕੇ ਵੇਖਦਾ ਸੀ, ਜਿਹੜਾ ਮਨੁੱਖਾਂ ਦੇ ਦਰਮਿਯਾਨ ਇਕ ਸਿੱਧ ਮਨੁੱਖ ਬਣ ਕੇ ਰਿਹਾ।

ਬੇਕਸੂਰ, ਪਾਪਰਹਿਤ, ਸਿੱਧ। ਮਰਦੇ ਹੋਏ ਡਾਕੂ ਅਤੇ ਪਿਲਾਤੁਸ ਸਾਹਮਣੇ, ਯਿਸੂ ਨਿਰਦੋਸ਼ ਸੀ। ਪਤਰਸ, ਯੂਹੰਨਾ ਅਤੇ ਪੌਲੁਸ ਦੇ ਸਾਹਮਣੇ ਯਿਸੂ ਨਿਰਦੋਸ਼ ਸੀ। ਸੁਰਗ ਵਿਚ ਪਵਿੱਤਰ ਦੇ ਸਾਹਮਣੇ ਯਿਸੂ ਨਿਰਦੋਸ਼ ਸੀ। ਬੇਕਸੂਰ, ਪਾਪਰਹਿਤ, ਸਿੱਧ। ਅਤੇ ਫੇਰ ਵੀ ਉਹ ਮਰ ਗਿਆ। ਸਾਡੇ ਵਿਚੋਂ ਹਰੇਕ ਲਈ ਆਪਣੇ ਮਹਾਨ ਪਿਆਰ ਦੇ ਕਾਰਨ ਉਹ ਸਾਡੇ ਲਈ ਮਰ ਗਿਆ।

ਅਸੀਮਿਤ ਪਿਆਰ।

ਹੁਣ, ਆਪਣੀ ਕਲਪਨਾ ਵਿਚ, ਇਨ੍ਹਾਂ ਦਰਸ਼ਕਾਂ ਨਾਲ ਮਿਲ ਕੇ ਜਿਨ੍ਹਾਂ ਨੇ ਉਸ ਪਹਿਲੇ 'ਗੁਡ ਫਰਾਈਡੇ' ਦੀ ਭਿਆਨਕ ਘਟਨਾਵਾਂ ਨੂੰ ਵੇਖਿਆ ਸੀ। ਸਲੀਬ ਦੇ ਆਲੇ ਦੁਆਲੇ ਭੀੜ ਮੂੰਹ ਫਾੜ ਕੇ ਵੇਖ ਰਹੀ ਸੀ। ਅਤੇ ਜਿਵੇਂ ਉਹ ਇਸ ਡਰਾ ਦੇਣ ਵਾਲੇ ਦ੍ਰਿਸ਼ ਨੂੰ ਵੇਖ ਰਹੇ ਸਨ, ਉਨ੍ਹਾਂ ਦਾ ਸਾਹਮਣਾ ਲਹੂਲੁਹਾਣ ਹੋਏ ਦ੍ਰਿਸ਼ ਨਾਲ ਹੋ ਰਿਹਾ ਸੀ ਜਿਹੜਾ ਉਨ੍ਹਾਂ ਨੂੰ ਮਾਨਸਿਕ ਝਟਕਾ ਦੇ ਰਿਹਾ ਸੀ।

ਯਿਸੂ ਦੇ ਦੋਵੇਂ ਪਾਸੇ ਇਕ ਇਕ ਅਪਰਾਧੀ ਟੰਗਿਆ ਹੋਇਆ ਸੀ। ਇਹ ਦੋਵੇਂ ਮਨੁੱਖ ਆਪਣੇ ਸਾਥੀਆਂ ਦੇ ਸਾਹਮਣੇ ਦੋਸ਼ੀ ਸਨ, ਅਤੇ ਦੋਵੇਂ ਆਪਣੇ ਸਿਰਜਨਹਾਰ ਪਰਮੇਸ਼ਰ ਦੇ ਸਾਹਮਣੇ ਦੋਸ਼ੀ ਸਨ। ਉਨ੍ਹਾਂ ਦੋਹਾਂ ਲਈ ਉਸ ਦੇਸ਼ ਦੇ ਨਿਯਮ ਰਾਹੀਂ ਮੌਤ ਦੀ ਸਜ਼ਾ ਜਰੂਰੀ ਸੀ।

ਇਨ੍ਹਾਂ ਦੋਹਾਂ ਮਨੁੱਖਾਂ ਦੇ ਵਿਚਕਾਰ, ਯਿਸੂ ਆਪਣੀ ਸਲੀਬ ਉੱਤੇ ਟੰਗਿਆ ਹੋਇਆ ਸੀ। ਡਾਕੂਆਂ ਦੀ ਸਪਸ਼ਟ ਤੁਲਨਾ ਵਿਚ, ਯਿਸੂ ਰਹਿਤ ਸੀ,

ਪਰ ਉਹ ਆਪਣੇ ਪਵਿੱਤਰ ਪਿਤਾ ਦੇ ਸਾਹਮਣੇ ਵੀ ਸਿੱਧ ਸੀ। ਅਰਥਾਤ ਪਰਮੇਸ਼ਰ ... ਮਸੀਹ ਵਿਚ ਹੋ ਕੇ (2ਕੁਰਿੰਥੀਆਂ 5:19) ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈ ਸਲੀਬ ਉੱਤੇ ਚੜ੍ਹਿਆ (1ਪਤਰਸ 1:19); ਅਤੇ ਪਰਮੇਸ਼ਰ ਦੇ ਦਿਲ ਦੇ ਪਿਆਰ ਰਾਹੀਂ ਪਾਪੀਆਂ ਦੇ ਇਵਜ਼ ਵਿਚ ਮਸੀਹ ਦੀ ਮੌਤ ਵਲੰਟੀਅਰ ਕੀਤੀ ਹੋਈ ਸੀ।

ਡਾਕੂਆਂ ਨੂੰ ਤਾਂ ਮਰਨਾ ਹੀ ਸੀ, ਪਰ ਨਿਸ਼ਚਿਤ ਤੌਰ ਤੇ ਪ੍ਰਭੂ ਯਿਸੂ ਨੂੰ ਨਹੀਂ। ਪਹਿਲਾਂ, ਆਪਣੇ ਆਲੋਚਕਾਂ ਨਾਲ ਗੱਲ ਕਰਦੇ ਸਮੇਂ ਯਿਸੂ ਨੇ ਦ੍ਰਿੜਤਾ ਨਾਲ ਕਿਹਾ : ਮੈਂ ਆਪਣੀ ਜਾਨ ਦਿੰਦਾ ਹਾਂ ਤਾਂ ਜੋ ਉਹ ਨੂੰ ਫੇਰ ਲਵਾਂ। ਕੋਈ ਉਸ ਨੂੰ ਮੈਥੋਂ ਖੋਹੰਦਾ ਨਹੀਂ, ਪਰ ...ਮੇਰਾ ਇਖਤਿਆਰ ਹੈ ਜੋ ਉਸ ਨੂੰ ਦੇਵਾਂ ਅਤੇ ਮੇਰਾ ਇਖਤਿਆਰ ਹੈ ਜੋ ਉਹ ਨੂੰ ਫੇਰ ਲਵਾਂ (ਯੂਹੰਨਾ 10:17,18) ਅਤੇ ਜਦ ਆਪਣੇ ਚੇਲਿਆਂ ਨੂੰ ਆਪਣੇ ਪਿਆਰ ਦੀ ਹੱਦ ਸਪਸ਼ਟ ਕਰ ਰਿਹਾ ਸੀ ਜਿਹੜਾ ਛੇਤੀ ਜਾਣ ਵਾਲਾ ਸੀ, ਉਸ ਨੇ ਆਖਿਆ, ਏਦੋਂ ਵੱਧ ਪਿਆਰ ਕਿਸੇ ਦਾ ਨਹੀਂ ਹੁੰਦਾ ਜੋ ਆਪਣੀ ਜਾਨ ਆਪਣੇ ਮਿੱਤਰਾਂ ਦੇ ਬਦਲੇ ਦੇ ਦੇਵੇ (ਯੂਹੰਨਾ 15:13)।

ਇਹ ਪ੍ਰਭੂ ਯਿਸੂ ਦੀ ਮੌਤ ਅਤੇ ਜੀ ਉੱਠਣ ਤੋਂ ਬਾਅਦ ਹੀ ਸੀ ਕਿ ਪ੍ਰੇਰਿਤ ਪੌਲੁਸ ਨੇ ਇਸ ਤੋਂ ਹੋਰ ਵੀ ਜ਼ੋਰ ਦਿੱਤਾ: ਪਰਮੇਸ਼ਰ ਮਸੀਹ ਵਿਚ ਸੀ ਅਤੇ ਇਹ ਕਿ ਉਸ ਨੇ (ਪਰਮੇਸ਼ਰ) ਉਸ ਨੂੰ (ਮਸੀਹ) ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖਾਤਰ ਪਾਪ ਠਹਿਰਾਇਆ, ਤਾਂ ਜੋ ਅਸੀਂ ਉਸ ਵਿਚ ਹੋ ਕੇ ਪਰਮੇਸ਼ਰ ਦਾ ਧਰਮ ਬਣੀਏ (2ਕੁਰਿੰਥੀਆਂ 5:21)। ਸਦੀਆਂ ਬਾਅਦ, ਸਾਡੇ ਪਾਪ ਦੇ ਬਦਲੇ ਮਸੀਹ ਦੀ ਮੌਤ ਦੀ ਅਦਭੁਤ ਸਚਾਈ ਦੀ ਵਿਆਖਿਆ ਇਨ੍ਹਾਂ ਅਰਥ ਪੂਰਣ ਸ਼ਬਦਾਂ ਵਿਚ ਕੀਤੀ ਗਈ :

> ਤੂੰ ਮੇਰੀ ਧਾਰਮਿਕਤਾ ਹੈ ਮੈਂ ਤੇਰਾ ਪਾਪ ਸੀ,
> ਤੂੰ ਉਹ ਲੈ ਲਿਆ ਜੋ ਮੇਰਾ ਸੀ, ਅਤੇ ਮੈਨੂੰ ਉਹ ਦਿੱਤਾ ਜੋ ਤੇਰਾ ਸੀ,
> ਤੂੰ ਉਹ ਬਣ ਗਿਆ ਜੋ ਤੂੰ ਨਹੀਂ ਸੀ ਤਾਂ ਕਿ ਮੈਂ ਉਹ ਬਣ ਸਕਾਂ ਜੋ ਮੈਂ ਨਹੀਂ ਸੀ।

### ਕਣਕ ਦਾ ਦਾਨਾ

ਆਪਣੀ ਬਹੁਤ ਛੇਤੀ ਮੌਤ ਦੀ ਜਾਣਕਾਰੀ ਹੋਣ ਕਰਕੇ ਪ੍ਰਭੂ ਯਿਸੂ ਨੇ ਆਪਣੇ ਦਿਲ ਨੂੰ ਆਪਣੇ ਚੇਲਿਆਂ ਉੱਤੇ ਖੋਲਿਆ ਅਤੇ ਕਿਹਾ: ਹੁਣ ਮੇਰਾ ਜੀ

ਘਬਰਾਉਂਦਾ ਹੈ; ਅਤੇ ਮੈਂ ਕੀ ਆਖਾਂ, 'ਹੇ ਪਿਤਾ, ਮੈਨੂੰ ਇਸ ਘੜੀ ਤੋਂ ਬਚਾ?' ਪਰ ਇਸੇ ਲਈ ਮੈਂ ਇਸ ਘੜੀ ਤੀਕੁ ਆਇਆ ਹਾਂ। ਹੇ ਪਿਤਾ, ਆਪਣੇ ਨਾਮ ਨੂੰ ਵਡਿਆਈ ਦੇਹ। ਤਦੋ ਇਹ ਸੁਰਗੀ ਬਾਣੀ ਆਈ ਜੋ ਮੈਂ ਉਹ ਨੂੰ ਵਡਿਆਈ ਦਿੱਤੀ ਹੈ, ਅਤੇ ਫੇਰ ਵੀ ਦਿਆਂਗਾ (ਯੂਹੰਨਾ 12:27-28)।

**ਪਰ ਤੁਸੀਂ ਹੈਰਾਨ ਹੋ ਰਹੇ ਹੋਵੋਗੇ ਕਿਵੇਂ ਅਜਿਹੇ ਇਕ ਲਹੂਲੁਹਾਨ ਦ੍ਰਿਸ਼ ਤੇ ਪਿਤਾ ਦੀ ਮਹਿਮਾ ਹੋ ਸਕਦੀ ਹੈ ਜਿਸ ਤਰਾਂ ਦਾ ਰੋਮੀਆਂ ਦਾ ਸਲੀਬ ਤੇ ਚੜਾਏ ਜਾਣ ਦਾ ਸੀ?**

ਇਸ ਤੋਂ ਪਹਿਲਾਂ ਕਿ ਪ੍ਰਭੂ ਯਿਸੂ ਪਿਤਾ ਤੋਂ ਪ੍ਰਾਰਥਨਾ ਕਰਦਾ ਉਸ ਨੇ ਆਪਣੇ ਚੇਲਿਆਂ ਨੂੰ ਇਹ ਪਹਿਲਾਂ ਹੀ ਯਾਦ ਕਰਾ ਦਿੱਤਾ ਸੀ ਕਿ ਇੱਕ ਅੰਕੁਰ ਬੀਜ ਦਾ ਮਰਨਾ ਜਰੂਰੀ ਹੈ ਇਸ ਤੋਂ ਪਹਿਲਾਂ ਕਿ ਕਟਨੀ ਹੋ ਸਕੇ।

> *ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿਚ ਪੈ ਕੇ ਨਾ ਮਰੇ ਤਾਂ ਉਹ ਇੱਕਲਾ ਹੀ ਰਹਿੰਦਾ ਹੈ, ਪਰ ਜੇ ਮਰੇ, ਤਾਂ ਬਹੁਤ ਸਾਰਾ ਫਲ ਦਿੰਦਾ ਹੈ* (ਯੂਹੰਨਾ 12:24)।

ਪਾਪਰਹਿਤ ਮਨੁੱਖ ਹੁੰਦੇ ਹੋਏ, ਯਿਸੂ ਉੱਤੇ ਮੌਤ ਦਾ ਕੋਈ ਅਧਿਕਾਰ ਨਹੀਂ ਹੈ। ਪਰ ਉਹ ਮਰਨ ਦਾ ਚੁਣਾਵ ਕਰਦਾ ਹੈ; ਤੁਹਾਡੇ ਅਤੇ ਮੇਰੇ ਬਦਲੇ ਵਿਚ ਇਕ ਕਸ਼ਟ ਦਾਇਕ ਮੌਤ ਨਾਲ ਮਰਨਾ। ਅਤੇ ਇਸ ਤਰਾਂ ਕਰਨ ਨਾਲ ਉਹ ਛੁਟਕਾਰਾ ਪਾਏ ਹੋਏ ਲੋਕਾਂ ਦੀ ਅਨੰਤ ਕਟਨੀ ਕੱਟੇਗਾ। ਇਸ ਤਰਾਂ ਪ੍ਰਭੂ ਯਿਸੂ ਆਪਣੀ ਯੋਜਨਾ ਬਾਰੇ ਦੱਸਦਾ ਹੈ।

> (ਉਸ ਦੀ ਯੋਜਨਾ) *ਮੈਂ ਪਿਤਾ ਵਿਚੋਂ ਨਿੱਕਲ ਕੇ, ਜਗਤ ਵਿਚ ਆਇਆ ਹਾਂ; ਫੇਰ ਜਗਤ ਤੋਂ ਛੱਡਦਾ, ਅਤੇ ਪਿਤਾ ਦੇ ਕੌਲ ਜਾਂਦਾ ਹਾਂ, (ਉਸ ਦੀ ਪ੍ਰਤਿਗਿਆ) ਅਰ ਜੇ ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਾਂ ਤਾਂ ਫੇਰ ਆਣ ਕੇ ਤੁਹਾਨੂੰ ਆਪਣੇ ਕੌਲ ਲੈ ਲਵਾਂਗਾ ਭਈ ਜਿੱਥੇ ਮੈਂ ਹਾਂ ਤੁਸੀਂ ਭੀ ਹੋਵੋ* (ਯੂਹੰਨਾ 16:28; 14:3)।

ਇਹ ਅਦਭੁਤ ਹੈ, ਪਰ ਅਵਿਸ਼ਵਾਸਨੀਯ ਹੈ ਜਿਵੇਂ ਇਹ ਲੱਗ ਸਕਦਾ ਹੈ, ਉਨ੍ਹਾਂ ਲਈ ਮੁਕਤੀਦਾਤਾ ਦੇ ਅਦਭੁਤ ਪਿਆਰ ਦੇ ਬਜਾਏ, ਕੁਝ ਲੋਕ ਫੇਰ ਵੀ ਉਸ ਮਾਫੀ ਨੂੰ ਜਿਹੜੀ ਉਹ ਦਿੰਦਾ ਹੈ ਰੱਦ ਕਰਨ ਦਾ ਚੁਣਾਉ ਕਰਦੇ ਹਨ। ਦੂਜੇ ਉਸ ਦੀ ਮੌਤ ਦੇ ਬਾਰੇ ਖਾਮੋਸ਼ ਅਤੇ ਉਦਾਸੀਨ ਰਹਿੰਦੇ ਹਨ। ਫੇਰ ਵੀ, ਭਾਵੇ

ਲੋਕ ਮੁਕਤੀਦਾਤਾ ਨੂੰ ਸਰਗਰਮ ਹੋ ਕੇ ਰੱਦ ਕਰਨ, ਜਾਂ ਭਾਵੇਂ ਖਾਮੋਸ਼ ਹੋ ਕੇ ਉਸ ਦੇ ਪ੍ਰਤੀ ਲਾਪਰਵਾਹੀ ਕਰਨ, ਦੋਹਾਂ ਦਾ ਨਤੀਜ਼ਾ ਉਹੋ ਹੀ ਹੋਵੇਗਾ - ਅਨੰਤ ਜੀਵਨ, ਅਨੰਦ ਜੋਤੀ ਅਤੇ ਅਨੰਤ ਪਿਆਰ ਦੇ ਕੇਵਲ ਇਕੋ ਸ੍ਰੋਤ ਤੋਂ ਹਮੇਸ਼ਾ ਦੇ ਲਈ ਅਲਗਾਵ। ਇਸ ਭਿਆਨਕ ਦਸ਼ਾ ਦਾ ਵਰਣਨ ਇਨ੍ਹਾਂ ਸ਼ਬਦਾਂ ਰਾਹੀਂ ਕੀਤਾ ਗਿਆ ਹੈ।

ਮਰਦੇ ਹੋਏ ਤੁਸੀਂ ਮਰੋਗੇ,
ਇਕ ਬਹੁਤ ਬੜੀ ਮੌਤ ਨਾਲ ਮਰੋਗੇ,
ਹਮੇਸ਼ਾ ਲਈ ਮਰੋਗੇ,
ਹਮੇਸ਼ਾ ਮਰਦੇ ਹੋਏ, ਫੇਰ ਵੀ ਮਰੋਗੇ ਨਹੀਂ।

ਤਾਂ ਵੀ, ਪ੍ਰਭੂ ਯਿਸੂ ਸਿਰਫ ਇਸ ਲਈ ਨਹੀਂ ਮਰਿਆ ਕਿ ਤੁਹਾਨੂੰ ਨਰਕ ਵਿਚੋਂ ਕੱਢ ਕੇ ਸੁਰਗ ਵਿਚ ਦਾਖਲ ਕਰੇ, ਪਰ ਇਸ ਲਈ ਵੀ ਕਿ ਸੁਰਗ ਦਾ **ਪਰਮੇਸ਼ਰ ਤੁਹਾਡੇ ਅੰਦਰ ਰਹੇ**।

ਨਹੀਂ ਅਨੰਤ ਜੀਵਨ ਸੁਰਗ ਵਿਚ ਮੇਰੇ ਭੱਵਿਖ ਦੀ ਸਿਰਫ ਨਿਸ਼ਚਿਤਤਾ ਨਹੀਂ ਹੈ। ਬਾਈਬਲ ਸੱਚੇ ਵਿਸ਼ਵਾਸੀ ਨੂੰ ਇਹ ਵੀ ਵਿਸ਼ਵਾਸ ਦਿਵਾਉਂਦੀ ਹੈ ਕਿ ਅਨੰਤ ਜੀਵਨ ਇੱਕ ਮਹਿਮਾਮਈ, ਵਰਤਮਾਨ, ਜੀਵਿਤ ਵਾਸਤਵਿਕਤਾ ਹੈ।

*ਪਰਮੇਸ਼ਰ ਨੇ ਸਾਨੂੰ ਸਦੀਪਕ ਜੀਵਨ ਦਿੱਤਾ, ਅਤੇ ਇਹ ਜੀਵਨ ਉਹ ਦੇ ਪੁੱਤਰ ਵਿਚ ਹੈ। ਜਿਹ ਦੇ ਕੋਲ ਪੁੱਤਰ ਹੈ ਉਹ ਦੇ ਕੋਲ ਜੀਵਨ ਹੈ; ਜਿਹ ਦੇ ਕੋਲ ਪਰਮੇਸ਼ਰ ਦਾ ਪੁੱਤਰ ਨਹੀਂ ਹੈ ਉਹ ਦੇ ਕੋਲ ਜੀਵਨ ਵੀ ਨਹੀਂ ਹੈ ...* (1ਯੂਹੰਨਾ 5:11-12)।

ਅਨੰਤ ਜੀਵਨ ਇਕ ਵਿਅਕਤੀ - ਪ੍ਰਭੂ ਯਿਸੂ ਮਸੀਹ ਵਿਚ ਹੈ। ਅਤੇ ਜਦ ਉਹ ਆਪਣਾ ਨਿਵਾਸ ਮਨੁੱਖੀ ਦਿਲ ਵਿਚ ਬਣਾ ਲੈਂਦਾ ਹੈ, ਉਸੇ ਘੜੀ ਤੋਂ ਹਮੇਸ਼ਾ ਦਾ ਜੀਵਨ ਸ਼ੁਰੂ ਹੋ ਜਾਂਦਾ ਹੈ।

ਬਹੁਤ ਵੱਡਾ ਮੁੱਲ ਹੈ।

ਮਸੀਹ ਦੀ ਸਲੀਬ ਤੇ; ਪਰਮੇਸ਼ਰ ਦੀ ਪਵਿੱਤਰਤਾਈ, ਪਰਮੇਸ਼ਰ ਦਾ ਨਿਆਂ ਅਤੇ ਪਰਮੇਸ਼ਰ ਦਾ ਪਿਆਰ ਸਭ ਕੁਝ ਕੁਰਬਾਨੀ ਦੇ ਉਸ ਸਰਵ ਸ੍ਰੇਸ਼ਠ ਕੰਮ ਵਿਚ ਇੱਕਠੇ ਹੋ ਗਿਆ। ਉੱਥੇ ਉਸ ਦੀ ਪਵਿੱਤਰਤਾਈ ਯੋਗ ਠਹਿਰਾਈ ਗਈ; ਉਸ ਦੇ ਨਿਆਂ ਨੂੰ ਪੂਰਣ ਰੂਪ ਨਾਲ ਸੰਤੁਸ਼ਟ ਕੀਤਾ ਗਿਆ, ਅਤੇ ਉੱਥੇ

, ਪਰਮੇਸ਼ਰ ਦੇ ਪ੍ਰੇਮ ਨੇ ਤਹਾਡੇ ਅਤੇ ਮੇਰੇ ਵਰਗੇ ਪਾਪੀ ਲੋਕਾਂ ਨੂੰ ਗਲ ਨਾਲ ਲਾਇਆ। ਪਰ ਇਸ ਦਾ ਮੁੱਲ ਉਸ ਨੂੰ ਬਹੁਤ ਜਿਆਦਾ ਸੀ।

ਆਪਣੀ ਰੋਜ਼ਾਨਾ ਦੀ ਉਪਾਸਨਾ ਸੰਬੰਧੀ ਕਿਤਾਬ ਉਸ ਦੇ ਬਹੁਤ ਉੱਚੇ ਲਈ ਮੇਰਾ ਸਭ ਤੋਂ ਜਿਆਦਾ ਵਿਚ, ਔਸਵਾਲਡ ਚੈਮਬਰਜ਼ ਇਹ ਹਿਤਕਾਰੀ ਚੇਤਾਵਨੀ ਪ੍ਰਕਾਸ਼ਿਤ ਕੀਤਾ।

> ਪਰਮੇਸ਼ਰ ਦੇ ਪਿਤਾਪਣ ਦੇ ਮਨੋਹਰ ਉਦੇਸ਼ ਤੋਂ ਸਚੇਤ ਰਹੋ ਜਿਹੜਾ ਆਖਦਾ ਹੈ, ਪਰਮੇਸ਼ਰ ਬਹੁਤ ਦਯਾਲੂ ਅਤੇ ਪਿਆਰ ਕਰਨਾ ਵਾਲਾ ਹੈ ਕਿ ਉਹ ਬੇਸ਼ਕ ਸਾਨੂੰ ਮੁਆਫ ਕਰੇਗਾ। ਇਸ ਮਨੋਭਾਵ ਦਾ ਨਵੇਂਨੇਮ ਵਿਚ ਕੋਈ ਵੀ ਥਾਂ ਨਹੀਂ ਹੈ। ਸਿਰਫ ਇਕੋ ਹੀ ਕਾਰਣ ਹੈ ਜਿਸ ਉੱਤੇ ਪਰਮੇਸ਼ਰ ਪਾਪ ਮਾਫ ਕਰਕੇ ਆਪਣੀ ਕਿਰਪਾ ਵਿਚ ਬਹਾਲ ਕਰ ਸਕਦਾ ਹੈ ਉਹ ਹੈ ਮਸੀਹ ਦੀ ਸਲੀਬ ਦੇ ਰਾਹੀਂ, ਅਤੇ ਹੋਰ ਕੋਈ ਰਾਸਤਾ ਨਹੀਂ ਹੈ। ਫੇਰ ਵੀ ਜੇ ਅਸੀਂ ਇਸ ਦਾ ਸੱਚ ਹੋਣਾ ਵੀ ਸਮਝੀਏ, ਇਹ ਫੇਰ ਵੀ ਸੰਭਵ ਹੈ ਕਿ ਮੂਰਖਤਾ ਦੇ ਵਿਸ਼ਵਾਸ ਨਾਲ ਪਾਪ ਦੀ ਮਾਫੀ ਲੈ ਲਈ ਜਾਵੇ ਅਤੇ ਫੇਰ ਭੁੱਲ ਜਾਣਾ ਕਿ ਕਿੰਨਾ ਭਾਗ ਮੁੱਲ ਦੇ ਕੇ ਪਰਮੇਸ਼ਰ ਨੇ ਇਸ ਨੂੰ ਸਾਡਾ ਬਣਾਇਆ ਸੀ।

ਬੇਸ਼ਕ ਅਸੀਂ ਪਹਿਲਾਂ ਵਿੱਲੀ ਹੋਲਟ ਦੇ ਸੁਆਰਥਹੀਣ ਕੰਮ ਦਾ ਜ਼ਿਕਰ ਕੀਤਾ ਸੀ, ਪਰਮੇਸ਼ਰ ਨੇ ਕਲਵਰੀ ਦੇ ਦੁੱਖ ਦੇ ਰਾਹੀਂ ਸਾਨੂੰ ਪਿਆਰ ਕਰਕੇ ਅਜਿਹੀ ਮਿਸਾਲ ਕਾਇਮ ਕੀਤੀ ਹੈ ਜਿਸ ਦੀ ਬਰਾਬਰੀ ਕੋਈ ਵੀ ਮਨੁੱਖ ਵਾਸਤਵ ਵਿਚ ਨਹੀਂ ਕਰ ਸਕਦਾ। ਅਤੇ ਆਤਮਾ ਦੇ ਰਾਹੀਂ ਜਿਹੜੇ ਵਚਨਾਂ ਦਾ ਉਚਾਰਣ ਕੀਤਾ ਗਿਆ ਉਸ ਨੂੰ ਅਸੀਂ ਬਾਈਬਲ ਆਖਦੇ ਹਾਂ, ਪਰਮੇਸ਼ਰ ਆਪਣੇ ਆਪ ਆਪਣੇ ਹੀ ਪੜਦੇ ਨੂੰ ਇਕ ਪਾਸੇ ਕਰ ਦਿੰਦਾ ਹੈ ਤਾਂ ਜੋ ਸਾਨੂੰ ਅਜਿਹੀ ਕੁਰਬਾਨੀ ਭਰੇ ਪਿਆਰ ਦੀ ਪੂਰੀ ਝਲਕ ਦੇਵੇ। ਤਾਂ ਵੀ, ਉਸ ਦੇ ਪਿਆਰ ਦੀ ਮਹਾਨਤਾ ਸਾਡੀ ਸੀਮਿਤ ਬੁੱਧੀ ਦੀ ਯੋਗਤਾ ਤੋਂ ਬਹੁਤ ਦੂਰ ਅੱਗੇ ਵੱਧ ਜਾਂਦੀ ਹੈ। ਫੇਰ ਵੀ, ਅਜਿਹੇ ਹੈਰਾਨ ਕਰਨ ਵਾਲੇ ਪਿਆਰ ਦੇ ਕੰਮ ਉੱਤੇ ਵਿਚਾਰ ਕਰਕੇ ਅਸੀਂ ਪਰਮੇਸ਼ਰ ਦੇ ਪਿਆਰ ਦੀ ਲੰਬਾਈ, ਚੌੜਾਈ ਉਚਿਆਈ ਅਤੇ ਗਹਿਰਾਈ ਦੀ ਥੋੜੀ ਜਿਹੀ ਪ੍ਰਸੰਸ਼ਾ ਕਰਨੀ ਸ਼ੁਰੂ ਕਰ ਸਕਦੇ ਹਾਂ।

ਜਦ ਯਿਸੂ ਸਲੀਬ ਉੱਤੇ ਮਰਿਆ ਉਸ ਨੇ ਸਾਡੇ ਪਾਪਾਂ ਲਈ **ਤਿੰਨ ਗੁਣਾ ਦੁੱਖ ਉਠਾਇਆ।**

ਸਲੀਬ ਉੱਤੇ ਯਿਸੂ ਦਾ ਸਰੀਰ ਤੀਬਰ ਵੇਦਨਾ ਨਾਲ ਸ਼ਿਕੰਜੇ ਵਿਚ ਕੱਸਿਆ ਹੋਇਆ ਸੀ; ਸਲੀਬ ਉੱਤੇ ਉਸ ਦਾ ਪਿਆਰ ਮੂਲ ਰੂਪ ਨਾਲ ਵਧਿਆ ਹੋਇਆ ਸੀ, ਅਤੇ ਇਸ ਤੋਂ ਵੀ ਵੱਧ ਸਦਮਾ ਪਹੁੰਚਾਉਣ ਵਾਲੀ ਗੱਲ ਇਹ ਸੀ ਕਿ ਸਲੀਬ ਉੱਤੇ ਯਿਸੂ ਉਸ ਏਕਤਾ ਤੋਂ ਜਿਹੜੀ ਉਸ ਦੀ ਪਿਤਾ ਦੇ ਨਾਲ ਸੀ ਜਿਸ ਦਾ ਅਨੰਦ ਉਸ ਨੇ ਹਮੇਸ਼ਾ ਲਿਆ ਸੀ ਉਸ ਜੋਤੀ ਅਤੇ ਮਹਿਮਾ ਅਤੇ ਸ਼ਾਂਤੀ ਤੋਂ ਉਹ ਅੱਡ ਸੀ। ਹਾਂ, ਜਿਹੜੇ ਕਸ਼ਟ ਯਿਸੂ ਨੇ ਸਹੇ ਉਹ ਵਾਸਤਵ ਵਿਚ ਸਾਡੀ ਇਨਸਾਨੀਅਤ ਤੋਂ ਪਰੇ ਹਨ।

ਫੇਰ ਵੀ, ਜਿਵੇਂ ਅਸੀਂ ਉਸ ਦੇ ਸਰੀਰਕ ਕਸ਼ਟਾਂ ਉਸ ਦੇ ਭਾਵਾਤਮਕ ਕਸ਼ਟਾਂ ਅਤੇ ਖਾਸ ਕਰਕੇ ਉਸ ਦੇ ਆਤਮਿਕ ਕਸ਼ਟਾਂ ਬਾਰੇ ਵਿਚਾਰ ਕਰਦੇ ਹਾਂ ਅਸੀਂ ਪਾਪ ਨਾਲ ਭਰੇ ਹੋਏ ਲੋਕਾਂ ਲਈ ਉਸ ਦੇ ਪਿਆਰ ਦੇ ਪਰਿਣਾਮ ਦੀ ਇਕ ਨਵੇਂ ਤਰੀਕੇ ਨਾਲ ਪ੍ਰਸ਼ੰਸਾ ਕਰਾਂਗੇ।

ਸਰੀਰਕ ਕਸ਼ਟ : - ਇਹ ਵਾਸਤਵ ਵਿਚ ਬਹੁਤ ਅਸੰਭਵ ਹੈ ਕਿ ਇਕ ਅਨਮੋਲ ਰੈਮਬਰਾਨਡਟ ਪੇਂਟਿਗ ਦੇ ਨਾਮ ਦੀ ਬਰਾਬਰੀ ਇਕ ਮੈਲੇ ਪੇਪਰ ਦੇ ਟੁਕੜੇ ਦੇ ਖੰਡਨ ਨਾਲ ਕਰਨਾ। ਇਸ ਤੋਂ ਵੀ ਵੱਧ ਕੇ, ਇਕ ਸਿੱਧ ਮਨੁੱਖ, ਮਸੀਹ ਯਿਸੂ ਦੀ ਮੌਤ, ਦੀ ਬਰਾਬਰੀ ਜਾਂ ਤੁਲਨਾ ਕਿਸੇ ਵੀ ਹੋਰ ਇਨਸਾਨ ਦੀ ਮੌਤ ਨਾਲ ਚੰਗੀ ਤਰਾਂ ਜਾਂ ਪੂਰੀ ਤਰਾਂ ਨਾਲ ਕਦੇ ਵੀ ਨਹੀਂ ਜਾ ਸਕਦੀ।

ਪੁਰਾਣੇ ਨਿਯਮ ਵਿਚ ਅਸੀਂ ਇਕ ਭਵਿੱਖਬਾਣੀ ਜਿਹੜੀ ਸਹੀ ਤਰੀਕੇ ਨਾਲ ਉਸ ਸਰੀਰਕ ਕੁਰੂਪਤਾ ਬਾਰੇ ਭਵਿੱਖਬਾਣੀ ਕਰਦੀ ਹੈ ਜਿਸ ਨੂੰ ਯਿਸੂ ਦੇ ਬਾਅਦ ਵਿਚ ਸਹੇਗਾ ਵੇਖਦੇ ਹਾਂ। ਉੱਥੇ ਸਾਨੂੰ ਦੱਸਿਆ ਗਿਆ ਹੈ ਕਿ ਉਸ ਦਾ ਰੂਪ ਆਦਮ ਵੰਸ ਨਾਲੋਂ ਕਿੰਨਾ ਵਿਗੜਿਆ ਹੋਇਆ ਸੀ (ਯਸਾਯਾਹ 52:14)। ਫੇਰ ਵੀ, ਇਸ ਕਥਨ ਦਾ ਅੰਗਰੇਜ਼ੀ ਦਾ ਅਨੁਵਾਦ ਅਸਲੀ ਇਬਰਾਨੀ ਗੱਲਬਾਤ ਦੇ ਵਿਸ਼ੇ ਦਾ ਪੂਰੀ ਤਰਾਂ ਨਾਲ ਉਤੇਜਿੱਤ ਕਰਨ ਦੀ ਸੂਚਨਾ ਨਹੀਂ ਦਿੰਦੀ ਹੈ। ਉਸ ਕਥਨ ਵਿਚ ਪਰਮੇਸ਼ਰ ਨੇ ਸਪਸ਼ਟ ਕੀਤਾ ਕਿ ਉਸ ਦੇ ਪਿਆਰੇ ਪੁੱਤਰ ਉੱਤੇ ਇੰਨ੍ਹਾਂ ਜਿਆਦਾ ਅਤਿਆਚਾਰ ਕੀਤਾ ਜਾਵੇਗਾ ਕਿ ਉਸ ਦਾ ਰੂਪ ਮਨੁੱਖ ਵਾਂਙੂ ਦਿਖਾਈ

ਨਾ ਦੇਵੇਗਾ। ਮਸੀਹ ਦੇ ਸਰੀਰਕ ਰੂਪ ਦੇ ਅਜਿਹੇ ਖੰਡਨ ਦੀ ਭਵਿੱਖਬਾਣੀ ਯਿਸੂ ਦੇ ਰਾਹੀਂ ਆਪ ਕੀਤੀ ਗਈ ਸੀ।

> *ਵੇਖੋ, ਅਸੀਂ ਯਰੂਸ਼ਲਮ ਨੂੰ ਜਾਂਦੇ ਹਾਂ, ਅਤੇ ਮਨੁੱਖ ਦਾ ਪੁੱਤਰ ਪ੍ਰਧਾਨ ਜਾਜਕਾਂ ਅਤੇ ਗ੍ਰੰਥੀਆਂ ਦੇ ਹੱਥ ਫੜਵਾਇਆ ਜਾਵੇਗਾ, ਅਤੇ ਉਹ ਉਸ ਨੂੰ ਮਾਰ ਸੁੱਟਣ ਦਾ ਹੁਕਮ ਦੇਣਗੇ, ਅਰ ਉਸ ਨੂੰ ਪਰਾਈਆਂ ਕੌਮਾਂ ਦੇ ਹਵਾਲੇ ਕਰਨਗੇ। ਉਹ ਉਸ ਨੂੰ ਠੱਠੇ ਕਰਨਗੇ, ਅਤੇ ਉਸ ਉੱਤੇ ਥੁੱਕਣਗੇ, ਅਤੇ ਕੋਰੜੇ ਮਾਰਨਗੇ, ਅਤੇ ਮਾਰ ਸੁੱਟਣਗੇ ...* (ਮਰਕੁਸ 10:33;34)।

ਅਤੇ ਇਹ ਬਿਲਕੁਲ ਇਸੇ ਤਰਾਂ ਹੋਇਆ। ਬਾਅਦ ਵਿਚ ਮਰਕੁਸ ਨੇ ਉਨ੍ਹਾਂ ਦਾ ਵਰਣਨ ਕੀਤਾ ਜਿਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਇਹ ਸਭ ਵੇਖਿਆ ਸੀ; ਪਹਿਲੇ ਉਨ੍ਹਾਂ ਨੇ ਥੱਪੜ ਮਾਰੇ, ਫੇਰ ਉਸ ਉੱਤੇ ਥੁੱਕਿਆ, ਉਸ ਤੋਂ ਬਾਅਦ ਉਨ੍ਹਾਂ ਨੇ ਉਸ ਦਾ ਠੱਠਾ ਕੀਤਾ ਅਤੇ ਅੰਤ ਵਿਚ ਉਸ ਨੂੰ ਸਲੀਬ ਉੱਤੇ ਚੜ੍ਹਾ ਦਿੱਤਾ (ਮਰਕੁਸ 15:19,20)।

ਰੋਮੀਆਂ ਦੇ ਕੋਰੜੇ ਜਿਨ੍ਹਾਂ ਨੇ ਮੁਕਤੀਦਾਤਾ ਦੇ ਸਰੀਰ ਨੂੰ ਦੁੱਖ ਪਹੁੰਚਾਇਆ ਉਹ ਚਮੜੇ ਦੇ ਤਸਮਿਆਂ ਦੇ ਬਣੇ ਹੋਏ ਸੀ, ਜਿਨ੍ਹਾਂ ਨੂੰ ਹੱਡੀਆਂ ਦੇ ਜਾਂ ਸਿੱਕੇ ਦੇ ਟੁਕੜਿਆਂ ਨਾਲ ਭਾਰਾ ਕੀਤਾ ਹੋਇਆ ਸੀ। ਇਨ੍ਹਾਂ ਕੋਰੜਿਆਂ ਨੇ ਉਸ ਦੀ ਪਿੱਠ ਅਤੇ ਛਾਤੀ ਦੇ ਮਾਸ ਨੂੰ ਕਸ਼ਟਦਾਇਕ ਤਰੀਕੇ ਨਾਲ ਚੀਰ ਦਿੱਤਾ ਸੀ। ਇਸੇ ਕਰਕੇ ਜ਼ਬੂਰਾਂ ਦੀ ਪੋਥੀ ਵਿਚ ਇਹ ਭਵਿੱਖਬਾਣੀ ਕੀਤੀ ਗਈ ਹੈ ਕਿ ਮਸੀਹਾ ਨੇ ਕਿਹਾ: ਉਨ੍ਹਾਂ ਨੇ ਮੇਰੇ ਹੱਥ ਪੈਰ ਵਿੰਨ੍ਹ ਸੁੱਟੇ ਹਨ। ਮੈਂ ਆਪਣੀਆਂ ਸਾਰੀਆਂ ਹੱਡੀਆਂ ਗਿਣ ਸਕਦਾ ਹਾਂ; ਉਹ ਮੈਨੂੰ ਘੂਰ ਘੂਰ ਵੇਖਦੇ ਹਨ (ਜ਼ਬੂਰਾਂ ਦੀ ਪੋਥੀ (22:16-17)। ਹਾਂ, ਪ੍ਰਭੂ ਯਿਸੂ - ਹਰ ਤਰਾਂ ਨਾਲ ਸਿਧ - ਇਕ ਦਰਦਨਾਕ ਅਤੇ ਤੜਪਾਉਣ ਵਾਲੀ ਮੌਤ ਮਰੇ। ਕਠੋਰ ਸਰੀਰਕ ਖੰਡਨ ਜਿਹੜਾ ਵਾਸਤਵ ਵਿਚ ਉਸ ਨੇ ਬਰਦਾਸ਼ਤ ਕੀਤਾ ਉਸ ਨੇ ਸਰੀਰਕ ਰੂਪ ਉਹ ਮਨੁੱਖੀ ਗੁਣਾਂ ਤੋਂ ਰਹਿਤ ਕੀਤਾ ਹੋਇਆ ਸੀ।

ਇਹ ਸਮਝਨ ਵਿਚ ਤੁਹਾਨੂੰ ਕਿੰਨ੍ਹੀ ਸਹਾਇਤਾ ਮਿਲੀ ਹੈ ਕਿ ਪਰਮੇਸ਼ਰ ਤੁਹਾਨੂੰ ਕਿੰਨਾਂ ਪਿਆਰ ਕਰਦਾ ਹੈ?

ਭਾਵਾਤਮਕ ਕਸ਼ਟ : ਬੇਸ਼ਕ ਸਲੀਬ ਚੜ੍ਹਾਏ ਹੋਏ ਪ੍ਰਭੂ ਯਿਸੂ ਦੇ ਸਰੀਰਕ ਕਸ਼ਟ

ਸਾਡੀ ਮਨੁੱਖੀ ਸਮਝ ਤੋਂ ਪਰੇ ਹਨ, ਉਹ ਕੇਵਲ ਉਸ ਦੇ ਵਾਸਤਵਿਕ ਕਸ਼ਟਾਂ ਦਾ ਇਕ ਹਿੱਸਾ ਹੈ। ਉਸ ਦੇ ਸਰੀਰਕ ਦੁੱਖ ਨੇ ਉਸ ਦੀ ਬਹੁਤ ਜਿਆਦਾ ਤੀਬਰ ਵੇਦਨਾ ਦੇ ਕੇਵਲ ਬਾਹਰਲੇ ਹਿੱਸੇ ਨੂੰ ਹੀ ਸਪਰਸ਼ ਕੀਤਾ ਹੈ।

ਸਲੀਬ ਉੱਤੇ ਯਿਸੂ ਨੇ ਬਹੁਤ ਜਿਆਦਾ ਭਾਵਾਤਮਕ ਦਰਦ ਦਾ ਵੀ ਅਨੁਭਵ ਕੀਤਾ। ਯੂਹੰਨਾ ਨੇ ਸਾਡੇ ਲਈ ਉਨ੍ਹਾਂ ਖੌਫਨਾਕ ਘੜੀਆਂ ਦੀ ਘਟਨਾਵਾਂ ਨੂੰ ਦਰਜ ਕੀਤਾ ਹੈ :

> *ਪਰ ਯਿਸੂ ਦੇ ਕੌਲ ਆਣ ਕੇ ਜਾਂ ਉਨ੍ਹਾਂ (ਰੋਮੀ ਸਿਪਾਹੀਆਂ) ਵੇਖਿਆ ਸੀ ਜੋ ਉਹ ਮਰ ਚੁੱਕਿਆ ਹੈ, ਤਾਂ ਉਹ ਦੀਆਂ ਲੱਤਾਂ ਨਾ ਤੋੜੀਆਂ, ਪਰ ਸਿਪਾਹੀਆਂ ਵਿਚੋਂ ਇੱਕ ਨੇ ਬਰਛੀ ਨਾਲ ਉਹ ਦੀ ਵੱਖੀ ਵਿੰਨ੍ਹੀ ਅਤੇ ਉਵੇਂ ਹੀ ਲਹੂ ਅਤੇ ਪਾਣੀ ਨਿੱਕਲਿਆ* (ਯੂਹੰਨਾ 19:33–34)।

ਮੈਂ ਮੈਡੀਕਲ ਅਧਿਕਾਰੀਆਂ ਨੂੰ ਉਨ੍ਹਾਂ ਦੇ ਵਿਸ਼ਵਾਸ ਨੂੰ ਵਿਅਕਤ ਕਰਦੇ ਸੁਣਿਆ ਹੈ ਕਿ ਲਹੂ ਅਤੇ ਪਾਣੀ ਦੋਹਾਂ ਦੀ ਉਪਸਥਿਤੀ ਇਸ ਗੱਲ ਦਾ ਪ੍ਰਮਾਣ ਹੈ ਕਿ ਯਿਸੂ ਦੀ ਮੌਤ ਦਾ ਕਾਰਣ ਉਸ ਦਾ ਟੁੱਟਾ ਹੋਇਆ ਦਿਲ ਸੀ। ਕੁਝ ਦਿਲ ਦੀ ਵਿਦਿਆ ਵਿਚੋਂ ਮਾਹਿਰ ਡਾਕਟਰ ਇਸ ਤੱਤ ਦਾ ਅੱਗੇ ਵਰਣਨ ਕਰਦੇ ਹਨ ਕਿ, ਜਦ ਵਾਸਤਵ ਵਿਚ ਯਿਸੂ ਦਾ ਦਿਲ ਟੁੱਟ ਗਿਆ, ਤਾਂ ਉਸ ਦਾ ਲਹੂ ਉਸ ਦੇ ਦਿਲ ਦੀ ਬਾਹਰੀ ਝਿੱਲੀ ਵਿਚ ਨਿੱਕਲ ਗਿਆ। ਇਹ ਉਸ ਹਕੀਕਤ ਦੀ ਵਿਆਖਿਆ ਕਰਦਾ ਹੈ ਕਿ ਜਦ ਸਿਪਾਹੀ ਨੇ ਮੁਕਤੀਦਾਤਾ ਦੀ ਵੱਖੀ ਨੂੰ ਵਿੰਨ੍ਹਿਆਂ, ਤਾਂ ਲਹੂ ਅਤੇ ਪਾਣੀ ਦੋਵੇਂ ਨਿੱਕਲ ਪਏ। ਜ਼ਬੂਰ ਉਨਹਤੱਰ ਵਿਚ, ਮਸੀਹ ਦੀ ਮੌਤ ਬਾਰੇ ਹੋਰ ਵੀ ਨਿਸ਼ਚਿਤ ਭਵਿੱਖਬਾਣੀਆਂ ਵਿਚ, ਅਸੀਂ ਉਸ ਦੇ ਦਿਲ ਦੀ ਸੱਟ ਕਾਰਣ ਉਸ ਦੇ ਦਿਲ ਦੇ ਟੋਟੇ ਹੋਣ ਦੇ ਪੂਰਵ ਸੰਕੇਤ ਦੀ ਭਵਿੱਖਬਾਣੀ ਬਾਰੇ ਪੜਦੇ ਹਾਂ, ਨਿੰਦਿਆ ਦੇ ਨਾਲ ਮੇਰਾ ਦਿਲ ਟੁੱਟ ਗਿਆ ਹੈ ਅਤੇ ਮੈਂ ਮਾਂਦਾ ਹੋ ਗਿਆ ... (ਜ਼ਬੂਰਾਂ ਦੀ ਪੋਥੀ 69:20)। ਹਾਂ, ਯਿਸੂ ਦੇ ਅੱਕਥ ਭਾਵਾਤਮਕ ਕਸ਼ਟ ਨੇ ਉਸ ਦੇ ਪਿਆਰੇ ਦਿਲ ਨੂੰ ਵਾਸਤਵ ਵਿਚ ਤੋੜ ਦਿੱਤਾ।

ਜਦ ਉਸ ਦੇ ਪਿਆਰ ਦੇ ਆਰਪਾਰ ਮਨੁੱਖ ਜਾਤੀ ਦੇ ਕਸ਼ਟ ਦਾ ਸਮੂਚਾ ਇੱਕਠ ਠਾਠਾਂ ਮਾਰਦਾ ਸੀ, ਅਤੇ ਜਦ ਉਸ ਦੇ ਨਿਸ਼ਕਲੰਕ ਪ੍ਰਾਣ ਉੱਤੇ – ਉਸ ਦਾ ਪ੍ਰਾਣ ਜਿਹੜਾ ਪਾਪੀਆਂ ਤੋਂ ਅੱਡ ਸੀ (ਇਬਰਾਨੀਆਂ 7:26) – ਉਸ ਦੇ

ਉੱਤੇ ਨਾ ਵਿਚਾਰ ਕਰਨ ਯੋਗ, ਖੁਦ ਨਰਕ ਦੀ ਨਾ ਛਪਣ ਯੋਗ ਗੰਦਗੀ ਵਲੇ੍ਹਟੀ ਗਈ, ਪ੍ਰਭੂ ਯਿਸੂ ਇੱਕ ਟੁੱਟੇ ਹੋਏ ਦਿਲ ਨਾਲ ਮਰ ਗਿਆ।

ਕੀ ਇਹ ਤੁਹਾਨੂੰ ਸਮਝਣ ਵਿਚ ਜਿਆਦਾ ਸਹਾਇਤਾ ਕਰਦਾ ਹੈ ਕਿ ਪਰਮੇਸ਼ਰ ਤੁਹਾਨੂੰ ਕਿੰਨ੍ਹਾਂ ਪਿਆਰ ਕਰਦਾ ਹੈ?

**ਆਤਮਿਕ ਕਸ਼ਟ** : ਜਿਆਦਾਤਰ ਲੋਕ ਪ੍ਰਭੂ ਯਿਸੂ ਦੇ ਸਰੀਰਕ ਅਤੇ ਭਾਵਾਤਮਕ ਕਸ਼ਟ ਜਿਆਦਾ ਆਸਾਨੀ ਨਾਲ ਸਮਝ ਸਕਦੇ ਹਨ ਬਜਾਏ ਕਿ ਉਹ ਉਸ ਦੀ ਆਤਮਿਕ ਪੀੜਾ ਨੂੰ ਸਮਝ ਸਕਣ। ਫੇਰ ਵੀ, ਨਿਸ਼ਚਿਤ ਤੌਰ ਤੇ, ਸਭ ਤੋਂ ਵੱਡੀ ਪੀੜਾ ਜਿਹੜੀ ਯਿਸੂ ਨੇ ਬਰਦਾਸ਼ਤ ਕੀਤੀ ਉਹ ਸੀ ਜਦ ਉਸ ਦੀ ਹਮੇਸ਼ਾ ਦੀ ਸੰਗਤੀ ਪਿਤਾ ਨਾਲ ਅਤੇ ਪਵਿੱਤਰ ਆਤਮਾ ਨਾਲ ਟੁੱਟ ਗਈ।

ਦੋਪੈਹਰ 12 ਵਜੇ ਤੋਂ ਤਿੰਨ ਵਜੇ ਤਕ – ਤਿੰਨ ਘੰਟੇ ਦੇ ਉਜਾੜ ਅੰਧਕਾਰ ਵਿਚ – ਯਿਸੂ ਪਿਤਾ ਪਰਮੇਸ਼ਰ ਅਤੇ ਪਵਿੱਤਰ ਆਤਮਾ ਪਰਮੇਸ਼ਰ ਦੇ ਰਾਹੀਂ ਤਿਆਗ ਦਿੱਤਾ ਗਿਆ ਸੀ। ਉਸ ਸਮੇਂ ਦੇ ਦੋਰਾਨ, ਯਿਸੂ – ਪੁੱਤਰ ਪਰਮੇਸ਼ਰ ਨੇ – ਉੱਚੀ ਅਵਾਜ਼ ਨਾਲ ਪੁਕਾਰਿਆ : *ਹੇ ਮੇਰੇ ਪਰਮੇਸ਼ਰ, ਹੇ ਮੇਰੇ ਪਰਮੇਸ਼ਰ, ਤੂੰ ਮੈਨੂੰ ਕਿਉਂ ਛੱਡ ਦਿੱਤਾ?''* (ਮੱਤੀ 27:46)।

ਉਸ ਤ੍ਰਿਭਕਾਉਣ ਵਾਲੇ ਦਿਨ, ਹਮੇਸ਼ਾ ਰਹਿਣ ਵਾਲੀ ਤ੍ਰਿਏਕ ਪਰਮੇਸ਼ਰ ਦੀ ਏਕਤਾ (ਜਿਸ ਨੇ ਹਮੇਸ਼ਾ ਉਸ ਦਾ ਅਕੱਥ ਜੋਤੀ ਨੂੰ ਗਲ ਨਾਲ ਲਾਇਆ ਸੀ) ਅੱਡ ਕਰ ਦਿੱਤਾ। ਤੁਹਾਡੇ ਅਤੇ ਮੇਰੇ ਪਾਪਾਂ ਰਾਹੀਂ ਅੱਡ ਕੀਤਾ ਗਿਆ। ਨਤੀਜੇ ਵਜੋਂ, ਜਦ ਯਿਸੂ ਸਲੀਬ ਦੇ ਉੱਤੇ ਲਟਕਿਆ ਹੋਇਆ ਸੀ, ਪਰਮੇਸ਼ਰ ਉਸ ਪਾਪ ਨਾਲ ਨਾ ਰਹਿ ਸਕਿਆ, ਜਿਹੜੇ ਆਪਣੇ ਪਾਪ ਰਹਿਤ ਸਰੀਰ ਵਿਚ, ਉਸ ਨੇ ਚੁੱਕੇ ਹੋਏ ਸਨ, ਕਿਉਂਕਿ ਪਰਮੇਸ਼ਰ ਨੇ ''*ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖਾਤਰ ਪਾਪ ਠਹਿਰਾਇਆ ...*'' (2ਕੁਰਿੰਥੀਆਂ 5:21)।

ਇਸ ਲਈ, ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਜਦ, ਯਿਸੂ ਮਰ ਗਿਆ, ਇਹ ਦੁਸ਼ਟਤਾਪੂਰਣ ਸੰਸਾਰ ਪੂਰੇ ਤਿੰਨ ਘੰਟੇ ਲਈ ਅਨ੍ਹੇਰਾ ਛਾਇਆ ਰਿਹਾ।

ਸੂਰਗ ਅੰਧਕਾਰ ਵਿਚ ਛੁੱਪ ਗਿਆ
ਅਤੇ ਆਪਣੀ ਸ਼ਾਨ ਨੂੰ ਅਲੱਗ ਕਰ ਦਿੱਤਾ
ਜਦ ਮਸੀਹ,ਬਣਾਉਣ ਵਾਲਾ ਸ਼ਕਤੀਮਾਨ, ਮਰ ਗਿਆ

ਮਨੁੱਖ ਲਈ ਪ੍ਰਾਣੀ ਦੇ ਪਾਪ ਲਈ – ਆਈਜ਼ਕ ਵਾਟਸ (1674–1748)

''ਪਰਮੇਸ਼ਰ ਚਾਨਣ ਹੈ ਅਤੇ ਅਨ੍ਹੇਰਾ ਉਹ ਦੇ ਵਿਚ ਮੂੱਲੋਂ ਨਹੀਂ'' (1ਯੂਹੰਨਾ 1:5)। ਪਰਮੇਸ਼ਰ ਦੀ ਪਵਿੱਤਰਤਾ ਦੀ ਜੋਤੀ ਅਤੇ ਮਨੁੱਖ ਦੇ ਅਨ੍ਹੇਰੇ ਦੇ ਪਾਪ ਕਦੇ ਵੀ ਇੱਕਠੇ ਨਹੀਂ ਰਹਿ ਸਕੇ। ਜਿਵੇਂ ਜਦ ਤੁਸੀਂ ਰੋਸ਼ਨੀ ਜਗਾਉਂਦੇ ਹੋ ਤਾਂ ਅਨ੍ਹੇਰਾ ਗਾਇਬ ਹੋ ਜਾਂਦਾ ਹੈ, ਇਸ ਲਈ ਅਨ੍ਹੇਰਾ ਪ੍ਰਬਲ ਹੁੰਦਾ ਹੈ ਜਦ ਤੁਸੀਂ ਰੋਸ਼ਨੀ ਬੁਝਾ ਦਿੰਦੇ ਹੋ। ਇਹ ਅਨ੍ਹੇਰਾ ਸੀ ਜਿਹੜਾ ਪ੍ਰਬਲ ਸੀ ਜਦ ਯਿਸੂ ਨੇ ਗੁਆਚੀ ਹੋਈ ਮਨੁੱਖ ਜਾਤ ਦੇ ਪਾਪ ਨੂੰ ਚੁੱਕ ਲਿਆ।

ਅਫਸੋਸ ਦੀ ਗੱਲ ਹੈ ਇਹ ਆਤਮਿਕ ਅਨ੍ਹੇਰਾ ਹਰੇਕ ਵਿਅਕਤੀ ਦੀ ਹਮੇਸ਼ਾ ਦੀ ਸਥਿਤੀ ਹੋਵੇਗਾ ਜਿਹੜਾ ਪਰਮੇਸ਼ਰ ਦੇ ਛੁਟਕਾਰੇ ਦੇ ਪਿਆਰ ਦੀ ਰੋਸ਼ਨੀ ਤੋਂ ਦੂਰ ਹੋ ਜਾਂਦਾ ਹੈ। ਅਨ੍ਹੇਰਾ ਜਿਹੜਾ ਅੱਧੀ ਰਾਤ ਤੋਂ ਵੀ ਘਣਾ ਹੈ। ਕੈਦ ਦੇ ਇਕਾਂਤ ਨਾਲੋਂ ਵੀ ਇੱਕਲਾਪਣ, ਅਤੇ ਸਮੇਂ ਤੋਂ ਵੀ ਲੰਮਾ। ਅਤੇ ''ਦੋਸ਼ੀ ਠਹਿਰਣ ਦਾ ਇਹ ਕਾਰਣ ਹੈ, ਕਿ ਚਾਨਣ ਜਗਤ ਵਿਚ ਆਇਆ, ਅਤੇ ਮਨੁੱਖਾਂ ਨੇ ਇਸ ਲਈ ਭਈ ਉਨ੍ਹਾਂ ਦੇ ਕੰਮ ਭੈੜੇ ਸਨ, ਅਨ੍ਹੇਰੇ ਨੂੰ ਚਾਨਣ ਨਾਲੋਂ ਵਧੀਕ ਪਿਆਰ ਕੀਤਾ।'' (ਯੂਹੰਨਾ 3:19)। ਯਿਸੂ ਤੋਂ ਦੂਰ ਜਾਣ ਦਾ ਨਤੀਜਾ ਆਤਮਿਕ ਅਨ੍ਹੇਰਾ ਅਤੇ ਮੌਤ ਹੈ – ਆਤਮਿਕ ਮੌਤ ਅਤੇ ਹਮੇਸ਼ਾ ਦੀ ਮੌਤ ਹੈ। ਯਿਸੂ ਵੱਲ ਮੁੜਣ ਦਾ ਨਤੀਜਾ ਜੀਵਨ ਹੈ – ਆਤਮਿਕ ਜੀਵਨ ਅਤੇ ਹਮੇਸ਼ਾ ਦਾ ਜੀਵਨ।

ਵਿਜੇਤਾ ਦੀ ਪੁਕਾਰ

ਖੁਸ਼ੀ ਦੀ ਖਬਰ ਇਹ ਹੈ ਕਿ ਜਿਵੇਂ ਉਹ ਤਿੰਨ ਅਨ੍ਹੇਰੇ ਦੇ ਉਜਾੜ ਘੰਟੇ ਖਤਮ ਹੋਣ ਤੇ ਸੀ, ਯਿਸੂ ਨੇ ਦੁੱਖ ਨਾਲ ਅਫਸੋਸ ਪ੍ਰਗਟ ਕਰਦੇ ਹੋਏ ਨਹੀਂ ਕਿਹਾ, *''ਪੂਰਾ ਹੋਇਆ ਹੈ।'' ਨਿਸ਼ਚਿਤ ਤੌਰ ਤੇ ਨਹੀਂ। ਪਿਆਰ ਦੇ ਛੁਟਕਾਰੇ ਦਾ ਕੰਮ ਪੂਰਾ ਹੋ ਚੁੱਕਿਆ ਸੀ। ਇਸ ਲਈ ਉਸ ਨੇ ਹੁਣ ਜਿੱਤ ਦਾ ਅਨੰਦ ਲੈਂਦੇ ਹੋਏ ਐਲਾਨ ਕੀਤਾ ''ਪੂਰਾ ਹੋਇਆ ਹੈ"* (ਯੂਹੰਨਾ 19:30)।

ਤੁਹਾਡੇ ਅਤੇ ਮੇਰੇ ਪਾਪ ਦੀ ਕੀਮਤ ਪੂਰੀ ਤਰਾਂ ਚੁੱਕਾ ਦਿੱਤੀ ਗਈ। ਪੂਰਾ ਹੋ ਗਿਆ।

ਫੇਰ, ਆਪਣੇ ਛੁਟਕਾਰੇ ਦੇ ਕੰਮ ਨੂੰ ਪੂਰਾ ਜੋਤੀ ਦੀ ਸੰਗਤੀ ਜਿਸ ਦਾ ਪ੍ਰਭੂ ਯਿਸੂ ਨੇ ਤ੍ਰਿਏਕ ਪਰਮੇਸ਼ਰ ਨਾਲ ਹਮੇਸ਼ਾ ਅਨੰਦ ਮਨਾਇਆ ਸੀ ਉਹ ਮੁੜ ਸਥਾਪਿਤ ਹੋ ਗਈ (ਯੂਹੰਨਾ 17:5)। ਹੁਣ ਤੁਹਾਡੇ ਅਤੇ ਮੇਰੇ ਲਈ ਪਾਪ ਦੀ

ਕੋਈ ਵੀ ਕੀਮਤ ਚੁਕਾਉਣੀ ਬਾਕੀ ਨਹੀਂ ਰਹੀ। ਅਤੇ ਹੁਣ ਤੁਹਾਡੇ ਵੱਲੋਂ ਯਿਸੂ ਦੇ ਪੂਰੇ ਕੀਤੇ ਹੋਏ ਕੰਮ ਨੂੰ ਸ਼ਤਾਨ ਬਿਲਕੁਲ ਵੀ ਰੱਦ ਨਹੀਂ ਕਰ ਸਕਦਾ। ਜ਼ਹਰੀਲੇ ਸੱਪ, ਸ਼ਤਾਨ ਦੇ ਡੰਗ ਨੂੰ ਨਿਸ਼ਪ੍ਰਭਾਵ ਕਰ ਦਿੱਤਾ।

ਮੌਤ ਨੇ ਮੌਤ ਦੇ ਰਾਜਕੁਮਾਰ ਉੱਤੇ ਜਿੱਤ ਪਾ ਲਈ।

ਪਰਮੇਸ਼ਰ ਨੇ ਆਪਣੇ ਆਪ ਨੂੰ 'ਮਾਸ ਅਤੇ ਲਹੂ' ਦੇ ਕਪੜਿਆਂ ਨਾਲ ਢੱਕਣ ਦਾ ਕਾਰਣ ਕੇਵਲ ਇਹ ਨਹੀਂ ਕਿ ਉਹ ਤੁਹਾਡੇ ਅਤੇ ਪਾਪਾਂ ਲਈ ਮਰ ਸਕੇ, ਪਰ ਇਹ ਵੀ ਕਿ: ਮੌਤ ਦੇ ਰਾਹੀਂ ਉਹ ਉਸ ਨੂੰ ਜਿਹ ਦੇ ਵੱਸ ਵਿਚ ਮੌਤ ਹੈ, ਅਰਥਾਤ, ਸ਼ਤਾਨ ਨੂੰ ਨਾਸ ਕਰੇ (ਇਬਰਾਨੀਆਂ 2:14)।

ਜਿਵੇਂ ਦਾਊਦ ਨੇ ਗੋਲਿਅਥ ਦੀ ਆਪਣੀ ਤਲਵਾਰ ਦੇ ਨਾਲ ਸੱਟ ਮਾਰ ਕੇ ਬੇਹੋਸ਼ ਕੀਤੇ ਗੋਲਿਅਥ ਨੂੰ ਨਾਸ ਕਰ ਦਿੱਤਾ, ਉਸੇ ਤਰਾਂ ਯਿਸੂ ਨੇ ਸ਼ਤਾਨ ਦੇ ਆਪਣੇ ਹਥਿਆਰ – ਮੌਤ – ਨੂੰ ਲੈ ਕੇ ਉਸ ਦਾ ਇਸਤੇਮਾਲ ਉਸ ਨੂੰ ਪੂਰੀ ਤਰਾਂ ਹਰਾਉਣ ਲਈ ਕੀਤਾ। ਯਿਸੂ ਮਨੁੱਖਾਂ ਦਾ – ਆਦਮੀਆਂ ਅਤੇ ਔਰਤਾਂ ਦਾ ਸੱਚਾ ਛੁਟਕਾਰਾ ਦੇਣ ਵਾਲਾ ਹੈ। ਕੇਵਲ ਇੱਕੋ ਉਹੀ ਜਿਹੜਾ ਲੋਕਾਂ ਨੂੰ ਹਮੇਸ਼ਾ ਦੀ ਮੌਤ ਅਤੇ ਆਤਮਿਕ ਗੁਲਾਮੀ ਤੋਂ ਆਜ਼ਾਦ ਕਰਨ ਦੇ ਯੋਗ ਹੈ – ਗੁਲਾਮੀ ਜਿਸ ਦਾ ਇਰਾਦਾ ਸ਼ਤਾਨ ਨੇ ਹਰੇਕ ਮਨੁੱਖ ਲਈ ਰੱਖਿਆ ਹੋਇਆ ਹੈ, ਜਿਸ ਨੇ ਆਪ ਵੀ ਪਰਮੇਸ਼ਰ ਦੇ ਵਿਰੁੱਧ ਬਲਵਾ ਕੀਤਾ ਜਿਸ ਨੇ ਮਨੁੱਖ ਜਾਤੀ ਨੂੰ ਆਪਣੇ ਹੀ ਸਰੂਪ ਉੱਤੇ ਰੱਚਿਆ ਸੀ।

ਇਹ ਵਾਸਤਵ ਮਾਸ ਅਤੇ ਵਾਸਤਵ ਹੱਡੀਆਂ ਦਾ ਉਸ ਦਾ ਆਪਣਾ ਮਨੁੱਖੀ ਸਰੀਰ ਸੀ ਜਿਸ ਵਿਚ ਯਿਸੂ ਨੇ ਸ਼ਤਾਨ ਨੂੰ ਹਰਾਇਆ, ਮੌਤ ਤੇ ਜਿੱਤ ਹਾਸਿਲ ਕੀਤੀ ਅਤੇ ਕਬਰ ਵਿਚੋਂ ਜੀ ਉੱਠਿਆ। ਫੇਰ ਅਸੀਂ ਉਸ ਦੇ ਸੁਰਗ ਵਿਚ ਚੁੱਕੇ ਜਾਣ ਬਾਰੇ ਪੜਦੇ ਹਾਂ, ਜਿੱਥੇ ਯਿਸੂ ਨੇ ਆਗੂ ਬਣ ਕੇ ਸਾਡੇ ਲਈ ਪਰਵੇਸ਼ ਕੀਤਾ (ਇਬਰਾਨੀਆਂ 6:20)। ਪਹਿਲੀ ਕਾਰ ਮਨੁੱਖ – ਇਕ **ਨਿਰਦੋਸ਼ ਪਾਪਰਹਿਤ, ਸਿੱਧ ਮਨੁੱਖ** – ਸੁਰਗ ਵਿਚ ਦਾਖਲ ਹੋਇਆ। ਸਲੀਬ ਉੱਤੇ ਆਪਣੀ ਮੌਤ ਦੇ ਕਾਰਣ ਉਸ ਨੇ ਹੁਣ ਅਨੁਸਰਣ ਕਰਨ ਲਈ ਦੂਜਿਆਂ ਲਈ ਇਕ ਮਾਰਗ ਖੋਲ ਦਿੱਤਾ ਹੈ।

ਆਪਣੇ ਦਿਨ ਵਿਚ ਚਾਰਲਸ ਵੈਸਲੀ ਕਾਇਲ ਸੀ ਕਿ ਪਰਮੇਸ਼ਰ ਨੇ ਵਾਸਤਵ ਵਿਚ ਉਸ ਨੂੰ ਪਿਆਰ ਕੀਤਾ ਹੈ ਜਦ ਉਸ ਨੇ ਲਿਖਿਆ ''ਵਿਸਮਯਕਾਰੀ ਪਿਆਰ : ਇਹ ਕਿਵੇਂ ਹੋ ਸਕਦਾ ਹੈ; ਕਿ ਤੂੰ, ਮੇਰੇ ਪਰਮੇਸ਼ਰ, ਮੇਰੇ ਲਈ ਮਰ ਜਾਵੇਂ?''

ਪਰ ਹੁਣ ਮਸੀਹ ਜੀ ਉੱਠਿਆ ਹੈ

ਪਰ ਵਾਸਤਵਿਕਤਾ ਇਹ ਹੈ ਕਿ ਮਸੀਹ (ਮਸੀਹਾ) ਤਾਂ ਮੁਰਦਿਆਂ ਵਿਚੋਂ ਜੀ ਉੱਠਿਆ ਹੈ, ਅਤੇ ਸੁੱਤਿਆ (ਮੌਤ ਵਿਚ) ਹੋਇਆਂ ਦਾ ਪਹਿਲਾ ਫਲ ਹੈ। ਜਾਂ ਮਨੁੱਖ ਦੇ ਰਾਹੀਂ ਮੌਤ ਹੋਈ ਕਿ (ਮੌਤ ਜਗਤ ਦੇ ਵਿਚ ਆਈ) ਤਾਂ ਮਨੁੱਖ ਹੀ ਦੇ ਰਾਹੀਂ ਮੁਰਦਿਆਂ ਦੀ ਕਿਆਮਤ ਵੀ ਹੋਈ (1ਕੁਰਿੰਥੀਆਂ 15:20–21)।

ਸੁਵਰਗੀ ਡਾਕਟਰ ਸੈਂਗਸਟਰ ਬਹੁਤ ਹੀ ਗੁਣੀ ਭਾਸ਼ਣ ਦੇਣ ਵਾਲਿਆਂ ਵਿਚੋਂ ਇਕ ਸੀ ਜਿਸ ਨੂੰ ਮੈਂ ਸੁਣਿਆ ਹੈ। ਉਹ ਆਪਣੀ ਬਹੁਤ ਚੰਗੀ ਜੀਭ ਦਾ ਇਸਤੇਮਾਲ ਆਪਣੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਬਾਰੇ ਬੋਲਣ ਵਿਚ ਬਹੁਤ ਆਨੰਦਿਤ ਹੁੰਦਾ ਸੀ। ਵਿਅੰਗਮਈ, ਉਸ ਦੀ ਮੌਤ ਤੋਂ ਪਹਿਲਾਂ, ਮੂੰਹ ਦੇ ਵਿਚ ਕੈਂਸਰ ਹੋਣ ਕਰਕੇ, ਡਾਕਟਰ ਸੈਂਗਸਟਰ ਦਾ ਬੋਲਣਾ ਪੂਰੀ ਤਰਾਂ ਬੰਦ ਹੋ ਚੁੱਕਿਆ ਸੀ। ਸੁਰਗ ਜਾਣ ਤੋਂ ਥੋੜਾ ਚਿਰ ਪਹਿਲਾਂ, ਸੰਕੇਤ ਨਾਲ ਉਸ ਨੇ ਆਪਣੀ ਪੁੱਤਰੀ ਕੋਲੋਂ ਪੈਂਸਿਲ ਅਤੇ ਪੇਪਰ ਮੰਗਾਏ। ਉਸ ਈਸਟਰ ਐਤਵਾਰ ਦੀ ਸਵੇਰੇ ਉਸ ਨੇ ਲਿਖਿਆ, ''ਜੀਭ ਦਾ ਨਾ ਹੋਣਾ ਅਤੇ ਤੀਬਰ ਇੱਛਾ ਨਾਲ ਜ਼ੋਰ ਦੀ ਬੋਲਣਾ (ਮਸੀਹ ਜੀ ਉੱਠਿਆ ਹੈ ਚੰਗਾ ਹੈ, ਬਜਾਏ ਇਸ ਦੇ ਕਿ ਜੀਭ ਦਾ ਹੋਣਾ ਅਤੇ ਜ਼ੋਰ ਦੀ ਬੋਲਣ ਦੀ ਇੱਛਾ ਦਾ ਨਾ ਹੋਣਾ।''

ਜਦ ਪ੍ਰੇਰਿਤ ਪੌਲੁਸ ਰਾਜਾ ਅਗ੍ਰਿੱਪਾ ਦੇ ਸਾਹਮਣੇ ਝੂਠੇ ਦੋਸ਼ਾਂ ਦੇ ਵਿਰੁੱਧ ਆਪਣਾ ਸਮੱਰਥਣ ਕਰਨ ਲਈ ਪੇਸ਼ ਹੋਇਆ, ਉਸ ਨੇ ਉਨ੍ਹਾਂ ਦਾ ਧਿਆਨ ਮਸੀਹ ਦੇ ਦੁੱਖ ਅਤੇ ਜੀ ਉੱਠਣ ਦੋਹਾਂ ਵੱਲ ਖਿੱਚਿਆ, ''ਕਿ ਮਸੀਹ ਦੁੱਖ ਝੱਲੇ ,'' ਉਸ ਨੇ ਕਿਹਾ, ''ਅਤੇ ਪਹਿਲਾਂ ਉਹ ਮੁਰਦਿਆਂ ਦੇ ਜੀ ਉੱਠਣ ਤੋਂ ਐਸ ਕੌਮ ਅਤੇ ਪਰਾਈਆਂ ਕੌਮਾਂ ਨੂੰ ਵੀ ਚਾਨਣ ਦਾ ਪ੍ਰਚਾਰ ਕਰੇ'' (ਰਸੂਲਾਂ ਦੇ ਕਰਤੱਬ 26:23)।

ਫੇਰ ਵੀ, ਪ੍ਰਭੂ ਯਿਸੂ ਮਸੀਹ ਦੇ ਜੀ ਉੱਠਣ ਤੋਂ ਪਹਿਲਾਂ, ਨਵੇਂ ਨੇਮ ਵਿਚ ਇਹ ਰਿਕਾਰਡ ਕੀਤਾ ਗਿਆ ਹੈ ਕਿ ਦੂਜੇ ਮਰੇ ਹੋਏ ਲੋਕ ਸਰੀਰਕ ਰੂਪ ਨਾਲ ਜੀ ਉੱਠੇ। ਇਨ੍ਹਾਂ ਵਿਚੋਂ ਲਾਜ਼ਰ ਅਤੇ ਜੈਰੂਸ ਦੀ ਬੇਟੀ ਅਤੇ ਨਾਇਨ ਦੀ ਵਿਧਵਾ ਦਾ ਬੇਟਾ ਵੀ। ਬੇਸ਼ਕ ਯਿਸੂ ਨੇ ਚਮਤਕਾਰ ਕਰਕੇ ਇਨ੍ਹਾਂ ਲੋਕਾਂ ਨੂੰ ਸਰੀਰਕ ਤੌਰ ਤੇ ਜੀਵਨ ਦਿੱਤਾ ਸੀ ਪਰ ਕੁਝ ਸਾਲਾਂ ਬਾਅਦ ਉਹ ਫੇਰ ਮਰ ਗਏ। ਪਰ ਅਜਿਹਾ ਪ੍ਰਭੂ ਯਿਸੂ ਮਸੀਹ ਦੇ ਨਾਲ ਨਹੀਂ ਸੀ। ਅੱਜ ਉਹ ਸਿਰਫ ਸਰੀਰਕ

ਤੌਰ ਤੇ ਹੀ ਜਿੰਦਾ ਨਹੀਂ ਹੈ, ਪਰ ਆਤਮਿਕ ਤੌਰ ਤੇ ਅਤੇ ਹਮੇਸ਼ਾ ਦੇ ਲਈ ਵੀ ਜਿੰਦਾ ਹੈ। ਵਾਸਤਵ ਵਿਚ ਉਹ ਪਹਿਲਾ ਸੀ ਜਿਹੜਾ ਮੁਰਦਿਆਂ ਵਿਚੋਂ ਜੀ ਉੱਠਿਆ ਸੀ।

ਜੀਵਨ ਦੇ ਕਰਤਾ ਨੂੰ ਕਬਰ ਮੌਤ ਅਤੇ ਖਰਾਬ ਹੋਣ ਨੂੰ ਕਿਵੇਂ ਕੈਦ ਕਰ ਸਕਦੀ ਸੀ? ਕਿਉਂਕਿ ਪ੍ਰਭੂ ਯਿਸੂ ਮਸੀਹ ਹੀ ਰਚਨਾਕਰਤਾ ਪਰਮੇਸ਼ਰ ਹੈ, ਉਹ ਨਗੂਣੇ ਵਿਚੋਂ ਜੀਵਨ ਨੂੰ ਲੈ ਆਇਆ। ਕਿਉਂਕਿ ਇੱਕ ਸਿੱਧ ਮਨੁੱਖ ਹੁੰਦੇ ਹੋਏ ਯਿਸੂ ਹੀ ਮੁਕਤੀਦਾਤਾ ਪਰਮੇਸ਼ਰ ਹੈ ਉਹ ਕਬਰ ਵਿਚੋਂ ਜੀਵਨ ਨੂੰ ਲੈ ਆਇਆ ਅਤੇ ਹਰੇਕ ਵਿਅਕਤੀ ਲਈ ਜਿਹੜਾ ਉਸ ਨੂੰ ਵਿਸ਼ਵਾਸ ਰਾਹੀਂ ਗਰੈਹਣ ਕਰਦਾ ਹੈ ਉਸ ਲਈ ਸੁਰਗ ਦਾ ਰਸਤਾ ਤਿਆਰ ਕਰਦਾ ਹੈ। ਉਨ੍ਹਾਂ ਲਈ ਇਹ ਪ੍ਰਤਿਗਿਆ ਕੀਤੀ ਗਈ ਹੈ :

> ''*ਪਰੰਤੂ ਪਰਮੇਸ਼ਰ ਨੇ, ਜਿਹੜਾ ਦਯਾ ਦਾ ਧਨੀ ਹੈ, ਆਪਣੇ ਉਸ ਵੱਡੇ ਪ੍ਰੇਮ ਕਰਦੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ, ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸੀ, ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ) ਅਤੇ ਉਹ ਨੇ ਸਾਨੂੰ ਉਸ ਦੇ ਨਾਲ ਉਠਾਇਆ, ਅਰ ਸਾਨੂੰ ਮਸੀਹ ਯਿਸੂ ਵਿਚ, ਸੁਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਲਿਆ*'' (ਅਫਸੀਆਂ 2:4–6)।

ਕੁਰਿੰਥੀਆਂ ਦੇ ਸ਼ਹਿਰ ਦੇ ਵਿਸ਼ਵਾਸੀਆਂ ਨੂੰ ਲਿਖਦੇ ਹੋਏ, ਪੌਲੁਸ ਰਸੂਲ ਨੇ ਉਨ੍ਹਾਂ ਨੂੰ ਯਾਦ ਕਰਾਇਆ ਕਿ ਉਹ ਆਪਣੇ ਪਾਪਾਂ ਦੇ ਪ੍ਰਭਾਉ ਤੋਂ ਬਚਾਏ ਜਾ ਚੁੱਕੇ ਹਨ ਕਿਉਂਕਿ ਉਨ੍ਹਾਂ ਨੇ ਉਸ ਨੂੰ ਸਵੀਕਾਰ ਕੀਤਾ ਹੈ (ਅਨੁਸਰਣ ਕੀਤਾ ਹੈ; ਵਿਚ ਭਰੋਸਾ ਰੱਖਿਆ ਹੈ ਅਤੇ ਉਸ ਉੱਤੇ ਬਣੇ ਰਹੇ ਹਨ) ਮਸੀਹ ਪੁਸਤਕਾਂ ਦੇ ਅਨੁਸਾਰ ਸਾਡਿਆਂ ਪਾਪਾਂ ਦੇ ਕਾਰਣ ਮੋਇਆ, ਅਤੇ ਇਹ ਕਿ ਦੱਬਿਆ ਗਿਆ, ਅਤੇ ਇਹ ਕਿ ਪੁਸਤਕਾਂ ਦੇ ਅਨੁਸਾਰ ਤੀਜੇ ਦਿਹਾੜੇ ਜੀ ਉੱਠਿਆ (1ਕੁਰਿੰਥੀਆਂ 15:3–4)। ਅੱਜ, ਹਰੇਕ ਸੱਚਾ ਵਿਸ਼ਵਾਸੀ ਉਸ ਮਹਿਮਾਮਈ ਤੱਥ ਉੱਤੇ ਵਿਸ਼ਵਾਸ ਕਰਦਾ ਹੈ ਕਿ ''ਮਸੀਹ ਮੇਰੇ ਪਾਪਾਂ ਲਈ ਮਰਿਆ; ਅਤੇ ਜੀ ਉੱਠਿਆ, ਅਤੇ ਮੈਨੂੰ ਉਸ ਵਿਚ ਨਵਾਂ ਜੀਵਨ ਦਿੰਦਾ ਹੈ।''

ਪਹਿਲੇ ਦਿਨ ਤੋਂ ਲੈ ਕੇ ਤੀਜੇ ਦਿਨ ਤਕ

ਹੁਣ, ਤੁਸੀਂ ਹੈਰਾਨ ਹੋ ਰਹੇ ਹੋਵੋਗੇ, ''ਕਿ ਉਸ ਸਮੇਂ ਦੇ ਵਿਚਾਰ ਪ੍ਰਭੂ ਯਿਸੂ ਨਾਲ ਕੀ ਹੋਇਆ ਹੋਵੇਗਾ ਜਦ ਉਸ ਨੂੰ ਸਲੀਬ ਚੜ੍ਹਾਇਆ ਗਿਆ ਅਤੇ ਤਿੰਨ ਦਿਨਾਂ ਬਾਅਦ ਜਦ ਉਹ ਕਬਰ ਵਿਚੋਂ ਜੀ ਉੱਠਿਆ? ਅਜਿਹੇ ਪ੍ਰਸ਼ਨ ਦੀ ਆਸ ਰੱਖਦੇ ਹੋਏ, ਪਰਮੇਸ਼ਰ ਨੇ ਇਸ ਉੱਤਰ ਨੂੰ ਵਿਅਕਤ ਕੀਤਾ ਹੈ :

> *ਹੁਣ ਇਸ ਗੱਲ ਦਾ ਭਈ 'ਉਹ ਚੜ੍ਹਿਆ' ਇਸ ਤੋਂ ਬਿਨ੍ਹਾਂ ਹੋਰ ਕੀ ਭਾਵ ਹੈ ਜੋ ਉਹ ਧਰਤੀ ਦੇ ਹੇਠਲਿਆਂ ਥਾਵਾਂ, ਵਿਚ ਉਤਰਿਆ ਵੀ ਸੀ? ਜਿਹੜਾ ਉਤਰਿਆ ਸੋ ਉਹੋ ਹੈ ਜੋ ਸਾਡੇ ਅਕਾਸ਼ਾਂ ਦੇ ਉਤਾਹਾਂ ਚੜ੍ਹਿਆ ਵੀ ਸੀ, ਭਈ ਸੱਭੋ ਕੁਝ ਭਰਪੂਰ ਕਰੇ* (ਅਫਸੀਆਂ 4:9–10)।

ਹਾਂ ਬਾਈਬਲ ਸਾਨੂੰ ਦੱਸਦੀ ਹੈ ਕਿ ਸੁਰਗ ਵਿਚ ਚੜ੍ਹਣ ਤੋਂ ਪਹਿਲਾਂ, ਪ੍ਰਭੂ ਯਿਸੂ ਮਸੀਹ ਵਾਸਤਵ ਵਿਚ ਧਰਤੀ ਦੇ ਹੇਠਲਿਆਂ ਥਾਵਾਂ ਵਿਚ ਉਤਰਿਆ ਸੀ। ਉਸ ਤੋਂ ਬਾਅਦ ਪੁਰਾਣੇ ਨਿਯਮ ਦੇ ਸੰਤਾਂ (ਜਿਹੜੇ ਵਿਸ਼ਵਾਸ ਕਰਦੇ ਹੋਏ ਮਰ ਗਏ) ਦੀ ਅਗਵਾਈ ਉਸ ਦੀ ਜਿੱਤ ਦੀ ਸਿੱਖਿਆ ਦੇ ਕੇ ਉਹ ਸੁਰਗ ਵਿਚ ਚੜ੍ਹ ਗਿਆ। ਅੱਜ, ਹਰ ਵਿਸ਼ਵਾਸੀ ਖੁਸ਼ੀ ਨਾਲ ਇਹ ਯਕੀਨ ਕਰਦਾ ਹੈ ਕਿ ਮੌਤ ਦਾ ਦਰਵਾਜ਼ਾ ਵਾਸਤਵ ਵਿਚ ਉਸਦੇ ਲਈ ਮਹਿਮਾ ਦਾ ਰਸਤਾ ਹੈ। ਮਸੀਹ ਨੇ ਆਪ ਹੀ ਸਰੀਰਕ ਅਤੇ ਆਤਮਿਕ ਮੌਤ ਉੱਤੇ ਸਾਡੇ ਵੱਲੋਂ, ਚਮਤਕਾਰੀ ਰੂਪ ਨਾਲ ਜਿੱਤ ਪ੍ਰਾਪਤ ਕੀਤੀ ਹੈ।

> *ਹੇ ਮੌਤ ਤੇਰਾ ਡੰਗ ਕਿੱਥੇ ਹੈ? ਹੇ ਮੌਤ ਤੇਰੀ ਫਤਹ ਕਿੱਥੇ ਹੈ? ਮੌਤ ਦਾ ਡੰਗ ਪਾਪ ਹੈ; ਅਤੇ ਪਾਪ ਦਾ ਬਲ ਸ਼ਰਾ ਹੈ। ਪਰ ਧੰਨਵਾਦ ਹੈ ਪਰਮੇਸ਼ਰ ਦਾ, ਸੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ* (1ਕੁਰਿੰਥੀਆਂ 15:55–57)।

ਅਨੁਬੰਧ – ਉਸ ਦੇ ਪਿਆਰ ਦੀ ਵਸੀਅਤ

ਇਹ ਜਾਣਨਾ ਅਦਭੁਤ ਹੈ ਕਿ ਪ੍ਰਭੂ ਯਿਸੂ ਸੁਰਗ ਦੀ ਰਾਹ ਤਿਆਰ ਕਰਨ ਵਾਲਾ ਸਾਡਾ ਆਗੂ ਹੈ ਅਤੇ ਹੁਣ ਅਸੀਂ ਉਸ ਦੀ ਜਿੱਤ ਦੇ ਸਿਲਸਿਲੇ ਵਿਚ ਉਸ ਦਾ ਅਨੁਸਰਣ ਕਰ ਸਕਦੇ ਹਾਂ।

ਉਸੇ ਤਰਾਂ ਇਹ ਜਾਣਨ ਦੀ ਅਦਭੁਤ ਹੈ ਕਿ ਉਸ ਦੀ ਮੌਤ ਤੋਂ ਪਹਿਲਾਂ, ਆਪਣਿਆਂ ਲਈ ਉਸ ਦੇ ਪਿਆਰ ਵਿਚ, ਯਿਸੂ ਨੇ ਪ੍ਰਤਿਗਿਆ ਕੀਤੀ

ਕਿ ਸੁਰਗ ਵਿਚ ਜਾਣ ਤੋਂ ਬਾਅਦ ਉਹ ਪਵਿੱਤਰ ਆਤਮਾ ਆਪਣੇ ਚੇਲਿਆਂ ਨੂੰ ਉਸ ਨੇ ਕਿਹਾ :

ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ, ਲਿਖਤ ਅਨੁਸਾਰ, ''*ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ ਵਗਣਗੀਆਂ*।'' ਪਰ ਉਹ ਨੇ ਇਹ ਗੱਲ ਆਤਮਾ ਦੇ ਵਿਖੇ ਆਖੀ, ਜਿਹੜਾ ਉਨ੍ਹਾਂ ਨੂੰ ਪ੍ਰਾਪਤ ਹੋਣਾ ਸੀ ਜਿਨ੍ਹਾਂ ਉਸ ਉੱਤੇ ਨਿਹਚਾ ਕੀਤੀ; ਕਿਉਂਕਿ ਆਤਮਾ ਅੱਜੇ ਦਿੱਤਾ ਨਾ ਗਿਆ ਸੀ, ਇਸ ਲਈ ਜੋ ਯਿਸੂ ਦਾ ਤੇਜ ਅਜੇ ਪਰਕਾਸ਼ ਨਹੀਂ ਹੋਇਆ ਸੀ। (ਯੂਹੰਨਾ 7:38–39)।

ਪਰ ਹੁਣ ਮੈਂ ਉਹ ਦੇ ਕੋਲ ਜਾਂਦਾ ਹਾਂ ਜਿਨ ਮੈਨੂੰ ਘੱਲਿਆ ਸੀ ... ਅਤੇ ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਰ ਉਹ ਤਹਾਨੂੰ ਦੂਜਾ ਸਹਾਇਕ ਬਖ਼ਸ਼ੇਗਾ ...ਸਚਾਈ ਦਾ ਆਤਮਾ ... ਮੇਰਾ ਜਾਣਾ ਹੀ ਤੁਹਾਡੇ ਲਈ ਚੰਗਾ ਹੈ ਕਿਉਕਿ ਜੇ ਮੈਂ ਨਾ ਜਾਵਾਂ ਤਾਂ ਸਹਾਇਕ ਤੁਹਾਡੇ ਕੋਲ ਨਾ ਆਵੇਗਾ ਪਰ ਜੇ ਮੈਂ ਜਾਵਾਂ ਤਾਂ ਉਹ ਨੂੰ ਤੁਹਾਡੇ ਕੋਲ ਘੱਲ ਦਿਆਂਗਾ ... ਉਹ ਮੇਰੀ ਵਡਿਆਈ ਕਰੇਗਾ (ਯੂਹੰਨਾ 16:5, 14:16–17; 16:7,14)।

ਅਸੀਂ ਪਹਿਲਾਂ ਵੀ ਧਿਆਨ ਦਿੱਤਾ ਹੈ ਕਿਵੇਂ ਪਰਮੇਸ਼ਰ ਨੂੰ ਆਪਣੇ ਪੁੱਤਰ ਦੀ ਮੌਤ ਤੇ ਵਡਿਆਈ ਮਿਲੀ ਸੀ। ਹੁਣ ਤੁਸੀਂ ਦੂਜਾ ਸਵਾਲ ਪੁੱਛ ਸਕਦੇ ਹੋ; ''*ਪਵਿੱਤਰ ਆਤਮਾ ਨੂੰ ਤੁਹਾਡੇ ਅਤੇ ਮੇਰੇ ਉੱਤੇ ਘੱਲਣ ਰਾਹੀਂ ਯਿਸੂ ਦੀ ਵਡਿਆਈ ਕਿਵੇਂ ਹੋ ਸਕਦੀ ਹੈ?*'

ਇਸ ਪ੍ਰਸ਼ਨ ਦੇ ਕੁਝ ਹਿੱਸੇ ਦਾ ਜਵਾਬ ਇਸ ਤੱਥ ਰਾਹੀਂ ਦਿੱਤਾ ਗਿਆ ਹੈ ਕਿ ਹਰੇਕ ਵਿਸ਼ਵਾਸੀ ਦੇ ਜੀਵਨ ਵਿਚ ਯਿਸੂ ਦੀ ਵਡਿਆਈ ਹੋਈ ਹੈ ਜਿਸ ਦੇ ਰਾਹੀਂ ਪਰਮੇਸ਼ਰ ਦਾ ਪ੍ਰੇਮ ਵੱਗ ਰਿਹਾ ਹੈ। ਅਸੀਂ ਪੜਦੇ ਹਾਂ: ਪਰਮੇਸ਼ਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿਚ ਪਾਇਆ ਹੋਇਆ ਹੈ (ਰੋਮੀਆਂ 5:5)। ਪਰਮੇਸ਼ਰ ਦਾ ਮਨ ਵਿਚ ਹਮੇਸ਼ਾ ਮੌਜੂਦ ਰਹਿਣ ਵਾਲਾ ਪਿਆਰ – ਪਵਿੱਤਰ ਆਤਮਾ ਰਾਹੀਂ ਵਾਸਤਵਿਕ ਬਣਾਇਆ ਗਿਆ – ਮਨੁੱਖੀ ਆਕਰਸ਼ਨ ਜਾਂ ਪਿਆਰ ਦੀ ਉੱਚੀ ਚੋਟੀ ਤੋਂ ਬਹੁਤ ਜਿਆਦਾ ਸ੍ਰੇਸ਼ਠ ਹੈ। ਜਿਵੇਂ ਵਿਸ਼ਵਾਸ ਰਾਹੀਂ ਤੁਸੀਂ ਉਸ ਦੇ ਸਲੀਬ ਉੱਤੇ ਪੂਰੇ ਕੀਤੇ ਕੰਮ ਦਾ ਜਵਾਬ ਦਿੰਦੇ ਹੋ, ਪ੍ਰਭੂ ਯਿਸੂ, ਪਵਿੱਤਰ ਆਤਮਾ ਦੇ ਵਿਅਕਤੀਤਵ ਵਿਚ, ਤੁਹਾਡੇ ਰਾਹੀਂ ਦੂਜੇ ਲੋਕਾਂ ਨੂੰ ਪਿਆਰ ਕਰਨਾ ਸ਼ੁਰੂ ਕਰੇ ਗਾ। ਅਦਭੁਤ।

ਇਹ ਵਿਸ਼ਵਾਸ ਕਰਨਾ ਹੈ ਮਸੀਹ ਤੁਹਾਡੇ ਪਾਪਾਂ ਲਈ ਮਰਿਆ, ਅਤੇ ਫੇਰ ਉਸ ਸਚਾਈ ਲਈ ਆਪਣੇ ਦਿਲ ਵਿਚ ਧੰਨਵਾਦ ਕਰਨਾ, ਤੁਹਾਡੇ ਲਈ ਪਰਮੇਸ਼ਰ ਦੀ ਮਾਫੀ ਅਤੇ ਪਾਪ ਤੋਂ ਛੁਟਕਾਰਾ ਦੇ ਕੇ ਪਿਆਰ ਕਰਨ ਦੀ ਵਿਅਕਤੀਗਤ ਨਿਸ਼ਚਿਤਤਾ ਦਾ ਅਨੰਦ ਉਠਾਣਾ ਹੈ।

ਫੇਰ ਆਪਣੇ ਜੀਵਨ ਨੂੰ ਪ੍ਰਭੂ ਯਿਸੂ ਮਸੀਹ ਦੀ ਅੰਤਰਵਾਸੀ ਉਪਸਥਿਤੀ ਲਈ ਉਪਲਬਧ ਕਰਨਾ ਹੈ। ਇਹ ਤੁਹਾਡਾ ਪਿਆਰ ਤੋਂ ਸੱਖਣੇ ਸੰਸਾਰ ਲਈ ਉਸ ਦੇ ਪਿਆਰ ਦਾ ਇਕ ਸਾਧਨ ਬਣਨਾ ਹੈ।

ਇਕ ਜਰਮਨੀ ਦੀ ਧਰਮ ਸ਼ਾਸਤ੍ਰੀ, ਜਿਹੜਾ ਆਪਣੀ ਵਿਦਵਤਾ ਲਈ ਬਹੁਤ ਮਸ਼ਹੂਰ ਸੀ, ਉਸ ਨੂੰ ਇਕ ਵਾਰ ਪ੍ਰਸ਼ਨ ਪੁੱਛਿਆ ਗਿਆ: ''ਪਰਮੇਸ਼ਰ ਬਾਰੇ ਤੁਹਾਡਾ ਬਹੁਤ ਗਿਆਨਪੂਰਣ ਵਿਚਾਰ ਕੀ ਹੈ?'' ਅਸਚਰਜ-ਜਨਕ ਤੌਰ ਤੇ ਬੱਚਿਆ ਦੇ ਕੋਰਸ ਦੇ ਸ਼ਬਦਾਂ ਵਿਚ ਉਸ ਨੇ ਜਵਾਬ ਦਿੱਤਾ : ''ਯਿਸੂ ਮੈਨੂੰ ਪਿਆਰ ਕਰਦਾ ਹੈ, ਇਹ ਮੈਂ ਜਾਣਦਾ ਹਾਂ, ਕਿਉਂਕਿ ਬਾਈਬਲ ਮੈਨੂੰ ਅਜਿਹਾ ਦੱਸਦੀ ਹੈ।'

ਹਾਂ, ਪਰਮੇਸ਼ਰ ਮੈਨੂੰ ਵਾਸਤਵ ਵਿਚ ਪਿਆਰ ਕਰਦਾ ਹੈ। ਅਤੇ ਹਾਂ, ਪਰਮੇਸ਼ਰ,ਵਾਸਤਵ ਵਿਚ ਤੁਹਾਨੂੰ ਪਿਆਰ ਕਰਦਾ ਹੈ।

ਓ, ਪਿਆਰ ਜਿਹੜਾ ਮੁਕਤੀ ਦੀ ਯੋਜਨਾ ਨੂੰ ਆਪਣੇ ਵੱਲ ਖਿੱਚਦਾ ਹੈ,
ਓ, ਕਿਰਪਾ ਜਿਹੜੀ ਇਸ ਨੂੰ ਮਨੁੱਖ ਦੇ ਕੋਲ ਹੇਠਾਂ ਲੈ ਆਈ,
ਓ, ਬਹੁਤ ਵੱਡੀ ਖਾਈ ਜਿਹੜੀ ਪਰਮੇਸ਼ਰ ਨੇ ਸਲੀਬ ਉੱਤੇ, ਪਾਰ ਕੀਤੀ।
ਦਯਾ ਉੱਥੇ ਬਹੁਤ ਜਿਆਦਾ ਸੀ, ਅਤੇ ਕਿਰਪਾ ਮੁਫਤ ਸੀ, ਮਾਫੀ ਉੱਥੇ ਕਈ ਗੁਣਾ ਮੇਰੇ ਲਈ ਵਧ ਸੀ, ਉੱਥੋਂ ਮੇਰੇ ਬੋਝ ਨਾਲ ਦੱਬੇ ਪ੍ਰਾਣ ਨੂੰ ਸਲੀਬ ਤੇ, ਛੁਟਕਾਰਾ ਮਿਲਿਆ।

## ਇਰਾਕ ਤੋਂ ਇੱਕ ਚਿੱਠੀ

''*ਮੈਂ ਇਕ ਮੁਸਲਿਮ (ਸ਼ੈਲਟੇ) ਘਰ ਵਿਚ ਸੀ। ਮੇਰੇ ਪਰਿਵਾਰ ਨੇ ਇਕ*

*ਮੁਸਲਿਮ ਵਾਂਙੂ ਮੈਨੂੰ ਪ੍ਰਾਰਥਨਾ ਕਰਨਾ ਅਤੇ ਉਪਵਾਸ ਰੱਖਣਾ ਸਿਖਾਇਆ। ਮੇਰਾ ਪਹਿਰਾਵਾ ਮੁਸਲਿਮ ਔਰਤਾਂ ਵਾਂਙੂ ਸੀ, ਆਪਣਾ ਚੇਹਰਾ ਢੱਕ ਕੇ ਰੱਖਣਾ ਤਾਂ ਜੋ ਕੋਈ ਵੀ ਆਦਮੀ ਜੇ ਉਹ ਮੇਰੇ ਚੇਹਰੇ ਤੇ ਵੇਖੇ ਤਾਂ ਪਾਪ ਨਾ ਕਰੇ।*

*''ਇਸ ਸਭ ਦੇ ਕਾਰਣ, ਮੇਰੇ ਕੌਲ ਬਹੁਤ ਸਮਾਂ ਸੀ ਕਿਉਂਕਿ ਕਰਨ ਨੂੰ ਕੁਝ ਨਹੀਂ ਸੀ। ਇਸ ਲਈ ਮੈਂ ਆਪਣਾ ਖਾਲੀ ਸਮਾਂ ਬਹੁਤ ਸਾਰੇ ਰੇਡਿਓ ਪ੍ਰੋਗਰਾਮਾਂ ਨੂੰ ਸੁਣਨ ਲਈ ਬਿਤਾਉਂਦੀ ਸੀ ਅਤੇ ਬਹੁਤ ਸਾਰੇ ਬਾਈਬਲ ਦੇ ਸੰਦੇਸ਼ ਸੁਣੇ। ਇਕ ਦਿਨ ਮੈਂ ਆਪਣੀ ਭਰਜਾਈ ਕੁਝ ਚੰਗੇ ਚਿਪਕਾਉਣ ਵਾਲੇ ਸਟੀਕਰ ਵੇਖੇ ਜਿਨ੍ਹਾਂ ਦੇ ਸੋਹਣੇ ਰੰਗ ਸਨ। ਤਦ ਕੌਲ ਮੈਂ ਆਪਣੀ ਪਹਿਲੀ ਚਿੱਠੀ ਆਪਣੀ ਭਰਜਾਈ ਦੇ ਪਤੇ ਹੇਠ ਲਿਖੀ। ਤੁਹਾਡੇ ਜਵਾਬ ਵਿਚ ਇਕ ਕਿਤਾਬ ਪਰਮੇਸ਼ਰ ਲਈ ਤੁਹਾਡੀ ਖੋਜ ਸੀ।*

*''ਮੈਂ ਸਮਝਨ ਦੀ ਕੋਸ਼ਿਸ਼ ਕੀਤੀ ਕਿ ਪਰਮੇਸ਼ਰ ਲਈ ਖੋਜ ਦਾ ਕੀ ਅਰਥ ਹੈ ...। ਸਤਵੇਂ ਅਧਿਆਇ ਵਿਚ ਇਕ ਪ੍ਰਸ਼ਨ ਹੈ, ''ਕੀ ਪਰਮੇਸ਼ਰ ਵਾਸਤਵ ਵਿਚ ਮੈਨੂੰ ਪਿਆਰ ਕਰਦਾ ਹੈ?'' ਵਿਸ਼ੇਸ਼ ਕਰਕੇ ਮੈਂ ਇਕ ਪੈਰੇ ਤੇ ਰੁੱਕ ਗਈ ਜਿਸ ਵਿਚ ਇੰਝ ਲਿਖਿਆ ਹੈ: 'ਪਰਮੇਸ਼ਰ ਤੁਹਾਡੇ ਲਈ ਆਪਣਾ ਪਿਆਰ ਜੋ ਕੁਝ ਉਸ ਨੇ ਤੁਹਾਡੇ ਲਈ ਸਲੀਬ ਤੇ ਕੀਤਾ ਦੇ ਰਾਹੀਂ ਵਿਖਾਉਂਦਾ ਹੈ। ਜਦ ਤੁਸੀਂ ਸਲੀਬ ਦੇ ਅਰਥ ਨੂੰ ਸਮਝ ਜਾਂਦੇ ਹੋ ਤਾਂ ਤੁਹਾਨੂੰ ਕਿਸੇ ਹੋਰ ਸਬੂਤ ਦੀ ਲੋੜ ਨਹੀਂ ਪੈਂਦੀ ਕਿ ਪਰਮੇਸ਼ਰ ਤੁਹਾਨੂੰ ਪਿਆਰ ਕਰਦਾ ਹੈ।'*

*''ਮੈਂ 100 ਤੋਂ ਵੀ ਜਿਆਦਾ ਵਾਰੀ ਇਸ ਅਧਿਆਇ ਨੂੰ ਪੜ੍ਹਿਆ। ਫੇਰ ਮੈਂ ਬਿਨਾਂ ਕਿਸੇ ਸ਼ਕ ਦੇ ਸਮਝਣਾ ਸ਼ੁਰੂ ਹੋ ਗਈ ਕਿ ਮੇਰੇ ਲਈ ਸਿਰਫ ਸਲੀਬ ਹੀ ਇਕ ਰਾਸਤਾ ਸੀ।''*

*ਇਹ ਰਿਪੋਰਟ ਟਰਾਂਸ ਵਰਲਡ ਰੇਡਿਓ ਰਾਹੀਂ ਪੇਸ਼ ਕੀਤੀ ਗਈ।*

## ਵਿਚਾਰ ਕਰਨ ਲਈ ਠਹਿਰੋ

1. ਇਹ ਸਾਬਤ ਕਰਨ ਲਈ ਕਿ ਤੁਸੀਂ ਕਿਸੇ ਨੂੰ ਪਿਆਰ ਕਰਦੇ ਹੋ ਸਭ ਤੋਂ ਚੰਗਾ ਤਰੀਕਾ ਕਿਹੜਾ ਹੈ?
   ਕੀ ਜੋ ਕੁਝ ਤੁਸੀਂ ਕਹਿੰਦੇ ਹੋ - ਉਹ?
   ਕੀ ਜੋ ਕੁਝ ਤੁਸੀਂ ਕਰਦੇ ਹੋ - ਉਹ?
2. ਪਰਮੇਸ਼ਰ ਨੇ ਤੁਹਾਡੇ ਲਈ ਆਪਣਾ ਪਿਆਰ ਕਿਵੇਂ ਸਾਬਤ ਕੀਤਾ?
3. ਵਿਅਕਤੀਗਤ ਤੌਰ ਤੇ ਤੁਸੀਂ ਕਿਵੇਂ ਪਰਮੇਸ਼ਰ ਦੇ ਪਿਆਰ ਦਾ ਉੱਤਰ ਦਿਉਗੇ?

ਅਪਰੇਸ਼ਨ ਰੂਪ ਵਿਚ ਜਿੱਥੇ ਪੂਰੀ ਤਰਾਂ ਅਧੁਨਿਕ ਯੰਤ੍ਰਾਂ ਦੀ ਮੌਜੂਦਗੀ ਸੀ,
ਅਤੇ ਡਾਕਟਰ ਨੇ ਇਹ ਜਾਣ ਲਿਆ ਸੀ ਕਿ ਲਹੂ ਵਿਚ ਹੀ ਜੀਵਨ ਹੈ।
ਦੋਵੇਂ ਹੀ ਅੱਡ ਨਹੀਂ ਕੀਤੇ ਜਾ ਸਕਦੇ,
ਜੇ ਤੁਸੀਂ ਇਕ ਨੂੰ ਗੁਆ ਦਿੱਤਾ ਤਾਂ ਤੁਸੀਂ ਦੋਹਾਂ ਨੂੰ ਹੀ
ਗੁਆ ਦਿੰਦੇ ਹੋ।

ਡਾ. ਪਾਲ, ਬਰਨਾਡ

## ਅਧਿਆਇ 8

# ਮੈਂ ਜੀਵਨ ਕਿੱਥੋਂ ਪ੍ਰਾਪਤ ਕਰ ਸਕਦਾ ਹਾਂ?

ਇਹ ਰਾਤ ਦਾ ਵੇਲਾ ਸੀ। 18 ਘੰਟੇ ਦੀ ਥਕਾਉਣ ਵਾਲੀ ਰੇਲ ਯਾਤਰਾ ਦੇ ਬਾਅਦ ਮੈਂ ਅਤੇ ਮੇਰੀ ਪਤਨੀ ਹਜ਼ਾਰਾਂ ਦੂਜਿਆਂ ਯਾਤਰੀਆਂ ਦੇ ਨਾਲ ਪੈਰਿਸ ਦੇ ਗੇਅਰ ਸੰਤ ਲਾਜ਼ਰ ਰੇਲਵੇ ਸਟੇਸ਼ਨ ਤੇ ਪਹੁੰਚੇ ਸੀ। ਅਸੀਂ ਬਹੁਤ ਹੀ ਧੀਰਜ ਦੇ ਨਾਲ ਇੰਤਜ਼ਾਰ ਕਰ ਰਹੇ ਸੀ ਕਿ ਰੇਲਵੇ ਅਧਿਕਾਰੀ ਆ ਕੇ ਗੱਡੀ ਦਾ ਬੂਹਾ ਖੋਲਣ ਤਾਂ ਜੋ ਅਸੀਂ ਆਪਣੀ ਗੱਡੀ ਵੱਲ ਜਾ ਸਕੀਏ।

ਸਾਡੇ ਆਲੇ ਦੁਆਲੇ ਹਜ਼ਾਰਾਂ ਲੋਕਾਂ ਵਿਚ ਜਿਆਦਾਤਰ ਜੁਆਨ ਲੋਕ ਸਨ। ਜਦ ਮੈਂ ਅਤੇ ਡੋਰਥੀ ਉਨ੍ਹਾਂ ਦੇ ਵਿਚ ਰਲ ਮਿਲ ਗਏ ਤਾਂ ਅਜਿਹਾ ਜਾਪਦਾ ਸੀ ਕਿ ਯੂਰੋਪ ਦਾ ਹਰ ਦੇਸ਼ ਇਸ ਭੀੜ ਵਿਚ ਸ਼ਾਮਲ ਹੈ। ਉਨ੍ਹਾਂ ਵਿਚੋਂ ਕੁਝ ਜੁਆਨ ਮੁੰਢੇ ਅਤੇ ਕੁੜੀਆਂ ਦੀ ਇਹ ਕੋਸ਼ਿਸ਼ ਸੀ ਕਿ ਉਹ ਇਕ ਅਰਾਮਦਾਯਕ ਸਥਾਨ ਪ੍ਰਾਪਤ ਕਰ ਲੈਣ। ਜਦ ਉਹ ਹੱਥ ਪੈਰ ਪਸਾਰ ਕੇ ਲੰਮੇ ਪੈਣ ਦੀ ਕ੍ਰਿਆ ਵਿਚ ਵਿਅਰਥ ਸਨ ਤਾਂ ਉਨ੍ਹਾਂ ਦੇ ਦੂਜੇ ਸਾਥੀ ਉਨ੍ਹਾਂ ਦੀ ਰੱਖਿਆ ਕੁਝ ਖਾਂਦੇ ਪੀਂਦੇ ਕਰ ਰਹੇ ਸਨ।

ਜਦ ਅਸੀਂ ਇੰਤਜ਼ਾਰ ਕਰ ਰਹੇ ਸੀ ਤਾਂ ਅਸੀ ਵਿਚੋਂ ਕੁਝ ਜੁਆਨ ਬੱਚਿਆਂ ਦੇ ਨਾਲ ਹੱਸ ਖੇਲ ਰਹੇ ਸੀ। ਭਾਵੇਂ ਉਹ ਆਪਣੀ ਜੁਆਨੀ ਦੇ ਜੋਸ਼ ਵਿਚ ਵਿਅਰਥ ਸਨ, ਫੇਰ ਵੀ ਉਨ੍ਹਾਂ ਦੇ ਚੇਹਰੇ ਤੋਂ ਇਹ ਪਤਾ ਲੱਗ ਰਿਹਾ ਸੀ ਕਿ ਜੋ ਕੁਝ ਉਹ ਜੀਵਨ ਵਿਚ ਚਾਹੁੰਦੇ ਹਨ ਹਾਲੇ ਉਨ੍ਹਾਂ ਨੂੰ ਉਹ ਪ੍ਰਾਪਤ ਨਹੀਂ ਹੋਇਆ। ਇਸ ਤੋਂ ਪਹਿਲਾਂ ਕਿ ਜਿਆਦਾ ਦੇਰ ਹੋਵੇ ਸਾਡੀ ਗੱਲਬਾਤ ਉਸ ਵਿਅਕਤੀ ਦੇ ਨਾਲ ਸ਼ੁਰੂ ਹੋ ਗਈ ਜਿਹੜਾ ਸਾਡੇ ਨਾਲ ਸਫਰ ਕਰ ਰਿਹਾ ਸੀ ਯਾਨਿ ਪ੍ਰਭੂ ਯਿਸੂ ਮਸੀਹ ਦੇ ਨਾਲ।

ਜਦ ਅਸੀਂ ਗੱਲਬਾਤ ਸ਼ੁਰੂ ਕੀਤੀ, ਇਨ੍ਹਾਂ ਵਿਚੋਂ ਕੁਝ ਬੇਚੈਨ ਅਤੇ ਸਾਹਸੀ ਜੁਆਨ ਬੱਚਿਆਂ ਨੇ ਆਪਣੇ ਮੂੰਹ ਖੋਲੇ ਅਤੇ ਜੀਵਨ ਦੀ ਵਾਸਤਵਿਕ ਸਚਾਈ ਨੂੰ

ਸਾਡੇ ਨਾਲ ਬਿਆਨ ਕਰਨਾ ਸ਼ੁਰੂ ਕੀਤਾ। ਕੁਝ ਬੱਚਿਆਂ ਦੀ ਆਸ ਸੀ ਕਿ ਜੀਵਨ ਦੀ ਵਾਸਤਵਿਕਤਾ ਅਗਲੇ ਸ਼ਹਿਰ ਵਿਚ ਮਿਲੇਗੀ, ਅਤੇ ਕੁਝ ਸੋਚ ਰਹੇ ਸਨ ਕਿ ਅਗਲੀ ਦੋਸਤੀ ਵਿਚ, ਅਤੇ ਕਈ ਬੇਸ਼ਰਮੀ ਦੇ ਨਾਲ ਇਹ ਆਸ ਕਰ ਰਹੇ ਸਨ ਆਪਣਾ ਜੀਵਨ ਨਸ਼ਿਆਂ ਵਿਚ ਪਾ ਕੇ ਚੈਨ ਪ੍ਰਾਪਤ ਕਰਣਗੇ। ਇਨ੍ਹਾਂ ਵਿਚੋਂ ਕੁਝ ਵੀ ਇਹ ਡਰ ਸੀ ਕਿ ਉਹ ਖਤਰਨਾਕ ਬੀਮਾਰੀਆਂ ਦਾ ਸ਼ਿਕਾਰ ਹੋ ਜਾਣਗੇ।

ਅਫਰੀਕਾ ਦੇ ਬਾਹਰੀ ਪਿੰਡਾਂ ਵਿਚ, ਉਹ ਇਸ ਡਰ ਨੂੰ ਪਤਲੇ ਵਿਅਕਤੀ ਦੀ ਬੀਮਾਰੀ ਦਾ ਨਾਂ ਦਿੰਦੇ ਸਨ। ਮੈਡੀਕਲ ਭਾਸ਼ਾ ਵਿਚ ਇਸ ਨੂੰ ਐਚ ਆਈ ਵੀ ਪੌਜ਼ਿਟਿਵ ਕਿਹਾ ਜਾਂਦਾ ਹੈ। ਜਦ ਇਹ ਬੀਮਾਰੀ ਪੂਰੀ ਤਰਾਂ ਜੁਆਨ ਪੁਰਸ਼ਾਂ ਅਤੇ ਇਸਤ੍ਰੀਆਂ ਵਿਚ ਫੈਲ ਜਾਂਦੀ ਹੈ ਤਾਂ ਇਸ ਨੂੰ ਏਡਜ਼ ਦੀ ਬੀਮਾਰੀ ਕਿਹਾ ਜਾਂਦਾ ਹੈ। ਇਸ ਤਰਾਂ ਦੀ ਬੀਮਾਰੀ ਤੋਂ ਤੰਗ ਹੋਣ ਦਾ ਡਰ ਅਜਿਹਾ ਹੀ ਹੁੰਦਾ ਹੈ ਕਿ ਇਸ ਤੋਂ ਤਬਾਹੀ ਹੀ ਹੋਵੇਗੀ। ਵਿਸ਼ਵ ਭਰ ਵਿਚ ਲੋਕ ਇਸ ਗੱਲ ਨੂੰ ਜਾਣਦੇ ਹਨ ਕਿ ਕੰਬਾਂ ਦੇਣ ਵਾਲੀ ਇਹ ਬੀਮਾਰੀ ਲਹੂ ਵਿਚ ਹੁੰਦੀ ਹੈ। ਜਦਕਿ ਲਹੂ ਦਾ ਝਰਨਾ ਜੀਵਨ ਦੀ ਨਦੀਆਂ ਨੂੰ ਸਾਫ ਕਰਨ ਵਾਲਾ ਹੋਣਾ ਚਾਹੀਦਾ ਹੈ, ਪਰੰਤੂ ਹੁਣ ਉਹ ਮੌਤ ਦੇ ਲਈ ਪਰਦੂਸ਼ਿਤ ਨਦੀ ਬਣ ਗਈ ਹੈ।

ਮੈਨੂੰ ਇਹ ਮੰਨਣਾ ਹੀ ਹੈ, ਕਿ ਕੁਝ ਵੀ ਹੋਵੇ, ਲਹੂ ਜੀਵਨ ਦੇਣ ਵਾਲਾ ਝਰਨਾ ਹੈ, ਪਰੰਤੂ ਮੇਰੇ ਲਈ ਇਹ ਲਹੂ ਦਾ ਨਜ਼ਾਰਾ ਪ੍ਰਤਿਘਾਤੀ ਰਿਹਾ ਹੈ। ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਡਰ ਦੇ ਇਸ ਸ਼ਕ ਤੋਂ ਬਾਹਰ ਆਉਣ ਦੇ ਲਈ, ਮੈਨੂੰ ਇਕ ਵਾਰ ਮੌਕਾ ਮਿਲਿਆ ਕਿ ਮੈਂ ਲੰਦਨ ਦੇ ਇਕ ਹਸਪਤਾਲ ਵਿਚ ਇਸ ਸਾਰੇ ਅਪਰੇਸ਼ਨ ਨੂੰ ਆਪਣੀਆਂ ਅੱਖਾਂ ਦੇ ਨਾਲ ਵੇਖ ਸਕਾਂ। ਜਦ ਜਰਾਹ ਦਾ ਚੀਰ ਫਾੜ ਕਰਨ ਵਾਲੇ ਨਸ਼ਤਰ ਦੇ ਰਾਹੀਂ ਮਰੀਜ਼ ਦੀ ਚਮੜੀ ਵਿਚ ਕੰਮ ਸ਼ੁਰੂ ਕੀਤਾ ਗਿਆ, ਇਕ ਵਾਰ ਤਾਂ ਮੈਂ ਪੂਰੀ ਤਰਾਂ ਬੇਹੋਸ਼ ਹੋ ਗਿਆ। ਡਾ. ਜਿਹੜਾ ਮੇਰਾ ਮਿੱਤਰ ਸੀ ਉਸ ਨੇ ਵੇਖਿਆ ਕਿ ਮੈਂ ਪਸੀਨੋ ਪਸੀਨਾ ਹੋ ਗਿਆ ਹਾਂ ਅਤੇ ਚਿੱਟਾ ਪੈ ਗਿਆ ਹਾਂ, ਉਸ ਨੇ ਮੈਨੂੰ ਸਲਾਹ ਦਿੱਤੀ ਕਿ ਮੈਂ ਦੂਜੇ ਕਮਰੇ ਵਿਚ ਚੱਲਾ ਜਾਵਾਂ। ਮੈਂ ਇਸ ਤੋਂ ਜਿਆਦਾ ਹੋਰ ਕੁਝ ਵੀ ਦੇਖ ਨਹੀਂ (ਪ੍ਰੇਰਿਤ ਨਹੀਂ ਹੋ ਸਕਦਾ) ਸਕਦਾ ਹਾਂ।

ਪਰੰਤੂ, ਇਸ ਦੀ ਪਰਵਾਹ ਨਹੀਂ ਹੈ ਕਿ ਇਕ ਵਿਅਕਤੀ ਲਹੂ ਨੂੰ ਕਿਸ ਤਰਾਂ ਵੇਖਦਾ ਹੈ, ਜਿਹੜਾ ਵਿਅਕਤੀ ਬਹੁਤ ਹੀ ਜਿਆਦਾ ਮਾੜੀ ਸਥਿਤੀ ਵਿਚ ਉਸ ਨੂੰ ਜੀਵਨ ਅਤੇ ਸਿਹਤ ਲਹੂ ਦੇ ਰਾਹੀਂ ਪ੍ਰਦਾਨ ਕੀਤੀ ਜਾ ਸਕਦੀ ਹੈ। ਅੱਜ, ਅਧੁਨਿਕ ਵਿਗਿਆਨ ਦੇ ਕਾਰਨ ਇਕ ਤੰਦਰੁਸਤ ਵਿਅਕਤੀ ਦੀਆਂ ਨਸਾਂ ਵਿਚੋਂ ਲਹੂ ਲੈ ਕੇ ਕੁਝ ਦੇਰ ਦੇ ਬਾਅਦ ਇਕ ਅਜਿਹੇ ਵਿਅਕਤੀ ਦੀਆਂ ਨਸਾਂ ਵਿਚ

ਪਾਇਆ ਜਾ ਸਕਦਾ ਹੈ ਜਿਹੜਾ ਮਰ ਰਿਹਾ ਹੋਵੇ ਜਾਂ ਬਹੁਤ ਹੀ ਜਿਆਦਾ ਬੀਮਾਰੀ ਦੀ ਹਾਲਤ ਵਿਚ ਹੋਵੇ।

ਬਹੁਤ ਚਿਰ ਪਹਿਲਾਂ ਮੈਡੀਕਲ ਖੋਜ ਦੇ ਰਾਹੀਂ ਲਹੂ ਦੇ ਇਸ ਭੇਦ ਨੂੰ ਪ੍ਰਗਟ ਕੀਤਾ ਗਿਆ, ਪਰਮੇਸ਼ਰ ਨੇ ਆਪ ਇਸ ਗੱਲ ਦੀ ਘੋਸ਼ਣਾ ਕੀਤੀ ਹੈ ਕਿ ਸਰੀਰ ਦੀ ਜਿੰਦ ਉਸ ਦੇ ਲਹੂ ਵਿਚ ਹੈ' (ਲੇਵੀਆਂ ਦੀ ਪੋਥੀ 17:11)। ਡਾ. ਪਾਲ ਬਰਨਾਡ ਸੰਖਿਪਤ ਰੂਪ ਦੇ ਨਾਲ ਰਾਜ਼ੀ ਹੁੰਦੇ ਹਨ ਕਿ ਲਹੂ ਵਿਚ ਜੀਵਨ ਹੈ : ''ਅਪਰੇਸ਼ਨ ਰੂਪ ਵਿਚ ਜਿੱਥੇ ਪੂਰੀ ਤਰਾਂ ਅਧੁਨਿਕ ਯੰਤ੍ਰਾਂ ਦੀ ਮੌਜੂਦਗੀ ਸੀ, ਅਤੇ ਡਾਕਟਰ ਨੇ ਇਹ ਜਾਣ ਲਿਆ ਸੀ ਕਿ ਲਹੂ ਵਿਚ ਹੀ ਜੀਵਨ ਹੈ। ਦੋਵੇਂ ਹੀ ਅੱਡ ਨਹੀਂ ਕੀਤੇ ਜਾ ਸਕਦੇ, ਜੇ ਤੁਸੀਂ ਇਕ ਨੂੰ ਗੁਆ ਦਿੱਤਾ ਤਾਂ ਤੁਸੀਂ ਦੋਹਾਂ ਨੂੰ ਹੀ ਗੁਆ ਦਿੰਦੇ ਹੋ।''

ਫੇਰ ਵੀ, ਬਹੁਤ ਸਾਰੇ ਲੋਕਾਂ ਨੂੰ ਇਹ ਜਾਣਕਾਰੀ ਨਹੀਂ ਹੈ ਕਿ, ਬੇਸ਼ਕ ਲਹੂ ਦੀ ਅਸ਼ੁੱਧਤਾ ਜਿਵੇਂ ਐਚ.ਆਈ.ਵੀ. ਰੋਗ ਸੰਚਾਰ ਚੁਣਨ ਯੋਗ ਹੈ ਕਿਉਂਕਿ ਪ੍ਰਦਰਸ਼ਨ ਉੱਤੇ ਆਧਾਰਿਤ ਹੈ, ਇਕ ਹੋਰ ਵੀ ਬੀਮਾਰੀ ਹੈ ਜਿਹੜੀ ਸਰਵਵਿਆਪਕ ਹੈ। ਕਿਉਂਕਿ ਪਰਮੇਸ਼ਰ ਨੇ ਮਨੁੱਖਾਂ ਦੀ ਹਰੇਕ ਕੌਮ ਨੂੰ ਸਾਰੀ ਧਰਤੀ ਉੱਤੇ ਵਸਣ ਲਈ ਇਕ (ਇਕ ਲਹੂ) ਤੋਂ ਰਚਿਆ (ਰਸੂਲਾਂ ਦੇ ਕਰਤੱਬ 17:26)। ਇਸ ਮੌਤ ਵਰਗੀ ਅਸ਼ੁੱਧਤਾ ਨੇ ਸਾਰੀ ਮਨੁੱਖ ਜਾਤੀ ਨੂੰ ਸਤਾਇਆ। ਬਾਈਬਲ ਵਿਚ, ਇਸ ਦੇ ਸ੍ਰੋਤ ਦਾ ਸੁਰਾਗ ਪਿੱਛੇ ਮੁੜ ਕੇ ਆਦਮ ਤਕ ਜਾਂਦਾ ਹੈ, ਜਿਹੜਾ ਕ੍ਰਮ-ਅਨੁਸਾਰ ਸਾਰੀਆਂ ਪੀੜ੍ਹੀਆਂ ਦਾ ਪੂਰਵਜ ਹੈ।

ਜਦ: ਪਹਿਲੇ ਮਨੁੱਖ, ਆਦਮ ਨੇ, (1ਕੁਰਿੰਥੀਆਂ 15:45) ਪਾਪ ਕੀਤਾ ਸਾਰੀਆਂ ਬਾਅਦ ਦੀਆਂ ਨਸਲਾਂ, ਭਾਵੇਂ ਉਨ੍ਹਾਂ ਦੀ ਚਮੜੀ ਦਾ ਰੰਗ ਕਿਹੋ ਜਿਹਾ ਵੀ ਹੋਵੇ, ਕਿਸੇ ਵੀ ਥਾਂ ਜਾਂ ਜੀਵਨ ਵਿਚ ਕਿਸੇ ਵੀ ਰੁਤਬੇ ਦੇ ਹੋਣ, ਮੌਤ ਦੀ ਸਜ਼ਾ ਦੇ ਅਧੀਨ ਹੋ ਗਏ। ਬਾਈਬਲ ਸਪਸ਼ਟ ਰੂਪ ਨਾਲ ਦੱਸਦੀ ਹੈ ... ਆਦਮ ਵਿਚ ਸਭ ਮਰਦੇ ਹਨ ... (1ਕੁਰਿੰਥੀਆਂ 15:22)। ਹਾਂ, ਜਿਵੇਂ ਏਡਸ ਨਾਲ ਸਰੀਰ ਉੱਤੇ ਮੌਤ ਲਹੂ ਦੀ ਅਸ਼ੁੱਧਤਾ ਤੋਂ ਪੀੜ੍ਹੀ ਤਕ ਚੱਲਦੀ ਜਾ ਰਹੀ ਹੈ। ਜੇ ਅਜਿਹਾ ਨਾ ਹੁੰਦਾ ਤਾਂ, ਲੋਕ ਸਰੀਰਕ ਬੀਮਾਰੀ ਅਤੇ ਮੌਤ ਦੀ ਘਾਟੀ ਵਿਚੋਂ ਗੁਜ਼ਰੇ ਬਿਨਾਂ ਸਿੱਧੇ ਸੁਰਗ ਨੂੰ ਜਾਂਦੇ। ਪਰ ਅਜਿਹੀ ਹਾਲਤ ਨਹੀਂ ਹੈ।

ਪਰਮੇਸ਼ਰ ਦਾ ਧੰਨਵਾਦ ਹੋਵੇ, ਕਿਸੇ ਵੀ ਤਰਾਂ ਜਦ ਯਿਸੂ ਪੈਦਾ ਹੋਇਆ ਤਾਂ ਮਨੁੱਖ ਜਾਤੀ ਵਿਚ ਜੀਵਨ ਦੇਣ ਵਾਲੀ ਲਹੂ ਦੀ ਧਾਰਾ ਪ੍ਰਸਤੁਤ ਕੀਤੀ ਗਈ। ਇਹ ਇਸ ਤਰਾਂ ਵਾਪਰਿਆ। ਜਿਬਰਾਏਲ ਸੁਰਗਦੂਤ ਨੇ ਮਰਿਯਮ ਨੂੰ ਦੱਸਿਆ ਕਿ ਉਹ

ਗਰਭਵਤੀ ਹੋਵੇਗੀ ਅਤੇ ਪੁੱਤਰ ਜਣੇਗੀ ਅਤੇ ਇਹ ਕਿ ਉਸ ਦਾ ਨਾਂ ਯਿਸੂ ਰੱਖਿਆ ਜਾਵੇਗਾ। ਜਿਬਰਾਏਲ ਨੇ ਇਸ ਨੇਕ-ਚਲਣ ਅਣਵਿਆਹੀ ਕੁਆਰੀ ਨੂੰ ਇਹ ਵੀ ਦੱਸਿਆ ਕਿ ਉਹ ਕਿਵੇਂ ਗਰਭ ਧਾਰਣ ਕਰੇਗੀ।

> *ਪਵਿੱਤਰ ਆਤਮਾ ਤੇਰੇ ਉੱਪਰ ਆਵੇਗਾ, ਅਤੇ ਅੱਤ ਮਹਾਨ ਦੀ ਕੁਦਰਤ ਤੇਰੇ ਉੱਤੇ ਛਾਇਆ ਕਰੇਗੀ; ਅਤੇ ਇਸ ਕਰਕੇ ਜਿਹੜਾ ਜੰਮੇ ਗਾ ਉਹ ਪਵਿੱਤਰ ਅਤੇ ਪਰਮੇਸ਼ਰ ਦਾ ਪੁੱਤਰ ਕਹਾਵੇਗਾ* (ਲੂਕਾ 1:35)।

ਇਕ ਚਮਤਕਾਰ ਹੋਇਆ ਜਦ ਔਰਤ ਦਾ ਬੀਜ ਪਵਿੱਤਰ ਆਤਮਾ ਦੇ ਬੀਜ ਰਾਹੀਂ ਉਪਜਾਊਕਰਣ ਹੋਇਆ। ਇਸ ਨਾਟਕੀ ਘਟਨਾ ਵਿਚ ਪਰਮੇਸ਼ਰ ਦਾ ਜੀਵਨ ਮਨੁੱਖ ਜਾਤੀ ਵਿਚ ਆਰੰਭ ਕੀਤਾ ਗਿਆ। ਤਦ ਜਿਵੇਂ ਬੱਚਾ ਮਰਿਯਮ ਦੇ ਗਰਭ ਵਿਚ ਵੱਧਣ ਲਗਾ, ਅਤੇ ਲਹੂ ਦਾ ਦੌਰਾ ਭਰੂਣ ਵਿਚ ਰਾਸ਼ਤ ਕਰਨ ਲੱਗਾ, ਉਸ ਦਾ ਕੀਮਤੀ ਲਹੂ ਬਿਨਾਂ ਮਿਲਾਵਟ ਅਤੇ ਬਿਨਾਂ ਅਸ਼ੁੱਧਤਾ ਦੇ ਸੀ। ਹਾਂ, ਪ੍ਰਭੂ ਯਿਸੂ ਦਾ ਲਹੂ ਆਪਣੇ ਆਪ ਵਿਚ ਜੀਵਨ ਸੀ।

ਮਨੁੱਖੀ ਲਹੂਅਜਿਹਾ ਗੁੰਝਲਦਾਰ ਪਦਾਰਥ ਹੈ ਜਿਸ ਉੱਤੇ ਯਕੀਨ ਨਹੀਂ ਕੀਤਾ ਜਾ ਸਕਦਾ ਹੈ। ਇੱਕੋ ਤਕ ਕਿ ਅੱਜ ਵੀ, ਜਿਹੜੇ ਮੈਡੀਕਲ ਅਨੁਸੰਧਾਨ ਵਿਚ ਸ਼ਾਮਲ ਹਨ ਉਹ ਲਗਾਤਾਰ ਇਸ ਅਦਭੁਤ ਤਰਲ ਦੇ ਛੁਪੇ ਹੋਏ ਜੀਵਨ ਦੇਣ ਵਾਲੀਆਂ ਹੋਰ ਵੀ ਗੱਲਾਂ ਦੀ ਖੋਜ ਕਰ ਰਹੇ ਹਨ। ਸਾਧਾਰਣ ਸ਼ਬਦਾਂ ਵਿਚ, ਮਨੁੱਖੀ ਸ਼ਰੀਰ ਵਿਚ ਲਹੂ ਦੇ ਕੁਝ ਕੰਮਾਂ ਦਾ ਵਰਣਨ ਕੀਤਾ ਜਾ ਸਕਦਾ ਹੈ ਜਿਵੇਂ; ਸਰੀਰ ਨੂੰ ਸਾਫ ਕਰਨਾ, ਜੀਵਨ ਦੇਣਾ ਅਤੇ ਬੀਮਾਰੀ ਨੂੰ ਰੋਕਣਾ। ਅਦਭੁਤ ਜਿਵੇਂ ਇਹ ਹੋ ਸਕਦਾ ਹੈ, ਇਹ ਜਾਣਨਾ ਹੋਰ ਵੀ ਹੈਰਾਨ ਕਰਨ ਵਾਲਾ ਹੋਵੇਗਾ ਕਿ ਪਰਮੇਸ਼ਰ ਨੇ ਤੁਹਾਨੂੰ ਅਤੇ ਮੈਨੂੰ ਇਕ ਲਹੂ ਦੀ ਧਾਰਾ ਉਪਲਬਧ ਕਰਾਈ ਹੈ ਜਿਹੜੀ ਮਿਲਦੀ ਜੁਲਦੀ ਹੈ ਫੇਰ ਵੀ ਬਹੁਤ ਜਿਆਦਾ ਚਮਤਕਾਰੀ ਉਦੇਸ਼ ਦੀ ਹੈ। ਅਤੇ ਉਹ ਲਹੂ ਉਨ੍ਹਾਂ ਸਾਰਿਆਂ ਲਈ ਹੈ ਜਿਹੜੇ 'ਵਾਸਤਵਿਕ' ਜੀਵਨ ਦੀ ਖੋਜ ਕਰਦੇ ਹਨ। ਪਾਪੀ ਲਈ, ਯਿਸੂ ਦਾ ਲਹੂ ਪਰਮੇਸ਼ਰ ਦਾ ਪਾਪ ਤੋਂ ਸਾਫ ਕਰਨ ਵਾਲਾ ਏਜੰਟ ਹੈ। ਆਤਮਿਕ ਮੌਤ ਵਾਲੇ ਲਈ, ਉਸ ਦਾ ਕੀਮਤੀ ਲਹੂ ਉਸ ਦੇ ਅੰਦਰ ਜੀਵਨ ਪਾ ਦਿੰਦਾ ਹੈ। ਜਿਹੜਾ ਆਤਮਿਕ ਰੂਪ ਨਾਲ ਜੀਵਿਤ ਹੈ, ਯਿਸੂ ਦਾ ਲਹੂ ਸ਼ਤਾਨ ਦੇ ਹਮਲਿਆਂ ਤੋਂ ਪਰਮੇਸ਼ਰ ਵੱਲੋਂ ਬਚਾਉਣ ਵਾਲਾ ਏਜੰਟ ਹੈ। ਇਸ ਕੀਮਤੀ ਲਹੂ ਬਾਰੇ ਅਸੀਂ ਪੜਦੇ ਹਾਂ: ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਸੀਂ ਜੋ ਆਪਣੀ ਅਕਾਰਥ ਚਾਲ ਤੋਂ ਜਿਹੜੀ ਤੁਹਾਡੇ ਵੱਡਿਆਂ ਤੋਂ ਚਲੀ ਆਈ ਹੈ ਨਿਸਤਾਰਾ

ਪਾਇਆ ਸੌ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ ਸਗੋਂ ਮਸੀਹ ਦੇ ਅਮੋਲਕ ਲਹੂ ਨਾ ਪਾਇਆ ਜਿਹੜਾ ਨਿਸ਼ਕਲੰਕ ਅਤੇ ਬੇਦਾਗ ਲੇਲੇ ਦੀ ਨਿਆਈ ਸੀ (1ਪਤਰਸ 1:18-19)।

## ਲਹੂ: ਇਸ ਦੀ ਸ਼ੁਧ ਕਰਨ ਸਾਮਰਥ

ਕੁਝ ਸਮਾਂ ਪਹਿਲਾਂ, ਸਮਾਚਾਰ ਮੀਡੀਆ ਨੇ ਰਿਪੋਰਟ ਕੀਤੀ ਕਿ ਇਕ ਲਾਲਚੀ ਢੋਆ ਢੁਆਈ ਕੰਪਨੀ ਨੇ ਸਾਫ ਸਫਾਈ ਦੀ ਲੋੜਾਂ ਨਾਲ ਸਮਝੌਤਾ ਕੀਤਾ। ਆਪਣੇ ਲਾਭ ਨੂੰ ਵਧਾਉਣ ਲਈ ਇਸ ਕੰਪਣੀ ਨੇ ਇਕ ਟੈਂਕ ਆਪਣੀ ਕਿਤਾਬ ਵਿਚ, ਲਹੂ ਦੀ ਕੈਮਇਸਟਰੀ ਵਿਚ ਐਮ.ਆਰ.ਡੀਹਾਨ,ਐਮ.ਡੀ ਨੇ ਦੇਹ ਸੰਬੰਧੀ, ਜਣੇਪੇ ਸੰਬੰਧੀ ਅਤੇ ਨਰਸਿੰਗ, ਪ੍ਰਕਾਸ਼ਨ ਸੰਬੰਧੀ ਬਹੁਤ ਸਾਰੇ ਜਾਣੇ ਪਛਾਣੇ ਹਵਾਲੇ ਦਿੱਤੇ ਹਨ ਅਤੇ ਸਿੱਟਾ ਕੱਢਿਆ ਹੈ: ''ਮਾਂ ਭਰੂਣ ਨੂੰ (ਅਨਜੰਮੇ ਵਿਕਾਸ ਹੋ ਰਹੇ ਸ਼ਿਸ਼ੂ) ਆਪਣੇ ਗਰਭ ਦੇ ਗੁਪਤ ਵਿਚ ਉਸ ਦੇ ਛੋਟੇ ਜਿਹੇ ਸ਼ਰੀਰ ਨੂੰ ਬਣਾਉਣ ਲਈ ਪੋਸ਼ਕ ਤੱਤ ਪ੍ਰਦਾਨ ਕਰਦੀ ਹੈ, ਪਰ ਸਾਰਾ ਖੂਨ ਜਿਹੜਾ ਇਸ ਵਿਚ ਬਣਦਾ ਹੈ ਉਹ ਭਰੂਣ ਦੇ ਆਪਣੇ ਅੰਦਰ ਹੀ ਪੈਦਾ ਹੁੰਦਾ ਹੈ। ਗਰਭ ਧਾਰਣ ਕਰਨ ਦੇ ਸਮੇਂ ਤੋਂ ਲੈ ਕੇ ਪੈਦਾ ਹੋਣ ਦੇ ਸਮੇਂ ਤੱਕ ਇੱਕ ਇੱਕਲੀ ਲਹੂ ਦੀ ਬੂੰਦ ਵੀ ਕਦੇ ਵੀ ਮਾਂ ਤੋਂ ਬੱਚੇ ਵਿਚ ਨਹੀਂ ਜਾਂਦੀ।'' ਕਿਸੇ ਵੀ ਤਰਾਂ ਡੀਹਾਨ ਦੀ ਰਾਏ ਤੇ ਮਤ ਪ੍ਰਗਟ ਕਰਦੇ ਹੋਏ, ਡਾਕਟਰ ਰੋਬਰਟ ਈ ਕੋਲਮੈਨ ਨੇ ਆਪਣੀ ਕਿਤਾਬ ਲਹੂ ਵਿਚ ਲਿਖਿਆ: ''ਇਸ ਦ੍ਰਿਸ਼ਟੀਕੋਣ ਨੂੰ ਅਸਵੀਕਾਰ ਕੀਤੇ ਬਿਨਾਂ, (ਡੀਹਾਨ ਦੇ ਦ੍ਰਿਸ਼ਟੀਕੋਣ ਨੂੰ ਕਿ ਮਨੁੱਖੀ ਸਰੀਰ ਦਾ ਲਹੂ ਭਰੂਣ ਦੇ ਵਿਚ ਨਰ ਵੀਰਜ ਦੇ ਅੰਦਰ ਵੜਨ ਨਾਲ ਹੀ ਬਣਦਾ ਹੈ, ਅਤੇ ਇਸ ਤਰਾਂ ਮਾਂ ਦੇ ਸਰੀਰ ਨਾਲ ਕੋਈ ਸਿੱਧਾ ਸੰਪਰਕ ਨਹੀਂ ਹੁੰਦਾ ਹੈ) ਮੈਂ ਸੋਚਦਾ ਹਾਂ ਕਿ ਧਿਆਨ ਵਿਚ ਰੱਖਣਾ ਠੀਕ ਹੋਵੇਗਾ ਕਿ ਦੂਜੇ ਮੈਡੀਕਲ ਡਾਕਟਰ ਇਸ ਦੀ ਪ੍ਰਮਾਣਿਕਤਾ ਨੂੰ ਗੰਭੀਰਤਾ ਨਾਲ ਪ੍ਰਸ਼ਨ ਕਰਦੇ ਹਨ। ਫੇਰ ਵੀ ਹਾਲਾਤ ਦੇ ਜੀਵ ਵਿਗਿਆਨ ਸੰਬੰਧੀ ਪ੍ਰਕ੍ਰਿਤੀ ਤੇ ਧਿਆਨ ਦਿੱਤੇ ਬਿਨਾਂ, ਮੈਂ ਕੋਈ ਕਾਰਣ ਨਹੀਂ ਵੇਖਦਾ ਕਿ ਇਸ ਨੂੰ ਕਿਉਂ ਇਕ ਵਿਸ਼ਾ ਬਣਨਾ ਚਾਹੀਦਾ ਹੈ। ਇਹ ਸਚਾਈ ਕਿ ਯਿਸੂ ਦਾ ਗਰਭਧਾਰਣ ਪਰਮੇਸ਼ਰ ਦੁਆਰਾ ਹੋਇਆ, ਟ੍ਰਕ ਦਾ ਇਸਤੇ ਮਾਲ ਜ਼ਹਿਰੀਲੇ ਉਤਪਾਦਨ ਨੂੰ ਦੂਜੀ ਦਿਸ਼ਾ ਵਿਚ ਢੋਣ ਲਈ ਕੀਤਾ ਅਤੇ ਫੇਰ ਗੈਰ ਸਰਕਾਰੀ ਤੌਰ ਤੇ ਉਸੇ ਟੈਂਕ ਨੂੰ ਵਾਪਸੀ ਤੇ ਤਰਲ ਆਹਾਰ ਦੇ ਉਤਪਾਦਨ ਨੂੰ ਢੋਣ ਦੇ ਲਈ ਕੀਤਾ। ਇਸ ਦੇ ਨਤੀਜੇ ਵਜੋਂ ਬਹੁਤ ਸਾਰੇ ਲੋਕ ਗੰਭੀਰ ਰੂਪ ਨਾਲ ਬੀਮਾਰ ਪੈ ਗਏ।

ਕਿਸੇ ਵੀ ਤਰਾਂ, ਮਨੁੱਖੀ ਸਰੀਰ ਵਿਚ ਪਰਮੇਸ਼ਰ ਨੇ ਢੋਆ ਢੁਆਈ ਅਦਭੁਤ ਸਿਸਟਮ ਬਣਾਇਆ ਹੈ ਜਿਹੜਾ ਕੋਸ਼ਾਂ ਨੂੰ ਭੋਜਨ ਪਹੁੰਚਾਉਂਦਾ ਹੈ ਅਤੇ ਉਸੇ ਵੇਲੇ ਕੂੜੇ ਕਰਕਟ ਦੀ ਸਫਾਈ ਕਰਦਾ ਹੈ। ਅਤੇ ਪਰਮੇਸ਼ਰ ਦੀ ਸਿੱਧ ਰਚਨਾ ਦੇ ਕਾਰਣ, ਲਹੂ ਦੀ ਧਾਰਾ ਵਿਚ ਕੋਈ ਵੀ ਅਸ਼ੁੱਧਤਾ ਪਾਰ ਨਹੀਂ ਹੁੰਦੀ ਹੈ। ਹੈਰਾਨਗੀ ਦੀ ਗੱਲ ਇਹ ਹੈ ਕਿ ਮਨੁੱਖੀ ਸਰੀਰ ਦਾ ਕੋਈ ਵੀ ਕੋਸ਼ ਵਾਲ ਦੀ ਚੌੜਾਈ ਤੋਂ ਜਿਆਦਾ ਨਹੀਂ ਹੈ ਅਰਥਾਤ ਲਹੂ ਦੀ ਕੈਪੀਲਰੀ ਤੋਂ। ਜੇ ਜ਼ਹਿਰੀਲੇ ਪਦਾਰਥ ਇਨ੍ਹਾਂ ਕੋਸ਼ਾਂ ਤੋਂ ਨਾ ਕੱਢੇ ਜਾਣ, ਤਾਂ ਅਮਿੱਟ ਨਤੀਜਾ ਬੀਮਾਰੀ ਅਤੇ ਮੌਤ ਹੋਵੇਗੀ।

ਅਤੇ ਠੀਕ ਇਹੋ ਪਰਮੇਸ਼ਰ ਨੇ ਵਰਣਨ ਕੀਤਾ ਜਦ ਉਸ ਨੇ ਪਾਪ ਦੀ ਅਸ਼ੁੱਧਤਾ ਭਰੀ ਉਪਸਥਿਤੀ ਨੂੰ ਸਾਡੇ ਜੀਵਨਾਂ ਵਿਚੋਂ ਕੱਢਣ ਦੇ ਆਪਣੇ ਤਰੀਕੇ ਨੂੰ ਸਪਸ਼ਟ ਕੀਤਾ। ਅਜਿਹੀ ਸ਼ੁੱਧਤਾ ਸਿਰਫ ਯਿਸੂ ਦੇ ਕੀਮਤੀ ਲਹੂ ਦੇ ਰਾਹੀਂ ਹੀ ਹੈ: ਪਰ ਜੇ ਅਸੀਂ ਚਾਨਣ ਵਿਚ ਚੱਲੀਏ ਜਿਵੇਂ ਉਹ ਚਾਨਣ ਵਿਚ ਹੈ ਤਾਂ ਸਾਡੀ ਆਪੋ ਵਿੱਚੀ ਸੰਗਤ ਹੈ ਅਤੇ ਉਹ ਦੇ ਪੁੱਤਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪਾਂ ਤੋਂ ਸ਼ਵੱਛ ਕਰਦਾ ਹੈ (1ਯੂਹੰਨਾ 1:7)। ਇਸ ਤੋਂ ਅੱਗੇ ਪਰਮੇਸ਼ਰ ਨੇ ਕਿਹਾ ਹੈ ਕਿ ਸਾਡੇ ਪਾਪਾਂ ਦੇ ਮਾਫ ਹੋਣ ਦਾ ਹੋਰ ਕੋਈ ਤਰੀਕਾ ਨਹੀਂ ਹੈ, ਕਿਉਂਕਿ ਬਿਨਾਂ ਲਹੂ ਵਹਾਏ ਮਾਫੀ ਹੁੰਦੀ ਹੀ ਨਹੀਂ (ਇਬਰਾਨੀਆਂ 9:22)।

ਲਹੂ : ਇਸ ਦੀ ਜੀਵਨ ਦੇਣ ਦੀ ਸਾਮਰਥ

ਲਹੂ ਦਾ ਦੂਜਾ ਕੰਮ ਹੈ ਕਿ ਲੋੜ ਅਨੁਸਾਰ ਪਾਣੀ ਅਤੇ ਖੁਰਾਕ ਨੂੰ ਜੀਵਿਤ ਰੱਖਣ ਲਈ ਸਾਰੇ ਸਰੀਰ ਵਿਚ ਲੈ ਕੇ ਜਾਣਾ। ਜੇ ਲਹੂ ਸਰੀਰ ਦੇ ਕੋਸ਼ਾਂ ਅਤੇ ਤੰਤੂਆਂ ਤਕ ਪਹੁੰਚਣ ਵਿਚ ਅਸਫਲ ਹੋ ਜਾਵੇ, ਸਰੀਰ ਦੇ ਉਹ ਅੰਗ ਛੇਤੀਂ ਹੀ ਮਰ ਜਾਂਦੇ ਹਨ। ਇਸ ਤਰਾਂ ਜਦ ਲਹੂ ਦਾ ਦੌਰਾ ਹੋਣਾ ਬੰਦ ਹੋ ਜਾਂਦਾ ਹੈ ਤਾਂ ਸਰੀਰ ਮਰ ਜਾਂਦਾ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਜੀਵਨ ਲਹੂ ਵਿਚ ਹੈ।

ਇਸ ਦੀ ਜਾਣਕਾਰੀ ਰੱਖਦੇ ਹੋਏ ਅਸੀਂ ਪ੍ਰਭੂ ਯਿਸੂ ਦੇ ਵਚਨਾਂ ਨੂੰ ਚੇਤੇ ਕਰਦੇ ਹਾਂ ਜਿਸ ਨੇ ਉਸ ਦੇ ਚੇਲਿਆਂ ਨੂੰ ਤ੍ਰਿਭਕਾ ਦਿੱਤਾ ਜਦ ਉਸ ਨੇ ਆਪਣੇ ਹੀ ਲਹੂ ਬਾਰੇ ਗੱਲ ਕੀਤੀ। ਉਸ ਨੇ ਜ਼ੋਰ ਦੇ ਕੇ ਕਿਹਾ :

*ਜੇ ਤੁਸੀਂ ਮਨੁੱਖ ਦੇ ਪੁੱਤਰ ਦਾ ਮਾਸ ਨਾ ਖਾਉ ਅਤੇ ਉਹ ਦਾ ਲਹੂ ਨਾ ਪੀਉ, ਤਾਂ ਤੁਹਾਡੇ ਵਿਚ ਜੀਉਣ ਨਹੀਂ ਹੈ। ਜੋ ਕੋਈ ਮੇਰਾ ਮਾਸ ਖਾਂਦਾ ਹੈ ਮੇਰਾ ਲਹੂ ਪੀਂਦਾ ਹੈ ਸਦੀਪਕ ਜੀਉਣ ਉਸੇ ਦਾ ਹੈ, ਅਤੇ*

*ਮੈਂ ਅੰਤ ਦੇ ਦਿਨ ਉਹ ਨੂੰ ਜੀਉਂਦਾ ਉਠਾਵਾਂਗਾ। ਕਿਉਂਕਿ ਮੇਰਾ ਮਾਸ ਸੱਚਮੁੱਚ ਖਾਣ ਦੀ, ਅਤੇ ਮੇਰਾ ਲਹੂ ਸੱਚਮੁੱਚ ਪੀਣ ਦੀ ਵਸਤੂ ਹੈ* (ਯੂਹੰਨਾ 6:53–55)।

ਕਿਸੇ ਵੀ ਤਰਾਂ, ਯਿਸੂ ਨੇ ਇਸ ਦੇ ਵਾਸਤਵਿਕ ਅਰਥ ਨੂੰ ਸਪਸ਼ਟ ਕੀਤਾ। ਉਸ ਨੇ ਆਖਿਆ, ਜੋ ਮੇਰਾ ਮਾਸ ਖਾਂਦਾ ਅਤੇ ਮੇਰਾ ਲਹੂ ਪੀਂਦਾ ਹੈ ਸੋ ਮੇਰੇ ਵਿਚ ਰਹਿੰਦਾ ਹੈ ਅਤੇ ਮੈਂ ਉਸ ਵਿਚ (ਯੂਹੰਨਾ 6:56)। ਇਸ ਵਿਚ ਕਿੰਨਾਂ ਆਨੰਦ ਹੈ ਕਿ ਆਤਮਿਕ ਜੀਵਨ ਦੇ ਵਾਸਤਵਿਕ ਸ੍ਰੋਤ ਨੂੰ ਸਮਝਿਆ ਜਾਵੇ। ਯਿਸੂ ਦਾ ਲਹੂ ਇਸੇ ਲਈ ਵਹਾਇਆ ਗਿਆ ਕਿ ਪਾਪੀਆਂ ਨੂੰ ਉਨ੍ਹਾਂ ਦੇ ਪਾਪ ਤੋਂ ਛੁਟਕਾਰਾ ਮਿਲੇ। ਅਤੇ ਉਸ ਦੇ ਵਹਾਏ ਹੋਏ ਲਹੂ ਦੇ ਕਾਰਣ ਹੀ ਹੁਣ ਅਸੀਂ ਉਸ ਦੇ ਜੀਵਨ ਦੇ ਅੰਸ਼ ਵਿਚ ਸ਼ਾਮਲ ਹੋ ਸਕਦੇ ਹਾਂ। ਪ੍ਰਭੂ ਯਿਸੂ ਨੇ ਉਸ ਦੇ ਲਹੂ ਨੂੰ ਪੀਣ ਦੇ ਵਾਸਤਵਿਕ ਅਰਥ ਨੂੰ ਸਮਝਾਇਆ ਜਦ ਉਸ ਨੇ ਕਿਹਾ, ''ਮੈਂ ਉਸ ਵਿਚ' ਅਦਭੁਤ ਹਾਂ।

ਵਿਅਕਤੀਗਤ ਤੌਰਤੇ ਮਸੀਹ ਦੇ ਜੀ ਉੱਠਣ ਦੀ ਸਾਮਰਥ ਦੀ ਅੰਤਰਵਾਸੀ ਉਪਸਥਿਤੀ ਦਾ ਅਨੁਭਵ ਕਰਦੇ ਹੋਏ, ਵਿਸ਼ਵਾਸੀ ਜਿੱਤ ਦਾ ਆਨੰਦ ਲੈ ਕੇ ਗਵਾਹੀ ਦੇ ਸਕਦੇ ਹਨ : ''ਜੀਵਿਤ ਮਸੀਹ ਹੁਣ ਮੇਰੇ ਅੰਦਰ ਰਹਿੰਦਾ ਹੈ।'' ਅਜਿਹੇ ਲੋਕਾਂ ਲਈ, ਪ੍ਰਭੂ ਭੋਜ ਦੀ ਰੋਟੀ ਅਤੇ ਦਾਖਰਸ ਵਿਚ ਹਿੱਸਾ ਲੈਣਾ ਧੰਨਵਾਦ ਅਤੇ ਗਵਾਹੀ ਦਾ ਇਕ ਸਧਾਰਣ ਅਤੇ ਸੰਕੇਤਕ ਕਿਰਿਆ ਹੈ।

ਅਫਸੋਸ ਦੀ ਗੱਲ ਹੈ, ਹਾਲੇ ਵੀ ਲੱਖਾਂ ਅਜਿਹੇ ਲੋਕ ਹਨ ਜਿਹੜੇ ਇਹ ਵਿਸ਼ਵਾਸ ਕਰਨ ਵਿਚ ਅੜੇ ਰਹਿੰਦੇ ਹਨ ਕਿ ਰੋਟੀ ਅਤੇ ਦਾਖਰਸ ਜਿਹੜੇ ਕਿਸੇ ਖਾਸ ਇਕੋਰੀਸਟ ਤੇ ਪਰੋਸੇ ਜਾਂਦੇ ਹਨ ਵਾਸਤਵ ਵਿਚ ਮਸੀਹ ਦੇ ਸਰੀਰਕ ਮਾਸ ਅਤੇ ਲਹੂ ਵਿਚ ਪਰਿਵਰਤਿਤ ਹੋ ਜਾਂਦੇ ਹਨ। ਜੋ ਕੁਝ ਸਾਡੇ ਪ੍ਰਭੂ ਦਾ ਇਰਾਦਾ ਇਰਾਦਾ ਸੀ ਕਿ ਇਹ ਉਸ ਦੇ ਅੰਤਰਵਾਸੀ ਜੀਵਨ ਦੇ ਸੰਕੇਤਕ ਵਿਚ ਸਮਝਣਾ ਹੈ ਇਹ ਗੱਲ ਦਰਦ ਨਾਲ ਕਹਿਣੀ ਪੈਂਦੀ ਹੈ ਕਿ ਇਹ ਵਾਸਤਵ ਵਿਚ ਸਰੀਰਕ ਸਚਾਈ ਕਰਕੇ ਸਮਝੀ ਜਾਂਦੀ ਹੈ।

ਯਿਸੂ ਦੇ ਕੀਮਤੀ ਲਹੂ ਜੀਵਨ ਦੇਣ ਵਾਲੀ ਸਾਮਰਥ ਦਾ ਵਿਕਾਸ ਅਦਭੁਤ ਤਰੀਕੇ ਨਾਲ ਵਿਸ਼ਵਾਸੀ ਦੇ ਜੀਵਨ ਵਿਚ ਸੂਚਿਤ ਕੀਤਾ ਜਾਂਦਾ ਹੈ ਜਦ ਉਹ ਉੱਪਰੋਂ ਪਵਿੱਤਰ ਆਤਮਾ ਦੀ ਸਾਮਰਥ ਦੇ ਰਾਹੀਂ ਪੈਂਦਾ ਹੁੰਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਜੀਵਨ ਪ੍ਰਾਪਤ ਕਰਨ ਲਈ ਹਰੇਕ ਵਿਅਕਤੀ ਦੀ ਮੁੱਢਲੀ ਲੋੜ ਲਹੂ ਦਾ ਦਾਖਲ ਕਰਨਾ ਹੈ।

## ਲਹੂ : ਇਸ ਦੀ ਰੱਖਿਆ ਕਰਨ ਦੀ ਸਾਮਰਥ

ਮਨੁੱਖੀ ਲਹੂ ਦਾ ਇੱਕ ਹੋਰ ਵੀ ਚਮਤਕਾਰੀ ਕੰਮ ਹੈ ਲਹੂ ਨਾ ਸਿਰਫ ਜੀਵਨ ਨੂੰ ਸ਼ੁੱਧ ਕਰਦਾ ਅਤੇ ਜੀਵਨ ਹੀ ਦਿੰਦਾ ਹੈ ਪਰ ਇਹ ਜੀਵਨ ਦੀ ਰੱਖਿਆ ਵੀ ਕਰਦਾ ਹੈ।

ਜਦ ਭਾਰਤ ਵਿਚ ਬਿਉਬੋਨਿਕ ਪਲੇਗ ਦੀ ਤਸ਼ਖੀਸ਼ ਕੀਤੀ ਗਈ ਸੀ ਤਾਂ ਸਾਰੇ ਸੰਸਾਰ ਵਿਚ ਡਰ ਫੈਲ ਗਿਆ ਸੀ। ਅੰਤਰ ਮਹਾਦੀਪ ਦੇ ਜੈਟ ਹਵਾਈ ਜਹਾਜ਼ ਜਿਹੜੇ ਉਸ ਦੇਸ਼ ਵਿਚ ਬਣਾਏ ਗਏ ਸਨ ਉਨ੍ਹਾਂ ਨੂੰ ਧੂਣੀ ਦੇ ਕੇ ਕੀਟਾਣੂ ਰਹਿਤ ਕੀਤਾ ਗਿਆ ਅਤੇ ਕੁਝ ਹਾਲਾਤਾਂ ਵਿਚ ਯਾਤ੍ਰੀਆਂ ਨੂੰ ਮੈਂਡੀਕਲ ਜਾਂਚ ਪੜਤਾਲ ਲਈ ਕੁਝ ਚਿਰ ਲਈ ਵੱਖਰਾ ਰੱਖਿਆ ਗਿਆ। ਕਿਤੇ ਇਹ ਮਾਰੂ ਬੀਮਾਰੀ ਦੂਜੇ ਦੇਸ਼ਾਂ ਵਿਚ ਵੀ ਨਾ ਫੈਲ ਜਾਵੇ, ਕੁਝ ਚਿਰ ਲਈ ਇਸ ਤੋਂ ਬਾਅਦ ਦੀਆਂ ਭਾਰਤ ਤੋਂ ਸ਼ੁਰੂ ਹੋਣ ਵਾਲੀਆਂ ਸਾਰੀਆਂ ਉੜਾਨਾਂ ਤੇ ਸਰਕਾਰੀ ਪਾਬੰਦੀ ਲੱਗਾ ਦਿੱਤੀ ਗਈ।

ਬਿਉਬੋਨਿਕ ਪਲੇਗ ਦੀ ਧਮਕੀ ਤੋਂ ਬਿਨਾਂ ਹੀ ਮਨੁੱਖੀ ਸ਼ਰੀਰ ਤੇ ਬਾਹਰਲੇ ਦੇਸ਼ਾਂ ਤੋਂ ਲਗਾਤਾਰ ਬੰਬਾਰੀ ਅਤੇ ਕੀਟਾਣੂਆਂ ਨਾਲ ਜੀਵਨ ਦੀ ਧਮਕੀਆਂ ਮਿਲਦੀਆਂ ਹੀ ਰਹਿੰਦੀਆਂ ਹਨ। ਪਰ ਲਹੂ ਦੇ ਵਿਚ ਜਵਾਬੀ ਹਮਲੇ ਦੀ ਇਕ ਚਮਤਕਾਰੀ ਕਾਰਜ ਵਿਧੀ ਹੁੰਦੀ ਹੈ। ਇਹ ਇਸ ਦੇ ਜੀਵਨ ਬਚਾਉਣ ਦੀ ਧਾਰਾ ਵਿਚ ਬੀਮਾਰੀ ਦੇ ਪ੍ਰਭਾਵ ਨੂੰ ਦੂਰ ਕਰਨ ਵਾਲੇ ਪਦਾਰਥ ਅਤੇ ਹੋਰ ਦੂਜੇ ਖਾਸ ਪਦਾਰਥਾਂ ਨੂੰ ਲੈ ਕੇ ਚੱਲਦੀ ਹੈ ਜਿਸ ਨਾਲ ਜੀਵਾਣੂਆਂ ਦੇ ਹਮਲੇ ਦੇ ਵਿਰੁੱਧ ਸ਼ਰੀਰ ਦਾ ਜਾਂ ਸਰੀਰ ਦੇ ਸਿਸਟਮ ਦਾ ਬਚਾਉ ਹੁੰਦਾ ਹੈ। ਜਦ ਇਸ ਤਰਾਂ ਦਾ ਹਮਲਾ ਹੁੰਦਾ ਹੈ ਤਾਂ ਲਹੂ ਦੇ ਸਫੇਦ ਕੌਮਾਂ (ਜਿਹੜੇ ਉੱਥੇ ਬਚਾਉ ਦੇ ਉਦੇਸ਼ ਕਰਕੇ ਹੀ ਹੁੰਦੇ ਹਨ) ਦਾ ਨਾਟਕੀ ਤੌਰ ਤੇ ਨੰਬਰ ਵੱਧ ਜਾਂਦਾ ਹੈ ਲਈ ਕੁਦ ਪੈਂਦੇ ਹਨ।

ਇਹ ਜਾਣਨਾ ਕਿੰਨ੍ਹਾ ਅਦਭੁਤ ਹੈ ਕਿ ਪ੍ਰਭੂ ਯਿਸੂ ਮਸੀਹ ਦਾ ਲਹੂ ਮਨੁੱਖੀ ਲਹੂ ਦੀ ਅਦਭੁਤ ਸਾਮਰਥ ਵਾਂਙੁ, ਜੀਵਨ ਦੀ ਰੱਖਿਆ ਕਰਨ ਵਾਲੀ ਸੇਵਕਾਈ ਕਰਦਾ ਹੈ। ਇਹ ਯਿਸੂ ਮਸੀਹ ਦਾ ਲਹੂ ਹੀ ਹੈ ਜਿਹੜਾ ਸ਼ਤਾਨੀ ਸ਼ਕਤੀਆਂ ਦੀ ਲਗਾਤਾਰ ਬੰਬਾਰੀ ਤੋਂ ਵਿਸ਼ਵਾਸੀ ਨੂੰ ਬਚਾਉਂਦਾ ਹੈ। ਭਵਿੱਖਬਾਣੀ ਵਿਚ ਸ਼ਤਾਨ ਅਤੇ ਪਰਮੇਸ਼ਰ ਦੇ ਲੋਕਾਂ ਵਿਚਕਾਰ ਆਖਿਰੀ ਸਮੇਂ ਦੇ ਯੁੱਧ ਬਾਰੇ, ਅਸੀਂ ਪੜਦੇ ਹਾਂ; ਅਤੇ ਉਨ੍ਹਾਂ ਨੇ ਲੇਲੇ ਦੇ ਲਹੂ ਦੇ ਕਾਰਨ ਅਤੇ ਆਪਣੀ ਸਾਖੀ ਦੇ ਵਚਨ ਦੇ ਕਾਰਨ ਉਹ ਨੂੰ ਜਿੱਤ ਲਿਆ ਅਤੇ ਮਰਨ ਤੀਕ ਆਪਣੀ ਜਾਨ ਨੂੰ ਪਿਆਰਾ ਨਾ ਜਾਤਾ (ਪ੍ਰਕਾਸ਼ ਦੀ ਪੋਥੀ 12:11)। ਤੁਸੀਂ ਵੀ ਸ਼ਤਾਨ ਦੇ ਗੰਦੇ ਵਾਧਿਆਂ ਉੱਤੇ ਯਿਸੂ ਦੇ

ਬੇਸ਼ਕੀਮਤ ਲਹੂ ਦੀ ਰੱਖਿਆ ਕਰਨ ਦੀ ਸਾਮਰਥ ਰਾਹੀਂ ਕਾਬੂ ਪਾ ਸਕਦੇ ਹੋ।

ਸ਼ਤਾਨ ਉੱਤੇ ਯਿਸੂ ਦੀ ਇਸ ਵਿਜੇ ਦੀ ਭਵਿੱਖਬਾਣੀ ਸ਼ਤਾਨ ਦੇ ਆਦਮ ਅਤੇ ਹਵਾਹ ਨੂੰ ਬਹਿਕਾਉਣ ਦੇ ਤੁਰੰਤ ਬਾਅਦ ਕੀਤੀ ਗਈ। ਤਦ, ਯਹੋਵਾਹ ਪਰਮੇਸ਼ਰ ਨੇ ਪ੍ਰਤਿਗਿਆ ਕੀਤੀ ਕਿ ਇਹ ਤੀਵੀਂ ਦਾ ਵੰਸ ਹੋਵੇਗਾ ਜਿਹੜਾ ਉਸ ਦਾ ਸਰਬਨਾਸ ਕਰੇਗਾ। ਅਤੇ ਮੈਂ ... ਤੇਰੀ ਸੰਤਾਨ ਅਤੇ ਤੀਵੀਂ ਦੀ ਸੰਤਾਨ ਵਿਚ ਵੈਰ ਪਾਵਾਂਗਾ; ਉਹ ਤੇਰੇ ਸਿਰ ਨੂੰ ਫੇਵੇਂਗਾ ਅਤੇ ਤੂੰ ਉਹ ਦੀ ਅੱਡੀ ਨੂੰ ਡੰਗ ਮਾਰੇਂਗਾ (ਉਤਪਤ 3:15)। ਇਸਤ੍ਰੀ ਦਾ ਵੰਸ ਮਸੀਹਾ ਦੀ ਅੱਡ ਨੂੰ ਨਾ ਡੱਸਿਆ। ਹਾਂ, ਪ੍ਰਭੂ ਯਿਸੂ ਮਸੀਹ ਹੀ ਸੀ, ਜਿਹੜਾ ਉਸ ਇਸਤ੍ਰੀ ਦਾ ਵੰਸ ਸੀ, ਜਿਸ ਨੇ ਆਪਣਾ ਕੀਮਤੀ ਲਹੂ ਵਹਾਇਆ ਤਾਂ ਜੋ :

> *ਮੌਤ ਦੇ ਰਾਹੀਂ ਉਹ ਉਸ ਨੂੰ ਜਿਸ ਦੇ ਵੱਸ ਵਿਚ ਮੌਤ ਹੈ।*
> *ਅਰਥਾਤ, ਸ਼ਤਾਨ ਨੂੰ ਨਾਸ ਕਰੇ* (ਇਬਰਾਨੀਆਂ 2:14)।

ਭਰਮ ਦਾ ਪਿੱਛਾ ਕਰ ਰਹੇ ਵਿਦਿਆਰਥੀਆਂ ਤੋਂ ਅੱਡ ਜਿਨ੍ਹਾਂ ਨੂੰ ਅਸੀਂ ਪੈਰਿਸ ਵਿਚ ਗੇਅਰ ਸੈਂਟ ਲਾਜ਼ਰ ਸਟੇਸ਼ਨ ਤੇ ਮਿਲੇ, ਹੋਰ ਵੀ ਦੂਜੇ ਸਨ ਜਿਨ੍ਹਾਂ ਸੱਚੇ ਜੀਵਨ ਦੇ ਸ੍ਰੋਤ ਨੂੰ ਲੱਭ ਲਿਆ ਸੀ।

ਕੁਝ ਚਿਰ ਪਹਿਲਾਂ, ਡੋਰਥੀ ਅਤੇ ਮੈਂ ਕਰੀਬ ਸੌ ਯੁਗਾਣਡੀਆਂ ਨੂੰ ਮਿਲੇ ਜਿਹੜੇ ਇਸ ਗੱਲ ਬਾਰੇ ਨਿਸ਼ਚਿਤ ਸਨ ਕਿ ਉਨ੍ਹਾਂ ਨੇ ਸੱਚੇ ਜੀਵਨ ਨੂੰ ਲੱਭ ਲਿਆ ਹੈ। ਪ੍ਰਭੂ ਯਿਸੂ ਮਸੀਹ ਦੇ ਕੀਮਤੀ ਲਹੂ ਵਿਚ ਉਨ੍ਹਾਂ ਨੇ ਦਿਲ ਦਾ ਸ਼ੁੱਧਤਾ, ਜੀਵਨ ਦੇਣ ਅਤੇ ਸ਼ਤਾਨ ਦਾ ਸਾਹਮਣਾ ਕਰਨ ਦੀ ਸਾਮਰਥ ਦੀ ਖੋਜ ਕਰ ਲਈ ਸੀ। ਉਹ ਵਾਸਤਵਿਕ ਤੌਰ ਤੇ ਇਹ ਪ੍ਰਮਾਣਿਤ ਕਰ ਸਕਦੇ ਸੀ ਕਿ ਉਨ੍ਹਾਂ ਲਈ, ਪੁਰਾਣੀਆਂ ਗੱਲਾਂ ਬੀਤ ਗਈਆਂ ਸਨ, ਅਤੇ ਇਹ ਕਿ ਹਰੇਕ ਚੀਜ਼ ਨਵੀਂ ਹੋ ਗਈ ਸੀ।

ਬੇਸ਼ਕ ਇਹ ਕਿੰਨੀਆਂ ਵਿਚ ਦੂਤਾਵਾਸ ਅਧਿਕਾਰੀਆਂ ਦੀ ਸਲਾਹ ਦੇ ਵਿਰੁੱਧ ਸੀ ਜਿਨ੍ਹਾਂ ਨੇ ਸਾਨੂੰ ਆਉਣ ਵਾਲੇ ਖਤਰੇ ਦੀ ਚੇਤਾਵਨੀ ਦਿੱਤੀ ਸੀ, ਮੇਰੀ ਪਤਨੀ ਅਤੇ ਮੈਂ, ਪਰਮੇਸ਼ਰ ਦੀ ਆਤਮਾ ਦੀ ਆਤਮਾ ਦੀ ਪ੍ਰੇਰਣਾ ਰਾਹੀਂ ਯੁਗਾਂਡਾ ਨੂੰ ਅੱਗੇ ਚੱਲੇ ਗਏ। ਪਰਮੇਸ਼ਰ ਨੇ ਸਾਡੇ ਵਧਾਏ ਹੋਏ ਸੈਮੀਨਾਰ ਯੁਗਾਂਡਾ ਦੇ ਪਾਸਟਰਾਂ ਅਤੇ ਉਨ੍ਹਾਂ ਦੀ ਪਤਨੀਆਂ ਦੇ ਨਾਲ ਸਾਡੇ ਵਧਾਏ ਹੋਏ ਸੈਮੀਨਾਰ ਦੇ ਸਮਿਆਂ ਦੀ ਯੋਜਨਾ ਬਣਾਈ ਸੀ। ਜਿਵੇਂ ਸਾਨੂੰ ਬਾਅਦ ਵਿਚ ਪਤਾ ਲੱਗਾ, ਉਸ ਨੇ ਪਹਿਲਾਂ ਤੋਂ ਹੀ ਸਾਡੀ ਵਾਪਸੀ ਹਵਾਈ ਯਾਤਰਾ ਦੀ ਵੀ ਯੋਜਨਾ ਬਣਾਈ ਸੀ। (ਇਹ ਇਸ ਤਰਾਂ ਹੋਇਆ ਕਿ ਏਨਟਿੱਬੇ ਨੂੰ ਛੱਡਣ ਵਾਲਾ ਸਾਡਾ ਆਖਿਰੀ ਹਵਾਈ ਜਹਾਜ਼ ਸੀ ਇਸ ਤੋਂ ਪਹਿਲਾਂ ਕਿ ਅਗਲਾ ਹਿੰਸਕ ਫੌਜੀ ਰਾਜਪਲਟਾ ਹੁੰਦਾ।)

ਸਾਡੇ ਹਵਾਈ ਅੱਡੇ ਤੇ ਪਹੁੰਚਦੇ ਹੀ ਇਕ ਦਮ, ਸਾਨੂੰ ਤਣਾਉ ਅਤੇ ਡਰ ਦਾ ਵਾਤਾਵਰਣ ਲੱਗਾ। ਅਫਰਾ ਤਫਰੀ ਅਤੇ ਗੰਦਗੀ ਜਿਸ ਦਾ ਸਾਨੂੰ ਸਾਹਮਣਾ ਕਰਨਾ ਪਿਆ ਉਹ ਬਿਆਨ ਤੋਂ ਬਾਹਰ ਉਸ ਇਲਾਕੇ ਵਿਚੋਂ ਕੁਝ ਕਾਰਾਂ ਵਿਚੋਂ ਇਕ ਸਾਡੇ ਲਈ ਉਪਲਬਧ ਕਰਾਈ ਗਈ ਜਿਹੜੀ ਸਾਨੂੰ ਹਵਾਈ ਅੱਡੇ ਤੋਂ ਸੜਕ ਤੇ ਲੈ ਆਈ ਜਿਸ ਵਿਚ ਬੰਬਾਂ ਦੇ ਨਾਲ ਗੱਢੇ ਪਏ ਹੋਏ ਸਨ। ਥੋੜੀ ਦੂਰ ਜਾਣ ਤੋਂ ਬਾਅਦ ਅਨੁਸ਼ਾਸ਼ਨਹੀਣ ਸਿਪਾਹੀਆਂ ਨੇ ਸਾਨੂੰ ਬੰਦੂਕ ਦੀ ਨੋਕਾਂ ਤੇ ਗਿਰਫਤਾਰ ਕਰ ਲਿਆ। ਅਸੀਂ ਨਹੀਂ ਜਾਣਦੇ ਸੀ ਕਿ ਉਹ ਸਰਕਾਰ ਦੇ ਸਿਪਾਹੀ ਸਰਕਾਰ ਵਿਰੋਧੀ ਸਿਪਾਹੀ ਸੀ ਜਾਂ ਫੇਰ ਸਿਪਾਹੀਆਂ ਦੇ ਯੂਨੀਫਾਰਸ ਵਿਚ ਠੱਗ ਸਨ। ਅਸਾਧਾਰਣ ਤੌਰ ਤੇ, ਛੇਤੀ ਹੀ ਉਨ੍ਹਾਂ ਨੇ ਸਾਡੇ ਡਰਾਈਵਰ ਨੂੰ ਪਛਾਣ ਲਿਆ ਜਿਹੜਾ ਉਨ੍ਹਾਂ ਦੇ ਕਬੀਲੇ ਦਾ ਹੀ ਸੀ ਇਸ ਲਈ ਝਿਜਕਦੇ ਹੋਏ ਉਨ੍ਹਾਂ ਨੇ ਸਾਨੂੰ ਬਿਨ੍ਹਾਂ ਲੁੱਟੇ ਜਾਂ ਕਿਸੇ ਤਰਾਂ ਦੀ ਚੋਟ ਪਹੁੰਚਾਏ ਸਾਨੂੰ ਅੱਗੇ ਜਾਣ ਦੀ ਇਜਾਜ਼ਤ ਦਿੱਤੀ।

ਸਾਡੀ ਮੰਜ਼ਿਲ ਤੇ ਪਹੁੰਚਣ ਤੋਂ ਬਾਅਦ, ਮੈਂ ਅਤੇ ਮੇਰੀ ਪਤਨੀ ਨੇ ਸਾਡੇ ਸੈਮੀਨਾਰ ਦੀ ਮੀਟਿੰਗ ਵਾਲੀ ਥਾਂ ਨੂੰ ਇਕ ਡਰੇ ਹੋਏ ਸਮਾਜ ਦੇ ਲੋਕਾਂ ਵਿਚ ਅਨ੍ਹੇਰੇ ਵਾਲੀ ਅਤੇ ਗੰਦੀ ਥਾਂ ਵਿਚ ਪਾਇਆ। ਜਦ ਪਾਸਟਰ ਅਤੇ ਉਨ੍ਹਾਂ ਦੀਆਂ ਪਤਨੀਆਂ ਉੱਥੇ ਆਏ, ਕਿਸੇ ਵੀ ਤਰਾਂ, ਛੇਤੀ ਹੀ ਅਸੀਂ ਆਪਣੇ ਆਲੇ ਦੁਆਲੇ ਨੂੰ ਭੁੱਲ ਗਏ। ਇਹ ਪ੍ਰਭੂ ਆਪ ਹੀ ਸੀ ਜਿਸ ਨੇ ਆਪਣੀ ਮਹਿਮਾ ਅਤੇ ਆਪਣੀ ਉਪਸਥਿਤੀ ਦੀ ਬਹੁਤ ਜਿਆਦਾ ਅਨੁਭਵਸ਼ੀਲਤਾ ਨਾਲ ਆਪਣੀ ਕਿਰਪਾ ਦਿੱਤੀ। ਯੁਗਾਂਡਾ ਵਿਚ ਉਹ ਮੀਟਿੰਗਾਂ ਸਾਡੇ ਜੀਵਿਤ ਪਰਮੇਸ਼ਰ ਨਾਲ ਉਸ ਮੀਟਿੰਗ ਦਾ ਬਹੁਤ ਵੱਡਾ ਅਨੁਭਵ ਸਾਡੀ ਯਾਦ ਵਿਚ ਹਮੇਸ਼ਾ ਰਹੇਗਾ।

ਬਹੁਤ ਹੀ ਧਿਆਨ ਮਹਾਨ ਹੋ ਕੇ, ਪਾਸਟਰਾਂ ਅਤੇ ਉਨ੍ਹਾਂ ਦੀਆਂ ਪਤਨੀਆਂ ਨੇ, ਦਿਨ ਦੇ ਅੱਠ ਘੰਟੇ ਬੇਆਰਾਮ ਬੈਂਚਾਂ ਤੇ ਬੈਠ ਕੇ ਮੈਨੂੰ ਅਤੇ ਡੋਰਥੀ ਨੂੰ ਬਾਈਬਲ ਵਿਚੋਂ ਪਰਮੇਸ਼ਰ ਦੀ ਸਚਾਈ ਬਾਰੇ ਵੰਡਦੇ ਸੁਣਿਆ। ਜਿਵੇਂ ਮੈਂ ਸਿਖਾ ਰਿਹਾ ਸੀ, ਮੇਰੀ ਪਤਨੀ ਪੁਰਾਣੇ ਬਲੈਕਬੋਰਡ ਉੱਤੇ ਉਨ੍ਹਾਂ ਮੁੱਖ ਗੱਲਾਂ ਨੂੰ ਲਿਖ ਰਹੀ ਸੀ ਤਾਂ ਜੋ ਸੁਣਨ ਵਾਲੇ ਆਪਣੇ ਰੱਦੀ ਵਾਲੇ ਕਾਗਜ਼ ਦੇ ਟੁਕੜਿਆਂ ਤੇ ਉਹ ਨੋਟ ਕਰਕੇ ਸੰਭਾਲ ਸਕਣ, ਇਕ ਦਮ ਦਰਵਾਜ਼ੇ ਤੇ ਹੱਥੋਂ - ਪਾਈ ਜਿਹੀ ਹੋਈ। ਬੇਸ਼ਕ ਉਨ੍ਹਾਂ ਵਿਚੋਂ ਇਕ ਸ਼ਰਾਬੀ ਆਦਮੀ ਹੱਥ ਵਿਚ ਆਪਣੀ ਰਾਈਫਲ ਫੜੀ ਹੋਈ ਅੰਦਰ ਦਾਖਲ ਹੁੰਦੇ ਹੀ ਗਿਰਫਤਾਰ ਕਰ ਲਿਆ ਗਿਆ, ਪਰ ਉਸ ਦੇ ਸਾਥੀ ਨੇ ਭੀੜ ਵਿਚੋਂ ਧੱਕੇ ਮਾਰ ਕੇ ਆਪਣਾ ਰਸਤਾ ਬਣਾਇਆ, ਆਪਣੀ ਰਾਈਫਲ ਨੂੰ ਲਹਿਰਾਇਆ, ਅਤੇ ਉਸ ਦੀ ਨੋਕ ਡੋਰਥੀ ਦੇ ਦਿਲ ਵੱਲ ਕਰ ਦਿੱਤੀ।

''ਆਓ ਅਸੀਂ ਸਾਰੇ ਇਸ ਪਿਆਰੇ ਮਨੁੱਖ ਲਈ ਪ੍ਰਾਰਥਨਾ ਕਰੀਏ ਕਿ ਇਹ ਯਿਸੂ ਨੂੰ ਜਾਣ ਲਵੇ,'' ਉਸ ਨੇ ਸ਼ਾਂਤੀ ਪੂਰਵਕ ਕਿਹਾ।

ਕੁਝ ਪਲਾਂ ਬਾਅਦ, ਜਿਹੜੇ ਮੈਨੂੰ, ਇਕ ਅਨੰਤਕਾਲ ਵਾਂਡੂ ਲਗੇ, ਮੇਰੇ ਅਨੁਵਾਦਕ ਨੇ ਮੇਰੀ ਵੱਲ ਅਸੀਮਿਤ ਹੈਰਾਨਗੀ ਨਾਲ ਮੜਿਆ ਅਤੇ ਆਖਿਆ, ''ਮੈਂ ਵਿਸ਼ਵਾਸ ਨਹੀਂ ਕਰ ਸਕਦਾ ਜੋ ਕੁਝ ਉਸ ਸ਼ਰਾਬੀ ਸਿਪਾਹੀ ਨੇ ਕਿਹਾ ਹੈ - ਉਸ ਨੇ ਆਖਿਆ ਹੈ, ''ਮੈਂ ਇਸ ਔਰਤ ਦੇ ਪਰਮੇਸ਼ਰ ਨੂੰ ਜਾਣਨਾ ਚਾਹੁੰਦਾ ਹਾਂ।''

ਜਿਵੇਂ ਹੀ ਅਨੁਵਾਦਕ ਨੇ ਬੋਲਿਆ, ਮੈਂ ਇਕ ਨਜ਼ਾਰਾ ਵੇਖਿਆ ਜਿਹੜਾ ਮੈਂ ਕਦੇ ਨਹੀਂ ਭੁਲਾਂਗਾ। ਕੋਈ ਵੀ ਕਾਰਣ ਭਾਵੇਂ ਰਿਹਾ ਹੋਵੇ ਭਾਵੇਂ ਇਹ ਕੋਈ ਸੁਰਗ ਦੂਤ ਸੀ ਜਿਸ ਨੇ ਇਸ ਬਿਨਾਂ ਅਧਿਕਾਰ ਤੋਂ ਪ੍ਰਵੇਸ਼ ਕਰਨ ਵਾਲੇ ਨੂੰ ਉਸ ਨੂੰ ਗੋਡੇ ਟੇਕਣ ਲਈ ਮਜਬੂਰ ਕੀਤਾ, ਭਾਵੇਂ ਇਹ ਪਰਮੇਸ਼ਰ ਦੀ ਪਵਿੱਤਰਤਾਈ ਅਤੇ ਸਾਮਰਥ ਦੀ ਪ੍ਰਭਾਵਪੂਰਣ ਅਨੁਭੂਤੀ ਜਿਹੜੀ ਸਾਡੀ ਮੀਟਿੰਗਾਂ ਵਿਚ ਸ਼ਰਾਬੀ ਸਿਪਾਹੀ ਲਈ ਬਹੁਤ ਜਿਆਦਾ ਪ੍ਰਬਲ ਹੋਈ, ਜਾਂ ਫੇਰ ਇਹ ਨਿਮ੍ਰਤਾ ਦਾ ਸਵੈਇੱਛਾ ਕੰਮ ਉਸ ਨੂੰ ਪ੍ਰੇਰਨਾ ਦੇ ਰਿਹਾ ਸੀ ਕਿ ਖੁਲ੍ਹੇ ਤੌਰ ਤੇ ਆਪਣੇ ਦਿਲ ਦੀ ਡੂੰਘੀ ਲੋੜ ਨੂੰ ਵਿਅਕਤ ਕਰੇ - ਮੈਂ ਨਹੀਂ ਜਾਣਦਾ। ਜੋ ਮੈਂ ਜਾਣਦਾ ਹਾਂ ਉਹ ਉਸ ਸਹੀ ਪਲ ਤੇ ਰਾਈਫਲ ਦੀ ਨੋਕ ਹੌਲੀ ਹੌਲੀ ਹੇਠਾਂ ਚੱਲੀ ਗਈ ਅਤੇ ਫੇਰ ਉਹ ਨਾਸ਼ ਕਰਨ ਦੇ ਇਰਾਦੇ ਨਾਲ ਬਣਾਇਆ ਗਿਆ ਹਥਿਆਰ ਜਮੀਨ ਤੇ ਡੇਗ ਦਿੱਤਾ ਜਿਵੇ ਉਹ ਸਿਪਾਹੀ ਆਪਣੇ ਗੋਡਿਆਂ ਤੇ ਡਿੱਗ ਪਿਆ।

ਸਿੱਖਿਆ ਦੀ ਬਾਅਦ ਦੀ ਮੀਟਿੰਗ ਵਿਚ ਕੋਈ ਸਹੀ ਸੋਚਣ ਵਾਲਾ ਪਲ ਨਹੀਂ ਸੀ। ਅਤੇ ਡੋਰਥੀ ਇਹ ਜਾਣਦੀ ਸੀ ''ਇਹ ਪ੍ਰਾਰਥਨਾ ਮੇਰੇ ਪਿੱਛੇ ਬੋਲ,'' ਉਸ ਨੇ ਆਖਿਆ। ਤਦ ਇਕ ਇਕ ਕਦਮ ਉਸ ਨੇ ਇਸ ਲਾਚਾਰ ਵਰਗਲਾਏ ਹੋਏ ਅਤੇ ਲੋੜਮੰਦ ਪ੍ਰਾਣ ਦੀ ਅਗਵਾਈ ਸਲੀਬ ਦੇ ਕਦਮਾਂ ਤੇ ਕੀਤੀ - ਪਾਪੀ ਮਨੁੱਖਾਂ ਦੇ ਮੁਕਤੀਦਾਤਾ ਕੋਲ ਜਿੱਥੇ ਉਸ ਨੇ ਯਿਸੂ ਦੇ ਲਹੂ ਦੇ ਰਾਹੀਂ ਸਾਰੇ ਸੱਚੇ ਜੀਵਨ ਦੇ ਸ੍ਰੋਤ ਨੂੰ ਲੱਭ ਲਿਆ।

ਮੈਂ ਇਸ ਅਨੁਭਵ ਨੂੰ ਇੱਥੇ ਕਿਉਂ ਵੰਡ ਰਿਹਾ ਹਾਂ? ਸਿਰਫ ਇਸ ਲਈ ਕਿ ਇਸ ਤੋਂ ਅੱਗੇ ਹੋਣ ਵਾਲੀ ਉਸ ਯਾਦ ਰੱਖਣ ਵਾਲੀ ਮੀਟਿੰਗ ਵਿਚ ਕੀ ਹੋਇਆ।

ਸਾਡੇ ਸਮੂਹ ਵਿਚ ਉੱਥੇ ਕਾਫੀ ਪੁਰਸ਼ ਸਨ ਜਿਨ੍ਹਾਂ ਕੋਲ ਇਸ ਬਿਨਾਂ ਅਧਿਕਾਰ ਦੇ ਪ੍ਰਵੇਸ਼ ਕਰਨ ਵਾਲੇ ਵਿਅਕਤੀ ਤੋਂ ਡਰਣ ਦਾ ਉਸ ਨੂੰ ਨਫਰਤ ਕਰਨ ਦਾ ਹਰੇਕ ਕਾਰਣ ਹੋਵੇਗਾ ਜਿਹੜਾ ਬੜੇ ਹਿੰਸਕ ਤਰੀਕੇ ਨਾਲ ਰਸਤਾ ਬਣਾ ਕੇ

ਸਾਡੀ ਮੀਟਿੰਗ ਵਿਚ ਆ ਗਿਆ। ਸਾਡੇ ਵਿਚਕਾਰ ਉੱਥੇ ਕਈ ਅਜਿਹੇ ਸਨ ਜਿਨ੍ਹਾਂ ਦੇ ਜੀਵਨਾਂ ਵਿਚ ਕੁਝ ਸਮਾਂ ਪਹਿਲੇ ਹੀ ਧਮਕੀਆਂ ਆਈਆਂ ਹਨ। ਉੱਥੇ ਉਪਸਥਿਤ ਇਕ ਪਾਸਟਰ ਦੀਆਂ ਉਂਗਲੀਆਂ ਅਜਿਹੇ ਇਕ ਸਿਪਾਹੀ ਰਾਹੀਂ ਉਸ ਨੂੰ ਮਾਰਣ ਦੀ ਅਸਫਲ ਕੋਸ਼ਿਸ਼ ਵਿਚ ਉੱਡਾ ਦਿੱਤੀਆਂ ਗਈਆਂ ਸਨ। ਪਰ ਕਿਉਂਕਿ ਉਹ ਸਾਰੇ ਜਾਣਦੇ ਅਤੇ ਪ੍ਰਭੂ ਯਿਸੂ ਨੂੰ ਵਿਅਕਤੀਗਤ ਤੌਰ ਤੇ ਪਿਆਰ ਕਰਦੇ ਸਨ, ਇਹ ਸਾਰੇ ਮਨੁੱਖ ਉਸ ਦੇ ਦੁਆਲੇ ਜਮਾਂ ਹੋ ਗਏ ਤਾਂ ਜੋ ਉਸ ਨੂੰ ਜਫੀ ਪਾਉਣ ਅਤੇ ਮਸੀਹ ਵਿਚ ਆਪਣੇ ਨਵੇਂ ਭਾਈ ਲਈ ਪ੍ਰਾਰਥਨਾ ਕਰਨ।

ਫੇਰ ਕਿਸੇ ਵੀ ਸੰਗੀਤ ਦੇ ਸਾਜ਼ ਦੇ ਬਗੈਰ ਹੀ, ਪਰ ਇਕ ਮਹਿਮਾਮਈ ਅਫਰੀਕਨ ਇਕ ਸੁਰਤਾ ਵਿਚ ਉਹ ਉਤਸੁਕਤਾ ਨਾਲ ਗਾਉਣ ਲਗੇ। ਮੇਰਾ ਦਿਲ ਹਾਲੇ ਵੀ ਡਰ ਨਾਲ ਭਰਿਆ ਹੋਇਆ ਸੀ ਜਿਵੇਂ ਮੈਂ ਗੀਤ ਦੇ ਉਨ੍ਹਾਂ ਸ਼ਬਦਾਂ ਤੇ ਵਿਚਾਰ ਕੀਤਾ :

ਹਾਂ, ਯਿਸੂ ਦਾ ਲਹੂ,
ਹਾਂ, ਯਿਸੂ ਦਾ ਲਹੂ,
ਹਾਂ, ਯਿਸੂ ਦਾ ਲਹੂ
ਜਿਹੜਾ ਪਾਪ ਤੋਂ ਮੈਨੂੰ ਸ਼ੁੱਧ ਕਰਦਾ ਹੈ।

ਜੇ ਕੇਵਲ ਸਾਡੇ ਸੰਸਾਰ ਦੇ ਆਗੂ ਉਸ ਦਿਨ ਸਾਡੇ ਨਾਲ ਹੁੰਦੇ ਨਿਸ਼ਚਿਤ ਤੌਰ ਤੇ ਉਹ ਵੀ ਪਰਮੇਸ਼ਰ ਦੇ ਕੇਵਲ ਇੱਕੋ ਹਲ ਦੇ ਕਬੀਲੇ ਦੇ ਵਿਚ ਦੀ ਜਾਤੀ ਦੇ ਵਿਚ ਦੀ ਅਤੇ ਅੰਤਰ ਰਾਸ਼ਟਰੀ ਮਤਭੇਦ ਦੀ ਗਵਾਹੀ ਦਿੰਦੇ :

ਅਤੇ ਉਸ ਦੇ ਸਲੀਬ ਦੇ ਲਹੂ ਦੇ ਵਸੀਲੇ ਮੇਲ ਕਰਾ ਕੇ ... ਸਾਰੀਆਂ ਵਸਤਾਂ ਨੂੰ ਉਸ ਦੇ ਰਾਹੀਂ, ਹਾਂ, ਉਸੇ ਦੇ ਰਾਹੀਂ ਆਪਣੇ ਨਾਲ ਮਿਲਾਵੇ (ਕੁਲੁੱਸੀਆਂ 1:20) ਅਤੇ ਤੁਹਾਨੂੰ ਜਿਹੜੇ ਅੱਗੇ ਅੱਡ ਹੋਏ ਹੋਏ ਅਤੇ ਆਪਣੇ ਕੁਕਰਮਾਂ ਦੇ ਕਾਰਣ ਮਨੋਂ ਵੈਰੀ ਸਾਉ ...ਉਸ ਨੇ ਹੁਣ ਨਾਲ ਮਿਲਾ ਲਿਆ (ਕੁਲੁੱਸੀਆਂ 1:21)।

ਹਾਂ, ਕੇਵਲ ਉਹੀ ਜਿਹੜੇ ਪਰਮੇਸ਼ਰ ਨਾਲ ਇਕ ਸਹੀ ਸੰਬੰਧ ਵਿਚ ਲਿਆਏ ਗਏ ਹਨ, *''ਉਹ (ਮਸੀਹ) ਦੇ ਲਹੂ ਦੇ ਰਾਹੀਂ ... ਉਹ ਦੇ ਰਾਹੀਂ ਉਹ ਕ੍ਰੋਧ ਤੋਂ ਬਚ ਜਾਵਾਂਗੇ ... ਤਾਂ ਮਿਲਾਏ ਜਾ ਕੇ ਅਸੀਂ ਇਸ ਨਾਲੋਂ ਬਹੁਤ ਵੱਧ ਕੇ ਉਹ ਦੇ ਜੀਵਨ ਦੇ ਦੁਆਰਾ ਬਚ ਜਾਵਾਂਗੇ।''* (ਰੋਮੀਆ 5:9-10)।

## ਵਿਚਾਰ ਕਰਨ ਲਈ ਠਹਿਰੋ

1. ਕੀ ਤੁਸੀਂ ਸੱਚਮੁੱਚ ਜੀਵਨ ਦੀ ਇੱਛਾ ਰੱਖਦੇ ਹੋ? ਇਹ ਉਹ ਜੀਵਨ ਹੈ ਜਿਸ ਦਾ ਵਰਣਨ ਪ੍ਰਭੂ ਯਿਸੂ ਨੇ ਕੀਤਾ ਜਦ ਉਸ ਨੇ ਕਿਹਾ ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੌਖਾ ਮਿਲੇ (ਯੂਹੰਨਾ 10:10)।

2. ਬਾਈਬਲ ਦੇ ਅਨੁਸਾਰ, ਮਨੁੱਖੀ ਸਰੀਰ ਵਿਚ ਜੀਵਨ ਕਿੱਥੇ ਪਾਇਆਂ ਜਾਂਦਾ ਹੈ? (ਲੇਵੀਆਂ 17:11ਪੜ੍ਹੋ)।

3. ਪ੍ਰਭੂ ਯਿਸੂ ਦੇ ਕੀਮਤੀ ਲਹੂ ਦੀ ਅਨੰਤ ਮਹਾਨਤਾ ਕੀ ਹੈ?

ਕੀ ਤੁਸੀਂ ਇਸ ਦੀ ਸ਼ੁੱਧ ਕਰਨ ਦੀ ਸਾਮਰਥ ਤੇ ਭਰੋਸਾ ਰੱਖਦੇ ਹੋ?

ਕੀ ਤੁਸੀਂ ਇਸ ਦੇ ਜੀਵਨ ਦੇਣ ਦੀ ਸਾਮਰਥ ਉੱਤੇ ਭਰੋਸਾ ਰੱਖਦੇਹੋ?

ਕੀ ਤੁਸੀਂ ਇਸ ਦੀ ਰੱਖਿਆ ਕਰਨ ਦੀ ਸਾਮਰਥ ਉੱਤੇ ਭਰੋਸੇ ਰੱਖਦੇ ਹੋ?

ਪ੍ਰਭੂ ਯਿਸੂ ਨੇ ਕਿਹਾ : ਕਿਆਮਤ ਅਤੇ ਜੀਉਣ ਮੈਂ ਹਾਂ, ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਜਾਏ ਤਾਂ ਵੀ ਜੀਵੇਗਾ ਅਤੇ ਹਰ ਕੋਈ ਜਿਹੜਾ ਜੀਉਂਦਾ ਹੈ ਅਰ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਸਦੀਪਕਕਾਲ ਤੀਕੁ ਕਦੇ ਨਾ ਮਰੇ (ਯੂਹੰਨਾ 11:25–26)।

ਇਸ ਕਲਾਕਾਰ ਦੇ ਕੰਮ ਦੀ ਸਿੱਧਤਾ, ਇਨਸਾਨ ਦੇ
ਚੇਹਰੇ ਦੀ ਚਮਕ, ਭੂ-ਦ੍ਰਿਸ਼ ਦੀ ਸ਼ਾਨ, ਇਨ੍ਹਾਂ ਵਿਚੋਂ
ਕੋਈ ਵੀ ਅਵਾਜ਼ ਦੇ ਰਾਹੀਂ ਪ੍ਰਗਟ ਨਹੀਂ ਕੀਤੀ
ਜਾ ਸਕਦੀ। ਨਜ਼ਾਰੇ ਦੀ ਲੋੜ ਹੁੰਦੀ ਹੈ।

## ਅਧਿਆਇ 9

# ਮੈਂ ਪਰਮੇਸ਼ਰ ਦੇ ਪਰਿਵਾਰ ਦਾ ਸਦੱਸ ਕਿਵੇਂ ਬਣ ਸਕਦਾ ਹਾਂ?

1940 ਦੇ ਸ਼ੁਰੂਆਤੀ ਦਿਨਾਂ ਵਿਚ ਮੈਡੀਕਲ ਸਾਇੰਸ ਨੇ ਅੱਖਾਂ ਦੇ ਅਪਰੇਸ਼ਨ ਵਿਚ ਵੱਡੀ ਸਫਲਤਾ ਪ੍ਰਾਪਤ ਕੀਤੀ ਸੀ। ਇਹ ਅਜਿਹੀ ਕਾਮਯਾਬੀ ਸੀ ਕਿ ਇਕ ਵਿਅਕਤੀ ਜਿਹੜਾ ਹਾਲ ਵਿਚ ਹੀ ਮਰਿਆ ਹੈ ਉਸ ਦੀ ਅੱਖ ਕੱਡ ਕੇ ਕਿਸੇ ਦੂਜੇ ਅੰਨ੍ਹੇ ਵਿਅਕਤੀ ਦੇ ਸਰੀਰ ਵਿਚ ਪਾਈ ਜਾ ਸਕਦੀ ਹੈ। ਡਾਕਟਰ ਸੈਂਗਸਟਰ ਦੇ ਸਾਨੂੰ ਆਪਣੀ ਇਸ ਪਹਿਲੀ ਕਾਮਯਾਬੀ ਦੇ ਵਿਖੇ ਦੱਸਿਆ।

ਸੂਰਜ ਚੜਨ ਤੋਂ ਬਹੁਤ ਪਹਿਲਾਂ, ਡਾਕਟਰ ਸੈਂਗਸਟਰ ਇੰਗਲੈਂਡ ਦੇ ਸਰਏ ਡਾਨਸ ਵਿਚ ਦੋ ਖੁਬਸੂਰਤ ਵਿਅਕਤੀਆਂ ਦੇ ਨਾਲ ਗਿਆ। ਉਨ੍ਹਾਂ ਵਿਚੋਂ ਇਕ ਇਸਤ੍ਰੀ ਸੀ ਜਿਹੜੀ ਜਨਮ ਤੋਂ ਹੀ ਅੰਨ੍ਹੀ ਸੀ, ਅਤੇ ਦੂਜਾ ਅੱਖਾਂ ਦਾ ਅਪਰੇਸ਼ਨ ਕਰਨ ਵਾਲਾ ਡਾਕਟਰ ਸੀ। ਅਪਰੇਸ਼ਨ ਹੋਣ ਦੇ ਦਿਨ ਤੋਂ ਪਹਿਲਾਂ ਮਰੀਜ਼ ਦੀਆਂ ਅੱਖਾਂ ਨੂੰ ਬਹੁਤ ਜਿਆਦਾ ਪੱਟੀਆਂ ਦੀ ਸੰਭਾਲ ਵਿਚ ਰੱਖਿਆ ਜਾਂਦਾ ਹੈ ਤਾਂ ਜੋ ਉਸ ਦੇ ਅੱਖ ਵਿਚ ਕਿਸੇ ਤਰਾਂ ਦੀ ਰੋਸ਼ਨੀ ਨਾ ਲੱਗੇ। ਹੌਲੀ ਹੌਲੀ ਇਹ ਉਤਾਰ ਦਿੱਤੀਆਂ ਜਾਂਦੀਆਂ ਹਨ। ਉਸ ਨੂੰ ਪਹਿਲਾਂ ਤੋਂ ਹੀ ਰੋਸ਼ਨੀ ਦੀ ਇਹ ਜਾਣਕਾਰੀ ਦੇ ਦਿੱਤੀ ਜਾਂਦੀ ਹੈ ਜੋ ਕਿ ਬਹੁਤ ਹੀ ਖੁਬਸੂਰਤ ਹੈ। ਅਤੇ ਹੁਣ ਇਸ ਤੋਂ ਪਹਿਲਾਂ ਕਿ ਸੂਰਜ ਚੜੇ ਹੌਲੀ ਹੌਲੀ ਉਹ ਆਖਰੀ ਪੱਟੀ ਉਸ ਇਸਤ੍ਰੀ ਦੀ ਅੱਖ ਤੋਂ ਉੱਤਾਰ ਦਿੱਤੀ ਗਈ ਜਿਸ ਨੇ ਪਹਿਲਾਂ ਕਦੇ ਰੋਸ਼ਨੀ ਨਹੀਂ ਵੇਖੀ ਸੀ।

ਉਸ ਦਿਨ ਸੂਰਜ ਚੜਨ ਦੀ ਝੱਲਕ ਉਸ ਤਰਾਂ ਨਹੀਂ ਪਈ ਸੀ ਜਿਵੇ ਪਹਿਲਾਂ ਜਮੀਨ ਤੇ ਆਸਮਾਨ ਮਿਲਦੇ ਦਿਸਦੇ ਸਨ। ਪਰਛਾਈ ਵੀ ਛੋਟੀ ਹੋ ਗਈ ਸੀ ਅਤੇ ਹਰੇ ਪੱਤਿਆਂ ਨੇ ਆਪਣੀ ਖੁਬਸੂਰਤੀ ਨੂੰ ਤੜਕੇ ਦੀ

ਪਰਛਾਈ ਵਿਚ ਲੁਕਾ ਲਿਆ ਸੀ। ਪੰਛੀ ਔਸ ਪਏ ਪੱਤਿਆਂ ਤੋਂ ਆਪਣੇ ਨਾਸ਼ਤੇ ਦੀ ਭਾਲ ਕਰ ਰਹੇ ਸਨ। ਇਹ ਸਾਰਾ ਨਜ਼ਾਰਾ ਵਿਚ ਇਸਤ੍ਰੀ ਦੇ ਲਈ ਬਹੁਤ ਹੀ ਅਨੋਖਾ ਸੀ ਜਿਸ ਨੇ ਆਪਣੇ ਜੀਵਨ ਵਿਚ ਪਹਿਲੀ ਵਾਰ ਵੇਖਣਾ ਸੀ। ਜਦ ਉਸ ਦੀਆਂ ਅੱਖਾਂ ਵਿਚ ਹੰਝੂ ਵਗ ਰਹੇ ਸਨ ਤਾਂ ਉਸ ਨੇ ਖੁਸ਼ੀ ਦੇ ਨਾਲ ਕਿਹਾ, ''ਵਾਹ, ਤੁਸੀਂ ਮੇਰੇ ਸਾਹਮਣੇ ਇਹ ਸਭ ਕੁਝ ਬਿਆਨ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਪਰੰਤੂ ਮੈਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਇਹ ਸਭ ਕੁਝ ਅਜਿਹੀ ਖੁਬਸੂਰਤ ਹੈ। ਫੇਰ ਉਹ ਖੌਫ ਦੇ ਨਾਲ ਪਰਮੇਸ਼ਰ ਦੀ ਮਹਾਨ ਰਚਨਾ ਦੇ ਸਾਹਮਣੇ ਚੁਪ ਚਾਪ ਬੈਠ ਗਈ।

ਜਿਹੜੇ ਵਿਅਕਤੀ ਨੇ ਕਦੇ ਵੇਖਿਆ ਹੀ ਨਹੀਂ ਉਸ ਨੂੰ ਤੁਸੀਂ ਲਾਲ ਰੰਗ ਦੇ ਬਾਰੇ ਕਿਵੇਂ ਦੱਸੋਗੇ? ਜਾਂ ਉਸ ਵਿਅਕਤੀ ਨੂੰ ਸੂਰਜ ਦੇ ਅਸਤ ਹੋਣ ਦੇ ਨਾਟਕ ਨੂੰ ਕਿਵੇਂ ਦਿਖਾਉਗੇ ਜਿਸ ਨੇ ਕਦੇ ਰੋਸ਼ਨੀ ਵੇਖੀ ਹੀ ਨਹੀਂ? ਵਾਸਤਵ ਵਿਚ ਇਹ ਅਣਹੋਣਾ ਹੈ। ਸੁੰਦਰਤਾ ਨੂੰ ਬਿਆਨ ਕਰਨ ਵਾਲੇ ਸ਼ਬਦ ਉਸ ਵਿਅਕਤੀ ਦੇ ਕੰਨਾਂ ਵਿਚ ਬਹੁਤ ਹੀ ਧੀਮੇ ਹੁੰਦੇ ਹਨ ਜਿਸ ਨੇ ਕਦੇ ਵੇਖਿਆ ਹੀ ਨਹੀਂ ਹੈ। ਇਕ ਕਲਾਕਾਰ ਦੇ ਹੱਥ ਦੇ ਨਾਲ ਬਣਾਈ ਰੰਗਦਾਰ ਤਸਵੀਰ ਦੀ ਖੁਬਸੂਰਤੀ, ਇਨਸਾਨ ਦੇ ਚੇਹਰੇ ਦੀ ਚਮਕ, ਅਤੇ ਭੂਮੀ ਖਿਸਣ ਦੀ ਸ਼ਾਨ, ਕਿਸੇ ਵੀ ਤਰਾਂ ਦੀ ਅਵਾਜ਼ ਦੇ ਰਾਹੀਂ ਪ੍ਰਗਟ ਨਹੀਂ ਕੀਤੀ ਜਾ ਸਕਦੀ। ਇਸ ਦੇ ਲਈ ਦ੍ਰਿਸ਼ਟੀ ਦਾ ਹੋਣਾ ਜਰੂਰੀ ਹੈ।

ਉਸੇ ਤਰਾਂ ਦੀ ਕਠਿਨਾਈ ਦਾ ਸਾਮਹਣਾ ਕਰਨਾ ਪੈਂਦਾ ਹੈ ਜਦ ਇਕ ਵਿਸ਼ਵਾਸੀ ਇਕ ਅਵਿਸ਼ਵਾਸੀ ਨੂੰ ਆਤਮਿਕ ਸੁੰਦਰਤਾ ਦੇ ਵਿਖੇ ਦੱਸਣ ਦੀ ਕੋਸ਼ਿਸ਼ ਕਰਦਾ ਹੈ। ਇਕ ਵਾਰ ਇਕ ਮੈਡੀਕਲ ਦੇ ਵਿਦਿਆਰਥੀ ਨਾਲ ਗੱਲ ਕਰਦੇ ਹੋਏ ਜਿਹੜਾ ਲੰਦਨ ਦੇ ਗਾਏ ਦੇ ਹਸਪਤਾਲ ਵਿਚ ਆਪਣੀ ਅੰਤਿਮ ਪ੍ਰੀਖਿਆ ਦੇ ਲਈ ਪੜਾਈ ਕਰ ਰਿਹਾ ਸੀ, ਮੈਂ ਉਸ ਨੂੰ ਪਰਮੇਸ਼ਰ ਦੇ ਪ੍ਰੇਮ ਦੀ ਅਸਾਧਾਰਨ ਘਟਨਾ ਬਾਰੇ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਨੇ ਜਵਾਬ ਦਿੱਤਾ, ''ਮੈਂ ਬਿਲਕੁਲ ਸਮਝ ਸਕਦਾ।'' ਮੈਂ ਸਮਝ ਗਿਆ, ਪਰ ਗੱਲਬਾਤ ਨੂੰ ਥੋੜਾ ਅੱਗੇ ਵਧਾਉਣ ਲਈ ਪ੍ਰੇਰਿਤ ਕੀਤਾ, ''ਨਹੀਂ, ਮੈਂ ਸ਼ੱਕ ਨਹੀਂ ਕਰਦਾ ਤੂੰ ਕਰ ਸਕਦਾ ਹੈਂ, ਕਿਉਂਕਿ ਤੂੰ ਅਜਿਹੇ ਮਨੁੱਖ ਵਰਗਾ ਹੈ

ਜਿਹੜਾ ਇਕ ਅਨ੍ਹੇਰੇ ਕਮਰੇ ਵਿਚ ਰੰਹਿਦਾ ਹੈ। ਮੈਂ ਜਾਣਦਾ ਹਾਂ ਕਿ ਉਹ ਕਿਸ ਤਰਾਂ ਦਾ ਹੁੰਦਾ ਹੈ, ਮੈਂ ਵੀ ਆਤਮਿਕ ਅਨ੍ਹੇਰੇ ਵਿਚ ਰਹਿ ਚੁੱਕਿਆ ਹਾਂ, ਪਰ ਹੁਣ ਮੈਂ ਬਾਹਰ ਹਾਂ ਜਿੱਥੇ ਪਰਮੇਸ਼ਰ ਦੇ ਪਿਆਰ ਦਾ ਸੂਰਜ ਚਮਕ ਰਿਹਾ ਹੈ। ਡੇਵਿਡ, ਮੈਂ ਆਖਿਆ, ''ਜੇ ਤੂੰ ਪਰਮੇਸ਼ਰ ਦੇ ਪਿਆਰ ਨੂੰ ਸਮਝਣਾ ਹੈ, ਤਾਂ ਤੈਨੂੰ ਅਨ੍ਹੇਰੇ ਕਮਰੇ ਵਿਚੋਂ ਉਸ ਦੀ ਸੂਰਜ ਦੀ ਰੋਸ਼ਨੀ ਵਿਚ ਬਾਹਰ ਆਉਣਾ ਪਵੇਗਾ।'' ਉਸ ਦਿਨ ਡੇਵਿਡ ਨੇ ਗੋਡਿਆਂ ਭਾਰ ਹੋ ਕੇ ਪ੍ਰਭੂ ਯਿਸੂ ਤੋਂ ਪ੍ਰਾਰਥਨਾ ਕੀਤੀ ਕਿ ਉਸ ਦੇ ਪਾਪ ਮਾਫ ਕਰੇ ਅਤੇ ਉਸ ਦੇ ਜੀਵਨ ਵਿਚ ਦਾਖਲ ਹੋ ਜਾਏ। ਮੈਂ ਕਦੇ ਨਹੀਂ ਭੁੱਲ ਸਕਦਾ ਜਦ ਉਹ ਆਪਣੇ ਗੋਡਿਆਂ ਤੋਂ ਉੱਠਿਆ ਜੋ ਕੁਝ ਉਸ ਨੇ ਕਿਹਾ : ''ਮੈਂ ਕਦੇ ਨਹੀਂ ਸੋਚਿਆ ਸੀ ਇਹ ਅਜਿਹਾ ਅਦਭੁਤ ਹੋ ਸਕਦਾ ਹੈ ਜਿਵੇਂ ਇਹ ਹੈ।''

ਜਿਵੇਂ ਸ਼ਰੀਰਕ ਦ੍ਰਿਸ਼ਟੀ ਪਰਮੇਸ਼ਰ ਦੀ ਸ੍ਰਿਸ਼ਟੀ ਦੀ ਸੁੰਦਰਤਾ ਨੂੰ ਮਨੁੱਖੀ ਅਨੁਭਵ ਨੂੰ ਦੱਸਦੀ ਹੈ, ਉਸੇ ਤਰਾਂ ਆਤਮਿਕ ਦ੍ਰਿਸ਼ਟੀ ਪਰਮੇਸ਼ਰ ਦੀ ਉਪਸਥਿਤੀ, ਸਾਮਰਥ ਅਤੇ ਪਿਆਰ ਦੀ ਵਾਸਤਵਿਕਤਾ ਨੂੰ ਮਨੁੱਖੀ ਪ੍ਰਾਣ ਉੱਤੇ ਪ੍ਰਗਟ ਕਰਦਾ ਹੈ।

ਪ੍ਰਭੂ ਯਿਸੂ, ਦੇ ਸੁਰਗ ਉੱਤੇ ਜਾਣ ਤੋਂ ਬਾਅਦ, ਉਸ ਨੇ ਪ੍ਰੇਰਿਤ ਯੂਹੰਨਾ ਦੇ ਰਾਹੀਂ ਗੱਲਬਾਤ ਕਰਕੇ ਲਾਉਦਿਕੀਏ ਦੇ ਸ਼ਹਿਰ ਦੇ ਲੋਕਾਂ ਦੀ ਆਤਮਿਕ ਸਥਿਤੀ ਦੇ ਬਾਰੇ ਤ੍ਰਿਭਕਾਉਣ ਵਾਲੀ ਤਸ਼ਖੀਸ ਦਿੱਤੀ। ਉਨ੍ਹਾਂ ਨੂੰ ਉਸ ਨੇ ਕਿਹਾ ਤੂੰ ਨਹੀਂ ਜਾਣਦਾ ਕਿ ਤੂੰ ... ਅੰਨ੍ਹਾਂ ਹੈਂ (ਪ੍ਰਕਾਸ਼ ਦੀ ਪੋਥੀ 3:17)। ਕੀ ਤੁਸੀਂ ਇੱਕ ਅੰਨ੍ਹੇ ਵਿਅਕਤੀ ਦੀ ਕਲਪਨਾ ਕਰ ਸਕਦੇ ਹੋ ਜਿਹੜਾ ਆਪਣੀ ਅਫਸੋਸਨਾਕ ਹਾਲਤ ਨੂੰ ਜਾਣਦਾ ਨਹੀਂ ਹੈ? ਆਤਮਿਕ ਅੰਨ੍ਹੇਪਨ ਦੀ ਤਸ਼ਖੀਸ ਤੋਂ ਬਾਅਦ, ਪ੍ਰਭੂ ਯਿਸੂ ਅੱਗੇ ਆਪਣੇ ਇਲਾਜ ਦਾ ਨੁਸਖਾ ਦੱਸਦਾ ਹੈ। ਆਪਣੀਆਂ ਅੱਖੀਆਂ ਵਿਚ ਪਾਉਣ ਨੂੰ ਸੁਰਮਾ ਲੈ ਭਈ ਤੂੰ ਸੁਜਾਖਾ ਹੋ ਜਾਵੇ (ਪ੍ਰਕਾਸ਼ ਦੀ ਪੋਥੀ 3:18)। ਅਤੇ ਉਹ ਇਲਾਜ ਕਿੰਨ੍ਹਾਂ ਮਹਤੱਵਪੂਰਣ ਹੈ। ਆਤਮਿਕ ਅੰਨ੍ਹੇਪਨ ਲਈ ਆਤਮਿਕ ਅੱਖ ਦੇ ਅਪ੍ਰੇਸ਼ਨ ਦੀ ਲੋੜ, ਜਿਹੜਾ ਪਵਿੱਤਰ ਆਤਮਾ ਦਾ ਕੰਮ ਹੈ।

ਪਹਿਲੀ ਵਾਰ ਜਦ ਤੁਸੀਂ ਪੈਦਾ ਹੋਏ ਸੀ ਇਹ ਸ਼ਰੀਰਕ ਜਨਮ ਸੀ। ਪਰ ਉਸ ਨੇ ਤੁਹਾਨੂੰ ਆਤਮਿਕ ਦ੍ਰਿਸ਼ਟੀ ਅਤੇ ਸਮਝ ਨਹੀਂ ਦਿੱਤੀ। ਜੇ ਤੁਸੀਂ

ਆਤਮਿਕ ਅੰਧਕਾਰ ਵਿਚੋਂ ਪਰਮੇਸ਼ਰ ਦੀ ਮਹਿਮਾ ਦੀ ਗਿਆਨ ਦੀ ਜੋਤੀ ਵੱਲ ਆਪਣਾ ਮਾਰਗ ਲੱਭਣਾ ਹੋਵੇ (2ਕੁਰਿੰਥੀਆਂ 4:6), ਤਾਂ ਤੁਹਾਨੂੰ ਦੂਜੀ ਵਾਰੀ ਜਨਮ ਲੈਣ ਦੀ ਲੋੜ ਹੈ। ਯਿਸੂ ਨੇ ਨਿਕੁਦੇਮੁਸ ਨੂੰ ਆਖਿਆ :

''*ਜਿਹੜਾ ਸਰੀਰ ਤੋਂ ਜੰਮਿਆ ਉਹ ਸਰੀਰ ਅਤੇ ਜਿਹੜਾ ਆਤਮਾ ਤੋਂ ਜੰਮਿਆ ਉਹ ਆਤਮਾ ਹੈ, ਅਚਰਜ ਨਾ ਮੰਨੀਂ ਜੋ ਤੈਨੂੰ ਆਖਿਆ ਭਈ ਤੁਹਾਨੂੰ ਨਵੇਂ ਸਿਰੇ ਜੰਮਣਾ ਜਰੂਰ ਹੈ....*(ਯੂਹੰਨਾ 3:6-7) *ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਨਵੇਂ ਸਿਰਿਓਂ ਨਾ ਜੰਮੇ ਪਰਮੇਸ਼ਰ ਦੇ ਰਾਜ ਨੂੰ ਵੇਖ ਨਹੀਂ ਸੱਕਦਾ* (ਯੂਹੰਨਾ 3:3)।

ਇਸ ਲਈ ਜੇ ਤੁਸੀਂ ਪਰਮੇਸ਼ਰ ਦੇ ਰਾਜ ਨੂੰ ਵੇਖਣਾ ਚਾਹੁੰਦੇ ਹੋ, ਤੁਹਾਨੂੰ ਵੀ ਨਵੇਂ ਸਿਰਿਓਂ ਜੰਮਣ ਦੀ ਲੋੜ ਹੈ।

ਹੋਰ ਕਿਸੇ ਵੀ ਦੂਜੇ ਮਨੁੱਖ ਦੀ ਤਰ੍ਹਾਂ ਤੁਸੀਂ ਆਪਣੇ ਜੀਵਨ ਵਿਚ ਇੱਕ ਪਰਮੇਸ਼ਰ ਦੀ ਰਚਨਾ ਦੇ ਖਾਲੀ ਥਾਂ ਨਾਲ ਪੈਦਾ ਹੋਏ ਸੀ ਜਿਹੜਾ ਭਰ ਜਾਣ ਲਈ ਪੁਕਾਰ ਕਰਦਾ ਹੈ। ਇਹ ਆਤਮਿਕ ਖਾਲੀ ਥਾਂ ਉਸੇ ਵੇਲੇ ਸੰਤੁਸ਼ਟ ਹੋ ਸਕਦਾ ਹੈ ਜੀ ਉੱਠੇ ਹੋਏ ਮਸੀਹ ਦੀ ਆਉਣ ਵਾਲੀ ਅਤੇ ਅੰਤਰਵਾਸੀ ਉਪਸਥਿਤੀ, ਉਪਸਥਿਤੀ ਰਾਹੀਂ ਹੀ ਸਿਰਫ ਸੰਤੁਸ਼ਟ ਹੋ ਸਕਦਾ ਹੈ। ਜਦ ਤੁਸੀਂ ਉਸ ਨੂੰ ਆਪਣੇ ਜੀਵਨ ਵਿਚ ਆਪਣਾ ਮੁਕਤੀਦਾਤਾ ਕਰਕੇ ਗਰੈਹਣ ਕਰਦੇ ਹੋ, ਉਸ ਦੀ ਮੌਤ ਦਾ ਉਦੇਸ਼ ਅਤੇ ਜਰੂਰਤ ਤੁਹਾਡੇ ਜੀਵਨ ਵਿਚ ਸਫਲਤਾ ਨੂੰ ਲਿਆਵੇਗੀ। ਉਹ ਸਿਰਫ ਤੁਹਾਡੇ ਪਾਪ ਹੀ ਮਾਫ ਕਰਨ ਲਈ ਨਹੀਂ ਮਰਿਆ ; ਉਹ ਇਸ ਲਈ ਮਰਿਆ ਤਾਂ ਜੋ ਤੁਹਾਡਾ ਦਿਲ ਉਸ ਦੇ ਰਹਿਣ ਲਈ ਇਕ ਆਤਮਿਕ ਤੌਰ ਤੇ ਸੁੱਧ ਸਥਾਨ ਬਣ ਸਕੇ। ਅਤੇ ਇਹ ਜਰੂਰੀ ਹੈ ਕਿ ਤੁਹਾਡੇ ਪਾਪ ਵੀ ਮਾਫ ਕੀਤੇ ਜਾਣ ਇਸ ਤੋਂ ਪਹਿਲਾਂ ਕਿ ਉਹ ਤੁਹਾਡੇ ਦਿਲ ਵਿਚ ਆ ਕੇ ਰਹਿ ਸਕੇ।

ਇਕ ਜਵਾਨ ਅਫਰੀਕਨ ਵਿਸ਼ਵਾਸੀ ਨਾਲ ਗੱਲ ਕਰਦੇ ਹੋਏ, ਮੈਂ ਉਸ ਦੇ ਤੀਬਰ ਬੋਝ ਨੂੰ ਜਿਸ ਨਾਲ ਉਹ ਆਪਣੇ ਦੇਸ਼ ਦੇ ਜਵਾਨ ਲੋਕਾਂ ਨੂੰ ਮਸੀਹ ਬਾਰੇ ਖੁਸ਼ੀ ਦੀ ਖਬਰ ਨੂੰ ਵੰਡਣਾ ਚਾਹੁੰਦਾ ਸੀ ਜਾਣ ਲਿਆ। ਅਗਲੇ ਹਫਤੇ ਮੈਂ ਕਰੀਬ ਦੋ ਸੌ ਪਾਸਟਰਾਂ ਨੂੰ ਬਾਈਬਲ ਸਿਖਾਉਣੀ ਸੀ ਇਸ ਲਈ ਮੈਂ ਉਸ ਨੂੰ ਸਾਡੇ ਨਾਲ ਸ਼ਾਮਲ ਹੋਣ ਦੇ ਲਈ ਬੁਲਾ ਲਿਆ। ਉਸ

ਵੇਲੇ ਬੇਸ਼ਕ ਅਸੀਂ ਸੈਂਕੜੇ ਮੀਲ ਉਸ ਥਾਂ ਤੋਂ ਦੂਰ ਸੀ ਜਿੱਥੇ ਪਾਸਟਰਾਂ ਨੇ ਜਮਾਂ ਹੋਣਾ ਸੀ, ਮੈਂ ਸੁਝਾਉ ਦਿੱਤਾ ਕਿ ਉਹ ਟੁੱਟੀ ਫੁੱਟੀ ਲੰਬੀ ਸੜਕਾਂ ਤੇ ਬਸ ਰਾਹੀਂ ਸਫਰ ਕਰਕੇ ਸਾਡੇ ਨਾਲ ਆ ਕੇ ਮਿਲੇ। ਉਹ ਵਚਨ ਦੇ ਬਾਰੇ ਹੋਰ ਜਿਆਦਾ ਸਿੱਖ ਸਕਣ ਤੇ ਬਹੁਤ ਜਿਆਦਾ ਖੁਸ਼ ਸੀ। ਵਿਲਿਅਮ ਨੇ ਉਨ੍ਹਾਂ ਵਾਧੂ ਭਰੀਆਂ ਹੋਈਆਂ ਅਫਰੀਕਨ ਬਸ ਤੇ ਸਫਰ ਸਿਰਫ ਸਵਾਰੀ ਕਰਨ ਲਈ ਨਹੀਂ ਸੀ ਕੀਤਾ। ਪਰ ਉਸ ਦਾ ਇਹ ਬਸ ਦਾ ਸਫਰ ਤਾਂ ਸਿਰਫ ਕਾਨਫਰੈਂਸ ਤੇ ਪਹੁੰਚਣ ਲਈ ਸੀ। ਉਸ ਦੇ ਸਫਰ ਦਾ ਵਾਸਤਵਿਕ ਉਦੇਸ਼ ਤਾਂ ਉਸ ਦੇ ਸਫਰ ਦੇ ਅੰਤ ਤੇ ਜੋ ਕੁਝ ਉਸ ਦਾ ਇੰਤਜ਼ਾਰ ਕਰ ਰਿਹਾ ਸੀ।

ਉਸੇ ਤਰ੍ਹਾਂ, ਪ੍ਰਭੂ ਯਿਸੂ ਜਾਣਦਾ ਸੀ ਕਿ ਤੁਹਾਡੇ ਜੀਵਨ ਵਿਚ ਦਾਖਲ ਹੋ ਸਕਣ ਦਾ ਸਿਰਫ ਇੱਕੋ ਤਰੀਕਾ ਤਾਂ ਜੋ ਉਹ ਤੁਹਾਡੇ ਨਾਲ ਅਤੇ ਤੁਸੀਂ ਉਸ ਨਾਲ ਸੰਗਤੀ ਕਰ ਸਕੋ ਇਹ ਹੋਵੇਗਾ ਕਿ ਉਹ ਤੁਹਾਡੇ ਦਿਲ ਨੂੰ ਪਾਪ ਤੋਂ ਮਾਫ ਕਰਨ ਦਾ ਰਾਸਤਾ ਬਣਾਏ। ਬੇਸ਼ਕ ਇਹ ਜਰੂਰੀ ਸੀ ਕਿ ਤੁਹਾਡੇ ਪਾਪਾਂ ਦੀ ਮੁਆਫੀ ਹੋਵੇ, ਪਰ ਤੁਹਾਡੇ ਲਈ ਉਸ ਦੀ ਬੁਨਿਯਾਦੀ ਇੱਛਾ ਤੁਹਾਡਾ ਮਸੀਹ ਵਿਚ ਨਵਾਂ ਜੀਵਨ ਅਤੇ ਪਰਮੇਸ਼ਰ ਨਾਲ ਸੰਗਤੀ ਕਰਨ ਦੀ ਤੁਹਾਡੀ ਯੋਗਤਾ ਸੀ। ਕੀ ਤੁਸੀਂ ਕਿਸੇ ਘਟ ਚੀਜ਼ ਨਾਲ ਸੰਤੁਸ਼ਟ ਹੋ ਸਕਦੇ ਹੋ? ਆਖਰਕਾਰ, ਮਸੀਹ ਨਾਲ ਤੁਹਾਡਾ ਵਿਅਕਤੀਗਤ ਸੰਬੰਧ ਹੀ ਉਹ ਮੁੱਖ ਉਦੇਸ਼ ਹੈ ਜਿਸ ਦੇ ਲਈ ਤੁਸੀਂ ਰੱਚੇ ਗਏ ਸੀ।

ਇਹ ਜਾਣਨਾ ਕਿ ਮਸੀਹ ਤੁਹਾਡੇ ਦਿਲ ਵਿਚ ਰਹਿੰਦਾ ਹੈ ਇਹ ਜਾਣਨ ਲਈ ਹੈ ਕਿ ਅਨੰਤ ਜੀਵਨ ਹੁਣ ਸ਼ੁਰੂ ਹੋ ਚੁੱਕਾ ਹੈ। ਮਸੀਹ ਦੀ ਅੰਤਰਵਾਸੀ ਉਪਸਥਿਤੀ ਉਸ ਦੇ ਜੀਵਨ ਨੂੰ ਤੁਹਾਡੇ ਜੀਵਨ ਵਿਚ ਲਿਆਉਂਦੀ ਹੈ।

*ਅਤੇ ਉਹ ਸਾਖੀ ਇਹ ਹੈ ਭਈ ਪਰਮੇਸ਼ਰ ਨੇ ਸਾਨੂੰ ਸਦੀਪਕ ਜੀਵਨ ਦਿੱਤਾ ਅਤੇ ਇਹ ਜੀਵਨ ਉਹ ਦੇ ਪੁੱਤਰ ਵਿਚ ਹੈ, ਜਿਹ ਦੇ ਕੋਲ ਪੁੱਤਰ ਹੈ ਉਹ ਦੇ ਕੋਲ ਜੀਵਨ ਹੈ ਜਿਹ ਦੇ ਕੋਲ ਪਰਮੇਸ਼ਰ ਦਾ ਪੁੱਤਰ ਨਹੀਂ ਹੈ ਉਹ ਦੇ ਕੋਲ ਜੀਵਨ ਵੀ ਨਹੀਂ* (1ਯੂਹੰਨਾ 5:11-12)।

ਇਸ ਲਈ ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਮੇ ਰੇ ਮਿੱਤਰ ਡੇਵਿਡ ਦੇ ਪ੍ਰਭੂ ਯਿਸੂ ਤੋਂ ਪ੍ਰਾਰਥਨਾ ਕਰਨ ਦੇ ਕਿ ਉਸ ਦੇ ਪਾਪਾਂ

ਨੂੰ ਮਾਫ ਕਰੇ ਅਤੇ ਉਸ ਦੇ ਜੀਵਨ ਵਿਚ ਦਾਖਲ ਹੋਣ ਤੋਂ ਬਾਅਦ, ਉਸ ਨੇ ਬਹੁਤ ਹੈਰਾਨ ਹੋ ਕੇ ਕਿਹਾ, ''ਮੈਂ ਕਦੇ ਸੋਚਿਆ ਨਹੀਂ ਸੀ ਕਿ ਇਹ ਅਜਿਹਾ ਅਦਭੁਤ ਹੋ ਸਕਦਾ ਹੈ।''

## ਪਰ ਕਿਵੇਂ?

ਜਦ ਲੋਕਾਂ ਨੇ ਪਤਰਸ ਨੂੰ ਜੀਵਨ ਬਾਰੇ ਮੌਤ ਅਤੇ ਯਿਸੂ ਦੇ ਜੀ ਉੱਠਣ ਬਾਰੇ ਪ੍ਰਚਾਰ ਕਰਦੇ ਸੁਣਿਆ, ਪਰਮੇਸ਼ਰ ਨੇ ਉਨ੍ਹਾਂ ਨੂੰ ਮੁਕਤੀਦਾਤਾ ਨੂੰ ਜਾਣਨ ਦੀ ਇੱਕ ਇੱਛਾ ਦਿੱਤੀ। ਪਵਿੱਤਰ ਆਤਮਾ ਨੇ ਉਨ੍ਹਾਂ ਲਈ ਉਹ ਕੀਤਾ ਜੋ ਉਹ ਤੁਹਾਡੇ ਲਈ ਕਰ ਰਿਹਾ ਹੈ। ਉਨ੍ਹਾਂ ਨੇ ਪਤਰਸ ਨੂੰ ਉਨ੍ਹਾਂ ਨੂੰ ਇਹ ਦੱਸਦੇ ਸੁਣਿਆ ਕਿ ਯਿਸੂ ਪ੍ਰਭੂ ਅਤੇ ਪਰਮੇਸ਼ਰ ਦਾ ਮਸੀਹਾ ਸੀ। ਅਤੇ ਇਸ ਨਵੀਂ ਸਮਝ ਦੇ ਕਿ ਯਿਸੂ ਕੌਣ ਹੈ ਉਨ੍ਹਾਂ ਵਿਚ ਦੋਸ਼ ਸਾਬਿਤ ਹੋਣ ਪਿੱਛੋਂ ਦਿੱਤੀ ਗਈ ਸਜ਼ਾ ਦੀ ਜ਼ਬਰਦਸਤ ਅਨੁਭੂਤੀ ਅਤੇ ਮੁਕਤੀ ਲਈ ਉਨ੍ਹਾਂ ਦੀ ਲੋੜ ਨੂੰ ਉਤਪਨ ਕਰ ਦਿੱਤਾ। ਜਿਵੇਂ ਉਨ੍ਹਾਂ ਨੇ ਸਲੀਬ ਉੱਤੇ ਚੜ੍ਹਾਏ ਖੁਦ ਮੁਕਤੀਦਾਤਾ ਨੂੰ ਅਸਵੀਕਾਰ ਕਰਣ ਜਾਂ ਉਸ ਦੇ ਪ੍ਰਤਿ ਉਦਾਸੀਨਤਾ ਵਿਖਾਉਣਾ ਉੱਤੇ ਵਿਚਾਰ ਕੀਤਾ – ਰਿਕਾਰਡ ਸਾਨੂੰ ਦੱਸਦੇ ਹਨ ਕਿ ਉਨ੍ਹਾਂ ਦੇ ਦਿਲ ਛਿਦ ਗਏ, ਅਤੇ ਉਨ੍ਹਾਂ ਨੇ ਗੰਭੀਰਤਾ ਪੂਰਵਕ ਪੁੱਛਿਆ ਅਸੀਂ ਕੀ ਕਰੀਏ? (ਰਸੂਲਾਂ ਦੇ ਕਰਤੱਬ 2:37)

ਉਨ੍ਹਾਂ ਨੂੰ ਪਤਰਸ ਦਾ ਪਹਿਲਾਂ ਜਵਾਬ ਤੋਬਾ ਕਰਨ ਲਈ ਉਪਦੇਸ਼ ਸੀ। ਤੋਬਾ ਬਿਨ੍ਹਾਂ ਵਿਸ਼ਵਾਸ ਵਾਸਤਵਿਕ ਵਿਸ਼ਵਾਸ ਨਹੀਂ ਹੈ। ਇਹ ਸਿਰਫ ਵਿਸ਼ਵਾਸ ਬਣਾਉਣਾ ਜਾਂ 'ਭ੍ਰਾਂਤੀ' ਹੈ। ਬਚਾਉਣ ਵਾਲੇ ਵਿਸ਼ਵਾਸ ਵਿਚ ਭਰੋਸੇ ਦਾ ਰਵਈਆ ਅਤੇ ਰਵਈਏ ਵਿਚ ਬਦਲਾਵ ਦੋਵੇਂ ਹੁੰਦੇ ਹਨ।

ਜਦ ਸਧਾਰਣ ਭਰੋਸੇ ਵਿਚ ਤੁਸੀਂ ਯਿਸੂ ਦਾ ਧੰਨਵਾਦ ਤੁਸੀਂ ਉਸ ਲਈ ਕਰਦੇ ਹੋ ਜੋ ਕੁਝ ਉਸ ਨੇ ਤੁਹਾਡੇ ਲਈ ਕੀਤਾ ਜਦ ਉਹ ਸਲੀਬ ਤੇ ਮਰਿਆ, ਤਾਂ ਪਰਮੇਸ਼ਰ ਦੇ ਪ੍ਰਤਿ ਅਤੇ ਪਾਪ ਦੇ ਪ੍ਰਤਿ ਤੁਹਾਡੇ ਰਵਈਏ ਵਿਚ ਨਾਟਕੀ ਤੌਰ ਤੇ ਬਦਲਾਵ ਹੋਇਆ। ਇਹ ਸਿਰਫ ਉਸੇ ਵੇਲੇ ਹੈ ਜਦ ਕਿ ਪਵਿੱਤਰ ਆਤਮਾ ਨੇ ਆਪਣਾ ਆਤਮਿਕ ਅੱਖ ਦਾ ਆਪ੍ਰੇਸ਼ਨ ਕੀਤਾ ਅਤੇ ਤੁਹਾਡਾ ਮਨ ਚੀਜ਼ਾਂ ਨੂੰ ਫਰਕ ਦ੍ਰਿਸ਼ਟੀ ਨਾਲ ਵੇਖਣਾ ਸ਼ੁਰੂ ਹੋ ਗਿਆ। ਵਾਸਤਵ ਵਿਚ ਤੋਬਾ ਸ਼ਬਦ ਦਾ ਅਰਥ ਹੈ 'ਮਨ ਵਿਚ ਬਦਲਾਵ ਆਉਣਾ।'

ਇਸ ਲਈ ਨਵੇਂ ਜਨਮ ਦੇ ਅਸਲੀ ਅਨੁਭਵ ਵਿਚ ਪਰਮੇਸ਼ਰ ਅਤੇ ਪਾਪ ਦੇ ਪ੍ਰਤਿ ਮਨ ਦਾ ਇਕ ਬੁਨਿਯਾਦੀ ਬਦਲਾਵ ਸ਼ਾਮਲ ਹੈ।

**ਪਰਮੇਸ਼ਰ ਦੇ ਪ੍ਰਤਿ** : ਤੋਬਾ (ਇਕ ਮਨ ਦਾ ਬਦਲਾਵ) ਵਿਚ ਪਰਮੇਸ਼ਰ ਬਾਰੇ ਹਰੇਕ ਝੂਠੀ ਧਾਰਨਾ ਨੂੰ ਰੱਦ ਕਰਨਾ ਹੈ। ਮੈਂ ਅਫਰੀਕਾ ਵਿਚ ਲੋਕਾਂ ਨੂੰ ਵੇਖਿਆ ਹੈ ਜਿਨ੍ਹਾਂ ਨੇ ਆਪਣੇ ਪੁਰਾਣੇ ਤਰੀਕਿਆਂ ਦੀ ਖਿੱਚ ਅਤੇਨਾਸਤਿਕ ਰੀਤੀ ਰਿਵਾਜਾਂ ਨਾਲ ਜ਼ਬਰਦਸਤ ਸੰਘਰਸ਼ ਕਰਕੇ, ਯਿਸੂ ਵੱਲ ਮੁੜਣ ਤੋਂ ਬਾਅਦ ਖੁਲੇ ਆਮ ਆਪਣੀਆਂ ਪੂਜਾ ਦੀਆਂ ਚੀਜ਼ਾਂ ਨੂੰ ਜਲਾ ਦਿੱਤਾ ਹੈ। ਮੇਰੇ ਮਿੱਤਰ ਵੀ ਹਨ ਜਿਨ੍ਹਾਂ ਨੂੰ ਧਮਕੀਆਂ ਅਤੇ ਖਤਰੇ ਦਾ ਸਾਹਮਣਾ ਕਰਦੇ ਹੋਏ ਬਹੁਤ ਜਿਆਦਾ ਸਾਮਾਜਿਕ ਦਬਾਉ ਦਾ ਵਿਰੋਧ ਕਰਨਾ ਪਿਆ ਹੈ, ਜਦ ਉਨ੍ਹਾਂ ਨੇ ਧਾਰਮਿਕ ਅਤੇ ਸਾਮਾਜਿਕ ਪ੍ਰਣਾਲੀਆਂ ਤੋਂ ਮੂੰਹ ਮੋੜਿਆ ਸੀ ਜਿਹੜੇ ਬਾਈਬਲ ਦੇ ਪਰਮੇਸ਼ਰ ਦੇ ਅਨੁਸਾਰ ਸਹੀ ਨਹੀਂ ਸਨ। ਬਚਾਉਣ ਵਾਲੇ ਵਿਸ਼ਵਾਸ ਨੂੰ ਦ੍ਰਿੜ ਨਿਹਚੇ ਨਾਲ ਪੱਕੀ ਤਰਾਂ ਜੜ੍ਹ ਪਕੜਣਾ ਚਾਹੀਦਾ ਹੈ ਕਿ ਯਿਸੂ ਯਹੋਵਾਹ ਹੈ – ਸਿਰਫ ਇੱਕੋ ਬਚਾਉਣ ਵਾਲਾ ਪਰਮੇਸ਼ਰ।

**ਪਾਪ ਦੇ ਪ੍ਰਤਿ** – ਜਦ ਵਿਸ਼ਵਾਸ ਰਾਹੀਂ, ਤੁਸੀਂ ਮੁਕਤੀ ਦੇ ਅਨੁਭਵ ਵਿਚ ਦਾਖਲ ਹੋ ਜਾਂਦੇ ਹੋ, ਤੁਸੀਂ ਆਪਣੇ ਪਾਪੀ ਹੋਣ ਨੂੰ ਦੁੱਖ ਅਤੇ ਸ਼ਰਮ ਨਾਲ ਵੇਖਦੇ ਹੋ। ਪਾਪ ਦੇ ਪ੍ਰਤੀ ਤੁਹਾਡੇ ਮਨ ਦੇ ਬਦਲਾਉ (ਤੋਬਾ) ਦਾ ਅਰਥ ਹੋਵੇਗਾ ਕਿ ਤੁਸੀਂ ਪਾਪ ਦੇ ਪ੍ਰਤੀ ਹੋਰ ਜਿਆਦਾ ਲਾਪਰਵਾਹ ਹੋਣ ਦੀ ਕੋਸ਼ਿਸ਼ ਨਹੀਂ ਕਰੋਗੇ, ਤੁਸੀਂ ਹੋਰ ਜਿਆਦਾ ਆਪਣੇ ਪਾਪ ਨੂੰ ਮਾਫ ਕਰਨ ਦੀ ਕੋਸ਼ਿਸ਼ ਨਹੀਂ ਕਰੋਗੇ, ਅਤੇ ਤੁਸੀਂ ਹੋਰ ਜਿਆਦਾ ਇਹ ਆਸ ਨਹੀਂ ਕਰੋਗੇ ਕਿ ਤੁਹਾਡੀ ਧਾਰਮਿਕਤਾ ਤੁਹਾਨੂੰ ਬਚਾ ਲਵੇਗੀ। ਮਨੁੱਖ ਦੇ ਧਾਰਮਿਕ ਕੰਮ ਇਕ ਪਵਿੱਤਰ ਪਰਮੇਸ਼ਰ ਦੇ ਸਾਹਮਣੇ ਪਲੀਤ ਕਪੜੇ ਵਰਗੇ ਹਨ (ਯਸਾਯਾਹ 64:6)। ਪਰ ਜਦ ਤੁਸੀਂ ਯਿਸੂ ਵੱਲ ਮੁੜਦੇ ਹੋ, ਤਾਂ ਤੁਹਾਡੇ ਜੀਵਨ ਵਿਚ ਇਨ੍ਹਾਂ ਚੀਜ਼ਾਂ ਤੋਂ ਦੂਰ ਰਹਿਣ ਦੀ ਇੱਛਾ ਹੋਵੇਗੀ ਜਿਹੜੀਆਂ ਉਸ ਨੂੰ ਨਾਖੁਸ਼ ਕਰਦੀਆਂ ਹਨ।

ਇਸ ਸਭ ਤੋਂ ਛੋਟੇ ਸੈਨਿਕ ਅਫਸਰ ਦੀ ਕਲਪਨਾ ਕਰੋ ਜਿਸ ਨੂੰ ਉਸ ਦੀ ਬੈਰਕ ਤੋਂ ਛੁੱਟੀ ਮਿਲੀ ਹੈ। ਇਕ ਦਿਨ ਉਸ ਨੂੰ ਦੋ ਚਿੱਠੀਆਂ ਮਿਲੀਆਂ। ਇਕ ਚਿੱਠੀ ਇਕ ਮਿੱਤਰ ਵੱਲੋ ਸੀ, ਦੂਜੀ ਕੰਮਾਡਿੰਗ ਅਫਸਰ

ਵੱਲੋਂ ਸੀ। ਪਹਿਲੀ ਚਿੱਠੀ ਵਿਚ ਉਸ ਦੇ ਮਿੱਤਰ ਦੀ ਸ਼ਾਦੀ ਦਾ ਬੁਲਾਵਾ ਪਰ ਉਸ ਦੀ ਦੂਜੀ ਚਿੱਠੀ ਵਿਚ ਉਸ ਦੀ ਡਿਊਟੀ ਤੇ ਹਾਜ਼ਰ ਹੋਣ ਲਈ ਉਸ ਦੇ ਵਰਿਸ਼ਠ ਅਧਿਕਾਰੀ ਦਾ ਹੁਕਮ ਹੈ। ਨਿਸ਼ਚਿਤ ਤੌਰ ਤੇ ਬੁਲਾਵੇ ਅਤੇ ਆਗਿਆ ਵਿਚ ਫਰਕ ਹੈ। ਇਕ ਬੁਲਾਵੇ ਨੂੰ ਨਮਰਤਾ ਪੂਰਵਕ ਮੰਨਾ ਕੀਤਾ ਜਾ ਸਕਦਾ ਹੈ, ਪਰ ਇਕ ਆਗਿਆ ਦਾ ਜਵਾਬ ਹੀ ਸਿਰਫ ਦਿੱਤਾ ਜਾ ਸਕਦਾ ਹੈ ਜਾਂ ਤਾਂ ਆਗਿਆ ਮੰਣਨ ਰਾਹੀਂ ਜਾਂ ਫੇਰ ਬਲਵਾ ਕਰਨ ਰਾਹੀਂ।

ਕਿਉਂਕਿ ਪਰਮੇਸ਼ਰ ਤੁਹਾਨੂੰ ਪਿਆਰ ਕਰਦਾ ਹੈ ਅਤੇ ਜਾਣਦਾ ਹੈ ਕਿ ਪਾਪ ਤੁਹਾਡੇ ਜੀਵਨ ਨੂੰ ਨਾਸ਼ ਕਰੇਗਾ, ਉਹ ਤੁਹਾਨੂੰ ਤੋਬਾ ਕਰਣ ਲਈ ਬੁਲਾਵਾ ਨਹੀਂ ਦਿੰਦਾ ਹੈ, ਉਹ ਤੁਹਾਨੂੰ ਤੋਬਾ ਕਰਨ ਦੀ ਆਗਿਆ ਦਿੰਦਾ ਹੈ। ਜਦ ਪੌਲੁਸ ਨੇ ਸੁਸਮਾਚਾਰ ਦੇ ਪ੍ਰਸਤਤੀਕਰਣ ਨੂੰ ਗਰੀਕ ਦੀ ਯੂਨੀਵਰਸਿਟੀ ਰਾਜਧਾਨੀ ਤੇ ਫਿਲਾਸਫਰਾਂ ਅਤੇ ਉੱਥੇ ਖੜੇ ਹੋਣ ਵਾਲਿਆਂ ਦੇ ਸਾਹਮਣੇ ਸਮਾਪਤ ਕੀਤਾ, ਤਾਂ ਉਸ ਨੇ ਕਿਹਾ, ''ਪਰ ਹੁਣ (ਪਰਮੇਸ਼ਰ) ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਉਹ ਸਭ ਹਰੇਕ ਥਾਂ ਤੋਬਾ ਕਰਨ'' (ਰਸੂਲਾਂ ਦੇ ਕਰਤੱਬ 16:30)। ਅਤੇ ''ਸਭ'' ਵਿਚ ਤੁਸੀਂ ਵੀ ਸ਼ਾਮਲ ਹੋ।

ਚਮਤਕਾਰ ਇਹ ਹੈ ਕਿ ਜਦ ਤੁਸੀਂ ਪਰਮੇਸ਼ਰ ਬਾਰੇ ਆਪਣੀਆਂ ਗਲਤ ਧਾਰਨਾਵਾਂ ਤੋਂ ਅਤੇ ਉਸੇ ਤਰ੍ਹਾਂ ਆਪਣੇ ਵਿਅਕਤੀਗਤ ਪਾਪ ਤੋਂ ਮੁੜਦੇ ਹੋ, ਅਤੇ ਇਸ ਤਰਾਂ ਕਰਨ ਨਾਲ ਵਿਸ਼ਵਾਸ ਰਾਹੀਂ ਯਿਸੂ ਵੱਡੀ ਮੁੜਦੇ ਹੋ ਤਾਂ ਜੋ ਉਸ ਨੂੰ ਆਪਣਾ ਬਚਾਉਣ ਵਾਲਾ ਪਰਮੇਸ਼ਰ ਘੋਸ਼ਿਤ ਕਰੋ, ਤਾਂ ਪਵਿੱਤਰ ਆਤਮਾ ਤੁਹਾਡੇ ਦਿਲ ਵਿਚ ਮਨਸਾ ਤੇ ਅਮਲ ਲਈ ਕੰਮ ਕਰਦਾ ਹੈ (ਫਿੱਲਿਪੀਆਂ 2:13)। ਜਿਹੜਾ ਪਰਮੇਸ਼ਰ ਦੀ ਨਜ਼ਰਾਂ ਵਿਚ ਸਹੀ ਹੈ। ਇਸ ਲਈ, ਪਰਮੇਸ਼ਰ ਉਨ੍ਹਾਂ ਨਾਲ ਪ੍ਰਤਿਗਿਆ ਕਰਦਾ ਹੈ ਜਿਹੜੇ ਦੋਵੇਂ ਕਰਨ ਦੀ ਇੱਛਾ ਅਤੇ ਪਰਮੇਸ਼ਰ ਦੀ ਇੱਛਾ ਦੇ ਰਾਹੀਂ ਕੰਮ ਕਰਨ ਦੀ ਸਾਮਰਥ ਦੇ ਨਾਲ ਵਾਸਤਵਿਕ ਵਿਚ ਤੋਬਾ ਕਰਦੇ ਹਨ। ਕੇਵਲ ਤਦ ਹੀ ਤੁਹਾਡਾ ਜੀਵਨ ਪਰਿਵਰਤਿਤ ਹੋਵੇਗਾ ਅਤੇ ਪਰਮੇਸ਼ਰ ਰਾਹੀਂ ਠਹਿਰਾਏ ਗਏ ਮਾਪ ਤੇ ਪਹੁੰਚੇਗਾ।

ਇਕ ਮਿੱਤਰ ਵਾਂਙੂ, ਮੈਂ ਤੁਹਾਨੂੰ ਪ੍ਰੇਰਣਾ ਦਿੰਦਾ ਹਾਂ ਕਿ ਬਿਨ੍ਹਾਂ ਦੇਰ ਕੀਤੇ ਪ੍ਰਭੂ ਯਿਸੂ ਨੂੰ ਗਰੈਹਨ ਕਰੋ। ਇਕ ਸ਼ਾਂਤ ਸਥਾਨ ਲੱਭੋ ਜਿੱਥੇ ਤੁਸੀਂ

ਪਰਮੇਸ਼ਰ ਦੇ ਅੱਗੇ ਸਿਰ ਝੁਕਾ ਕੇ ਪ੍ਰਾਰਥਨਾ ਕਰ ਸਕੋ। ਬੇਸ਼ਕ, ਜੇ ਤੁਸੀਂ ਤੋਤੇ ਵਾਂਙੁ ਸ਼ਬਦਾਂ ਨੂੰ ਦੋਹਰਾਈ ਜਾਉਗੇ, ਤਾਂ ਉਹ ਤੁਹਾਨੂੰ ਕੋਈ ਲਾਭ ਨਹੀਂ ਦੇਣਗੇ। ਮਹਤੱਵਪੂਰਣ ਗੱਲ ਇਹ ਹੈ ਕਿ ਤੁਸੀਂ ਯਿਸੂ ਤੇ ਵਿਸ਼ਵਾਸ ਕਰਕੇ ਉਸ ਨੂੰ ਜਵਾਬ ਦਿਉ, ਜਿਸ ਨੇ ਆਖਿਆ ਹੈ, ਰਾਹ, ਅਤੇ ਸਚਿਆਈ ਅਤੇ ਜੀਉਣ ਮੈਂ ਹਾਂ, ਕੋਈ ਮੇਰੇ ਵਸੀਲੇ ਬਿਨ੍ਹਾਂ, ਪਿਤਾ ਦੇ ਕੋਲ ਨਹੀਂ ਆਉਂਦਾ (ਯੂਹੰਨਾ 14:6)।

ਹੁਣ ਤੁਸੀਂ ਆਪਣੀਆਂ ਅੱਖਾਂ ਬੰਦ ਕਰਨਾ ਚਾਹੋਗੇ, ਅਤੇ ਆਪਣੇ ਦਿਲ ਤੋਂ ਖੁਦ ਬ ਖੁਦ ਜਵਾਬ ਦੇਣ ਵਾਲੀ ਪ੍ਰਾਰਥਨਾ ਕਰੋ, ਜਾਂ ਹੇਠ ਸੁਝਾਉ ਦਿੱਤੀ ਹੋਈ ਪ੍ਰਾਰਥਨਾ ਤੁਹਾਡੇ ਲਈ ਸਹਾਇਕ ਹੋਵੇਗੀ।

### ਮੇਰਾ ਪ੍ਰਾਰਥਨਾ ਨਾਲ ਭਰਿਆ ਜਵਾਬ

**ਹੇ ਪਿਤਾ, ਮੈਂ ਤੈਂਨੂੰ ਜਾਣਦਾ ਨਹੀਂ ਰਿਹਾ ਅਤੇ ਨਾ ਹੀ ਮੈਂ ਤੈਂਨੂੰ ਪਿਆਰ ਕੀਤਾ ਹੈ। ਪਰ ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਤੂੰ ਮੈਂਨੂੰ ਜਾਣਦਾ ਵੀ ਹੈਂ ਅਤੇ ਪਿਆਰ ਵੀ ਕਰਦਾ ਹੈਂ।**

**ਮੈਂ ਇਕ ਪਾਪੀ ਹਾਂ, ਅਤੇ ਆਪਣੀ ਮੁਕਤੀ ਪ੍ਰਾਪਤ ਕਰਨ ਲਈ ਮੈਂ ਆਪਣੇ ਆਪ ਤੋਂ ਕੁਝ ਨਹੀਂ ਕਰ ਸਕਦਾ। ਵਿਸ਼ਵਾਸ ਰਾਹੀਂ ਮੈਂ ਆਪਣੇ ਜੀਵਨ ਨੂੰ ਉਸ ਕੀਮਤੀ ਲਹੂ ਦੀ ਸੁੱਰਖਿਆ ਹੇਠ ਰੱਖ ਦਿੰਦਾ ਹਾਂ।**

**ਪ੍ਰਭੂ ਯਿਸੂ, ਕਿਰਪਾ ਕਰਕੇ ਮੇਰੇ ਦਿਲ ਵਿਚ ਆ, ਅਤੇ ਮੇਰੇ ਜੀਵਨ ਦਾ ਨਿਯੰਤ੍ਰਨ ਲੈ।**

**ਪ੍ਰਭੂ ਯਿਸੂ, ਮੈਂ ਤੇਰਾ ਧੰਨਵਾਦ ਕਰਦਾ ਹਾਂ, ਕਿ ਤੁਹਾਡੇ ਪਵਿੱਤਰ ਆਤਮਾ ਰਾਹੀਂ ਮੈਂ ਦੁਬਾਰਾ ਜਨਮ ਪਾ ਲਿਆ ਹੈ। ਮੇਰੇ ਲਈ ਇਹ ਜਾਣਨਾ ਅਦਭੁਤ ਹੈ ਕਿ ਤੇਰੇ ਜੀ ਉੱਠਣ ਦੀ ਸਾਮਰਥ ਦੇ ਰਾਹੀਂ ਮੈਂ ਪਰਮੇਸ਼ਰ ਦੀ ਸੰਤਾਨ ਹਾਂ ਅਤੇ ਹਮੇਸ਼ਾ ਲਈ ਤੇਰੇ ਨਾਲ ਰਹਾਂਗਾਂ।**

*ਜਿਹੜਾ ਉਸ ਉੱਤੇ ਪਰਤੀਤ ਕਰਦਾ ਹੈ ਕਦੇ ਸ਼ਰਮਿੰਦਾ ਨਾ ਹੋਵੇਗਾ* (1ਪਤਰਸ 2:6)।

ਹੁਣ ਕਿਸੇ ਨੂੰ ਦੱਸੋ ਜਿਹੜਾ ਤੁਸੀਂ ਹੁਣੇ ਕੀਤਾ ਹੈ। ਯਾਦ ਰੱਖੋ, ਮਸੀਹ ਤੁਹਾਡੇ ਵਿਚ ਰਹਿੰਦਾ ਹੈ, ਅਤੇ ਜਿੰਨ੍ਹੀ ਸਾਮਰਥ ਤੁਹਾਨੂੰ ਉਸ ਦੇ ਲਈ ਬੋਲਣ ਅਤੇ ਜੀਉਣ ਦੇ ਲਈ ਚਾਹੀਦੀ ਹੈ ਉਹ ਸਾਰੀ ਤੁਹਾਨੂੰ ਦੇਵੇਗਾ।

*ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ਰ ਨੇ ਉਹ ਨੂੰ ਮੁਰਦਿਆਂ ਵਿਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ, ਧਰਮ ਲਈ ਤਾਂ ਹਿਰਦੇ ਨਾਲ ਨਿਹਚਾ ਕਰੀਦੀ ਅਤੇ ਮੁਕਤੀ ਲਈ ਮੂੰਹ ਨਾਲ ਇਕਰਾਰ ਕਰੀਦਾ ਹੈ* (ਰੋਮੀਆਂ 10:9–10)।



## ਸਲੋਵਾਕਿਆ ਤੋਂ ਇਕ ਪੱਤਰ

*“ਪਿਆਰੇ ਮਿੱਤਰੋ ਮੈਂ ਹਾਲਾ ਵਿਚ ਹੀ ਆਪਣੀ ਜਿੰਦਗੀ ਵਿਚ ਸਭੋ ਤੋਂ ਜਿਆਦਾ ਰਿਝਾਉਣ ਵਾਲੀ ਕਿਤਾਬ ਪੜ ਕੇ ਖਤਮ ਕੀਤੀ ਹੈ ਜਿਸ ਦਾ ਨਾਂ “ਪਰਮੇਸ਼ਰ ਦੇ ਪ੍ਰਤੀ ਤੁਹਾਡੇ ਸਵਾਲ ਹਨ” ਹੈ। ਮੈਂ ਜਾਣਦਾ ਹਾਂ ਕਿ ਇਸ ਨੂੰ ਪੜਨ ਦੇ ਬਾਅਦ ਮੈਂ ਪਹਿਲਾਂ ਵਰਗਾ ਕਦੇ ਨਹੀਂ ਰਹਾਂਗਾ। ਪ੍ਰਭੂ ਯਿਸੂ ਨੇ ਮੈਨੂੰ ਸਵੀਕਾਰ ਕਰ ਲਿਆ ਹੈ ਅਤੇ ਮੈਂ ਆਪਣਾ ਜੀਵਨ ਉਸ ਨੂੰ ਦੇ ਦਿੱਤਾ ਹੈ। ਮੈਂ ਇੱਛਾ ਕਰਦਾ ਹਾਂ ਕਿ ਇਹ ਅਨੰਦ ਮੇਰੇ ਸਾਰੇ ਮਿੱਤਰਾਂ ਦੇ ਕੋਲ ਹੋਵੇ, ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਸ ਕਿਤਾਬ ਦੀਆਂ ਦੋ ਕਾਪੀਆਂ ਮੈਨੂੰ ਘੱਲ ਦਿਉ ਤਾਂ ਜੋ ਮੈਂ ਦੂਜਿਆਂ ਨੂੰ ਦੇ ਸਕਾਂ।*

*“ਮੈਂ ਧੰਨਵਾਦ ਕਰਦਾ ਹਾਂ ਇਸ ਸੁਸਮਾਚਾਰ ਦੇ ਲਈ ਅਤੇ ਮੁਕਤੀ ਦੇ ਲਈ ਜਿਹੜੀ ਮੇਰੇ ਜੀਵਨ ਵਿਚ ਮਸੀਹ ਦੇ ਰਾਹੀਂ ਆਈ ਹੈ...ਸਾਨੂੰ ਪਤਾ ਹੀ ਨਹੀਂ ਸੀ ਕਿ ਕੋਈ ਅਜਿਹੀ ਉੱਤਮ ਕਿਤਾਬ ਵੀ ਇਸ ਸੰਸਾਰ ਵਿਚ ਹੈ।”*

*ਇਹ ਰਿਪੋਰਟ ਅਤੇ ਅਨੁਵਾਦ ਜੇ.ਏ ਰਾਹੀਂ ਦਿੱਤਾ ਗਿਆ ਹੈ।*

## ਵਿਚਾਰ ਕਰਨ ਲਈ ਠਹਿਰੋ

1. ਇਕ ਪੂਰਣ ਉਪਹਾਰ ਲੈਣ ਦੇ ਲਈ ਤੁਸੀਂ ਕਿਵੇਂ ਆਪਣਾ ਧੰਨਵਾਦ ਪ੍ਰਗਟ ਕਰ ਸਕਦੇ ਹੋ?

   ਕੀ ਇਸ ਤਰ੍ਹਾਂ ਆਖਣ ਨਾਲ : ''ਕਿਰਪਾ ਕਰਕੇ ਇਹ ਮੈਨੂੰ ਦੇ ਦੇਵੋਂ''?

   ਕੀ ਇਸ ਤਰ੍ਹਾਂ ਆਖਣ ਨਾਲ : ''ਤੁਹਾਡਾ ਧੰਨਵਾਦ''?

2. ਕੀ ਇਹ ਤੁਹਾਡਾ ਅਨੁਭਵ ਕਰਨਾ ਹੈ ਜਾਂ ਵਿਸ਼ਵਾਸ ਕਰਨਾ ਜਿਹੜਾ ਤੁਹਾਨੂੰ ਇਹ ਪੁਸ਼ਟੀ ਕਰਾਉਂਦਾ ਹੈ ਕਿ ਤੁਸੀਂ ਪਰਮੇਸ਼ਰ ਦੀ ਸੰਤਾਨ ਹੋ?

   ਕਿਉਂਕਿ ਜੋ ਤੁਸੀਂ ਕਿਰਪਾ ਤੋਂ ਨਿਹਚਾ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ ਇਹ ਪਰਮੇਸ਼ਰ ਦੀ ਬਖਸ਼ੀਸ਼ ਹੈ ਅਫਸੀਆਂ 2:8

3. ਕੀ ਪ੍ਰਭੂ ਯਿਸੂ ਵਿਚ ਤੁਹਾਡੇ ਵਿਸ਼ਵਾਸ ਵਿਚ ਇਹ ਸ਼ਾਮਲ ਹੈ :

   ਇੱਕ ਤੋਬਾ ਦਾ ਭਾਗ?

   ਇਕ ਧੰਨਵਾਦ ਦਾ ਭਾਗ?

   ਉਸ ਦੇ ਉੱਤੇ ਪੂਰੀ ਤਰ੍ਹਾਂ ਨਿਰਭਰ ਹੋਣ ਦਾ ਵਤੀਰਾ?

4. ਕੀ ਤੁਸੀਂ ਹੁਣ ਤੁਹਾਨੂੰ ਬਚਾਉਣ ਲਈ ਪਰਮੇਸ਼ਰ ਦਾ ਧੰਨਵਾਦ ਕਰੋਗੇ ਅਤੇ ਪ੍ਰਭੂ ਯਿਸੂ ਦੀ ਤਾਰੀਫ ਕਰੋਗੇ, ਨਾ ਸਿਰਫ ਇਸ ਲਈ ਕਿ ਜੋ ਕੁਝ ਉਸ ਨੇ ਤੁਹਾਡੇ ਲਈ ਕੀਤਾ, ਪਰ ਇਸ ਲਈ ਵੀ ਕਿ ਉਹ ਕੌਣ ਹੈ?

ਅਜਿਹਾ ਕੁਝ ਵੀ ਨਹੀਂ ਹੈ – ਨਾ ਕੋਈ ਹਾਲਾਤ, ਨਾ ਪਰੇਸ਼ਾਨੀ, ਨਾ ਪ੍ਰੀਖਿਆ – ਜਿਹੜੀ ਉਸ ਵੇਲੇ ਤਕ ਮੈਨੂੰ ਛੂਹ ਨਹੀਂ ਸਕਦੀ, ਜਦ ਤਕ ਕਿ ਉਹ ਪਹਿਲਾਂ, ਪਰਮੇਸ਼ਰ ਨੂੰ ਅਤੇ ਮਸੀਹ ਨੂੰ ਪਾਰ ਕਰਕੇ ਮੇਰੇ ਤਕ ਨਾ ਪਹੁੰਚੇ। ਜੇ ਕਰ ਉਹ ਅਜਿਹਾ ਅੱਗੇ ਵੱਧ ਆਵੇ, ਤਾਂ ਉਸ ਦੇ ਆਉਣ ਦਾ ਖਾਸ ਕਾਰਣ ਹੋਵੇ ਗਾ, ਜਿਹੜਾ ਮੈਂ ਉਸ ਵੇਲੇ ਸਮਝ ਨਾ ਸਕਾਂ। ਪਰੰਤੂ ਜੇ ਮੈਂ ਪਰੇ ਸ਼ਾਨ ਹੋਣ ਤੋਂ ਇਨਕਾਰ ਕਰਕੇ, ਉਸ ਵੱਲ ਆਪਣੀ ਅੱਖਾਂ ਚੁੱਕਦਾ ਹਾਂ ਅਤੇ ਉਸ ਨੂੰ ਇਸ ਤਰ੍ਹਾਂ ਆਪਣੇ ਮਨ ਵਿਚ ਸਵੀਕਾਰ ਕਰਦਾ ਹਾਂ ਕਿ ਇਹ ਪਰਮੇਸ਼ਰ ਦੇ ਸਿੰਘਾਸਣ ਵੱਲੋਂ ਹੈ, ਕੋਈ ਦੁੱਖ, ਕੋਈ ਪ੍ਰੀਖਿਆ ਮੈਨੂੰ ਪਰੇਸ਼ਾਨ ਨਹੀਂ ਕਰ ਸਕਦੀ, ਕੋਈ ਹਾਲਾਤ ਮੈਨੂੰ ਪਰੇਸ਼ਾਨ ਨਹੀਂ ਕਰ ਸਕਦੇ – ਕਿਉਂਕਿ ਮੈਂ ਪ੍ਰਭੂ ਵਿਚ ਅਨੰਦ ਕਰਾਂਗਾ। ਉਹੀ ਵਿਸ਼ਵਾਸ ਦੀ ਜਿੱਤ ਹੈ।

ਐਲਨ ਰੈਡਪਾਥ

# ਅਧਿਆਇ 10

# ਹੁਣ ਕੀ ਕਰਨਾ ਹੈ?

ਮੁਕਤੀ ਬਿਲਕੁਲ ਮੁਫਤ ਹੈ। ਇਹ ਕਿਸੇ ਤਰਾਂ ਦੀ ਮਿਹਨਤ ਰਾਹੀਂ ਕਮਾਈ ਨਹੀਂ ਜਾ ਸਕਦੀ। ਪ੍ਰਭੂ ਯਿਸੂ ਨੇ ਇਹ ਦੇ ਲਈ ਸਭ ਕੁਝ ਕਰ ਦਿੱਤਾ ਹੈ।

ਜਦ ਤੁਸੀਂ ਇਮਾਨਦਾਰੀ ਦੇ ਨਾਲ ਪ੍ਰਾਰਥਨਾ ਕੀਤੀ ਤਾਂ ਮਸੀਹ ਦੇ ਉੱਤੇ ਨਿਹਚਾ ਕਰਨ ਦੇ ਲਈ ਤੁਸੀ ਪਰਮੇਸ਼ਰ ਦੀ ਸੰਤਾਨ ਬਣ ਜਾਂਦੇ ਹੋ।

> *ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪਰਮੇਸ਼ਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ ਉਸ ਦੇ ਨਾਂ ਉੱਤੇ ਨਿਹਚਾ ਕੀਤੀ'' (ਯੂਹੰਨਾ 1;120)।*

ਉਮੀਦ ਕਰਦੇ ਹਨ ਕਿ ਤੁਹਾਡਾ ਸਵਾਲ ਹੁਣ ਇਹ ਹੋਵੇਗਾ ਕਿ, ''ਹੁਣ ਕੀ ਕਰਨਾ ਹੈ?''

ਜਦ ਯਿਸੂ ਮੌਤ ਦੇ ਉੱਤੇ ਮਹਾਨ ਜਿੱਤ ਹਾਸਲ ਕਰਕੇ ਸੁਰਗ ਜਾ ਰਿਹਾ ਸੀ ਤਾਂ ਉਸ ਤੋਂ ਕੁਝ ਚਿਰ ਪਹਿਲਾਂ ਉਸ ਨੇ ਆਪਣੇ ਚੇਲਿਆਂ ਨੂੰ ਆਖਿਆ, *ਮੇ ਰੇ ਵਿਚ ਰਹੋ ਅਤੇ ਮੈਂ ਤੁਹਾਡੇ ਵਿਚ (ਯੂਹੰਨਾ 15:4)*। ਉਨ੍ਹਾਂ ਸ਼ਬਦਾਂ ਵਿਚ ਪ੍ਰਭੂ ਯਿਸੂ ਨੇ ਮਸੀਹੀ ਜੀਵਨ ਦੇ ਸਾਰ ਨੂੰ ਪ੍ਰਗਟ ਕੀਤਾ ਹੈ। ਪਰਮੇਸ਼ਰ ਦੇ ਨਜ਼ਰੀਏ ਦੇ ਨਾਲ, ਇਕ ਵਿਸ਼ਵਾਸੀ ਉਸ ਦੇ ਪੁੱਤਰ ਵਿਚ ਬਣਿਆ ਰਹਿੰਦਾ ਹੈ - ਤਾਂ ਜੋ ਜਦ ਤਕ ਉਹ ਸੁਰਗ ਨਹੀਂ ਪਹੁੰਚਾ ਉਹ ਸੁਰੱਖਿਅਤ ਰਹੇ। ਕੁਝ ਵੀ ਹੋਵੇ, ਇਨਸਾਨੀ ਸੋਚ ਦੇ ਨਾਲ, ਕਿਉਂਕਿ ਜੀਵਿਤ ਪ੍ਰਭੂ ਵੀ ਸੱਚੇ ਵਿਸ਼ਵਾਸ ਵਿਚ ਰਹਿੰਦਾ ਹੈ, ਉਨ੍ਹਾਂ ਦਾ ਪਰਿਵਾਰ, ਮਿੱਤਰ ਅਤੇ ਨਾਲ ਕੰਮ ਕਰਨ ਵਾਲੇ ਲੋਕਾਂ ਦੇ ਸਾਹਮਣੇ ਉਹ ਉਤਮ ਜੀਵਨ ਪ੍ਰਗਟ ਹੋਵੇਗਾ ਜਿਹੜਾ ਕੇਵਲ ਮਸੀਹ ਦੇ ਅੰਦਰ ਰਹਿਣ ਦੇ ਕਾਰਨ ਹੈ।

ਕਲਪਨਾ ਕਰੋ, ਜੇ ਤੁਸੀਂ, ਅੱਗ ਵਿਚ ਫਰੋਲਣ ਵਾਲੀ ਸੀਖ ਹੁੰਦੇ। ਜਦ ਤੁਸੀਂ ਇਸ ਨੂੰ ਵੇਖੋ ਤਾਂ ਤੁਸੀਂ ਆਖ ਸਕਦੇ ਹੋ, ''ਸੀਖ ਅੱਗ ਵਿਚ ਹੈ'' ਪਰੰਤੂ ਜੇ ਕਰ ਤੁਸੀਂ ਇਸ ਨੂੰ ਹੋਰ ਨਜ਼ਦੀਕੀ ਦੇ ਨਾਲ ਵੇਖੋ ਤਾਂ ਕਿ ਸੀਖ ਵੀ ਲਾਲ ਹੈ,

ਤਾਂ ਇਹ ਤੁਹਾਡੇ ਲਈ ਕਹਿਣਾ ਬਿਲਕੁਲ ਸਹੀ ਹੋਵੇਗਾ ਕਿ, ''ਸੀਖ ਵਿਚ ਅੱਗ ਹੈ।'' ਜਾਂ, ਉਸ ਤਰਾਂ, ਕਲਪਨਾ ਕਰੋ ਕਿ ਇਕ ਪਿਆਲਾ ਪਾਣੀ ਦੀ ਬਾਲਟੀ ਵਿਚ ਸੁੱਟ ਦਿੱਤਾ ਹੈ। ਪਿਆਲਾ ਪਾਣੀ ਵਿਚ ਹੈ, ਪਰੰਤੂ ਪਾਣੀ ਪਿਆਲੇ ਵਿਚ ਵੀ ਹੈ।

ਜਦ ਤੁਸੀਂ ਨਵਾਂ ਜਨਮ ਪ੍ਰਾਪਤ ਕੀਤਾ, ਤਾਂ ਪਵਿੱਤਰ ਆਤਮਾ ਨੇ ਮਸੀਹ ਦੀ ਦੇਹ ਵਿਚ ਤੁਹਾਡਾ ਬਪਤਿਸਮਾ (ਡੋਬਣਾ) ਕੀਤਾ।

ਹੁਣ ਬਾਈਬਲ ਤੁਹਾਨੂੰ ਦੱਸਦੀ ਹੈ, ''*ਤੁਹਾਡਾ ਜੀਵਨ ਮਸੀਹ ਦੇ ਨਾਲ ਪਰਮੇਸ਼ਰ ਵਿਚ ਗੁਪਤ ਹੋਇਆ ਹੈ*' (ਕੁਲੁਸੀਆਂ 3:3)। ਹਾਂ, ਕਿਉਂਕਿ ਤੁਸੀਂ ਨਵੇਂ ਸਿਰਿਓ ਜਨਮ ਲਿਆ ਹੈ, ਹੁਣ ਤੁਸੀਂ ਮਸੀਹ ਵਿਚ ਹੋ। ਉੱਤਮ ਗੱਲ ਹੈ। ਇਸ ਦੇ ਨਾਲ ਹੀ ਜਦ ਤੁਸੀਂ ਨਵਾਂ ਜਨਮ ਪ੍ਰਾਪਤ ਕੀਤਾ, ਤਾਂ ਪਵਿੱਤਰ ਆਤਮਾ ਦੇ ਸਾਮਰਥ ਦੇ ਨਾਲ ਜੀ ਉੱਠਿਆ ਮਸੀਹ ਤੁਹਾਡੇ ਲਈ ਵਿਅਕਤੀਗਤ ਅਤੇ ਵਾਸਤਵਿਕ ਬਣ ਗਿਆ। ਹੁਣ ਤੁਸੀਂ ਅਨੰਦ ਕਰ ਸਕਦੇ ਹੋ ਕਿ ਮਸੀਹ ਤੁਹਾਡੇ ਅੰਦਰ ਹੈ, ਜੋ ਮਹਿਮਾ ਦੀ ਆਸ ਹੈ ... (ਕੁਲੁਸੀਆਂ 1:27)। ਹਾਂ, ਕਿਉਂਕਿ ਤੁਸੀ ਨਵੇਂ ਸੀਰਿਓ ਪੈਦਾ ਹੋਏ ਹੋ ਇਸ ਲਈ ਜੀ ਉੱਠਿਆ ਮਸੀਹ ਤੁਹਾਡੇ ਅੰਦਰ ਰਹਿੰਦਾ ਹੈ। ਬਹੁਤ ਖੂਬ।

ਆਓ ਅਸੀਂ ਵੇਖੀਏ ਕਿ ਵਾਸਤਵ ਵਿਚ ਬਾਈਬਲ ਇਸ ਦੋਹਰੀ ਸਚਿਆਈ ਦੇ ਵਿਖੇ ਕੀ ਦੱਸਦੀ ਹੈ। ਮਸੀਹ ਵਿਚ ਹਾਂ ਅਤੇ ਮਸੀਹ ਤੇਰੇ ਵਿਚ।

**ਮੈਂ ਮਸੀਹ ਵਿਚ ਹਾਂ**

*ਇਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਅਤੇ ਅਸੀਂ ਸਭਨਾਂ ਨੂੰ ਇਕ ਆਤਮਾ ਪਿਆਇਆ ਗਿਆ....* (1ਕੁਰਿੰਥੀਆਂ 12:13)

*ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਹ ਦੀ ਮੌਤ ਦਾ ਬਪਤਿਸਮਾ ਲਿਆ, ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ* (ਰੋਮੀਆਂ 6:3–4)।

*ਕਿਉਂ ਜੋ ਤੁਸੀਂ ਮੋਏ ਅਤੇ ਤੁਹਾਡਾ ਜੀਵਨ ਮਸੀਹ ਦੇ ਨਾਲ ਪਰਮੇਸ਼ਰ ਵਿਚ ਗੁਪਤ ਹੋਇਆ ਹੈ* (ਕੁਲੁਸੀਆਂ 3:3)।

ਬਹੁਤ ਸਾਲ ਪਹਿਲਾਂ ਇਕ ਛੋਟੇ ਬੱਚੇ ਦੇ ਵਿਖੇ ਮੈਂ ਜਾਣਦਾ ਹਾਂ ਕਿ ਉਸ ਨੂੰ ਕੈਂਸਰ ਹੋ ਗਿਆ। ਉਸ ਵੇਲੇ ਉਹ ਕੇਵਲ ਸਤ ਸਾਲ ਦਾ ਸੀ, ਅਤੇ ਆਪਣੀ ਰੀੜ ਦੀ ਹੱਡੀ ਵਿਚ ਟੀਕਾ ਲਗਵਾਉਣ ਦੇ ਲਈ ਹਰ ਤਿੰਨ ਮਹੀਨੇ ਬਾਅਦ ਡਾਕਟਰ ਕੋਲ ਜਾਂਦਾ ਸੀ। ਇਕ ਵਾਰ ਡਾਕਟਰ ਨੇ ਉਸ ਬੱਚੇ ਨੂੰ ਪੁੱਛਿਆ, ਡਾਰੀਲ ਜਦ ਤੇਰੇ ਸੂਈ ਲੱਗਦੀ ਹੈ ਤਾਂ ਤੂੰ ਬਾਕੀ ਬੱਚਿਆਂ ਦੇ ਵਾਂਗ ਚੀਖਦਾ ਕਿਉਂ ਨਹੀਂ ਹੈ। ਡਾਕਟਰ ਨੇ ਪੁੱਛਿਆ, ''ਕੀ ਤੈਨੂੰ ਦਰਦ ਨਹੀਂ ਹੁੰਦੀ?'' ਡਾਰੀਲ ਨੇ ਜਵਾਬ ਦਿੱਤਾ, ''ਹਾਂ, ਡਾਕਟਰ ਦਰਦ ਤਾਂ ਹੁੰਦੀ ਹੈ, ਪਰੰਤੂ ਡਾਕਟਰ ਤੁਸੀਂ ਇਸ ਨੂੰ ਸਮਝਦੇ ਨਹੀ ਹੋ, ਇਸ ਤੋਂ ਪਹਿਲਾਂ ਕਿ ਯਿਸੂ ਮਸੀਹ ਮੈਨੂੰ ਛੂੰਹਦਾ, ਕਿਲ ਉਸ ਦੇ ਹੱਥਾਂ ਵਿਚੋਂ ਜਾਣੀ ਹੈ।'' ਇਹ ਜਾਣਨਾ ਬਹੁਤ ਹੀ ਅਦਭੁਤ ਹੈ ਕਿ ਕਿਉਂਕਿ ਤੁਸੀਂ ਮਸੀਹ ਵਿਚ ਹੋ, ਇਸ ਲਈ ਜੋ ਕੁਝ ਵੀ ਤੁਹਾਡੇ ਜੀਵਨ ਵਿਚ ਹੁੰਦਾ ਹੈ ਉਸ ਦਾ ਸਾਹਮਣਾ ਕਰਨ ਦੇ ਲਈ ਪ੍ਰਭੂ ਯੋਗ ਹੈ। ਇਹੋ ਵਿਸ਼ਵਾਸ ਹੈ।

ਜਿਸ ਤਰਾਂ ਤੁਸੀਂ ਪ੍ਰਭੂ ਯਿਸੂ ਨੂੰ ਨਿਹਚਾ ਦੇ ਨਾਲ ਸਵੀਕਾਰ ਕਰਦੇ ਹੋ, ਇਹ ਵਿਸ਼ਵਾਸ ਦਾ ਉਹੀ ਸਿਧਾਂਤ ਹੈ ਜਿਸ ਦੇ ਰਾਹੀਂ ਤੁਸੀਂ ਜਾਣ ਲੈਂਦੇ ਹੋ ਕਿ ਪ੍ਰਭੂ ਯਿਸੂ ਤੁਹਾਡੀ ਹਰ ਲੋੜ ਨੂੰ ਪੂਰਾ ਕਰਨ ਦੇ ਲਈ ਯੋਗ ਹੈ। ਦੂਜੇ ਸ਼ਬਦਾਂ ਵਿਚ, ਵਿਸ਼ਵਾਸ ਦਾ ਤੁਹਾਡਾ ਪਹਿਲਾ ਕਦਮ ਤੁਹਾਡੇ ਲਈ ਲਗਾਤਾਰ ਵਿਸ਼ਵਾਸ ਕਰਨ ਦੇ ਲਈ ਬੂਹਾ ਖੋਲਦਾ ਹੈ। *ਸੋ ਜਿਵੇਂ ਤੁਸੀਂ ਮਸੀਹ ਯਿਸੂ ਪ੍ਰਭੂ ਨੂੰ ਕਬੂਲ ਕੀਤਾ ਤਿਵੇਂ ਤੁਸੀਂ ਉਹ ਦੇ ਵਿਚ ਚੱਲਦੇ ਜਾਓ''* (ਕੁਲੁਸੀਆਂ 2:6)।

ਭਾਵੇਂ ਤੁਹਾਡਾ ਨਵਾਂ ਜਨਮ ਹੋ ਗਿਆ ਹੈ, ਪਰਮੇਸ਼ਰ ਇਹ ਬਿਲਕੁਲ ਨਹੀਂ ਚਾਹੁੰਦਾ ਕਿ ਤੁਸੀਂ ਯਿਸੂ ਦੇ ਜੀਵਨ ਦਾ ਅਨੁਕਾਰਕ ਬਣੋ।

ਵੱਡੀ ਗਿਣਤੀ ਵਿਚ ਮਸੀਹੀ ਲੋਕਾਂ ਨੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਅਸਫਲ ਹੋ ਕੇ ਨਿਰਾਸ਼ ਹੋ ਗਏ ਹਨ। ਪਰੰਤੂ ਪਰਮੇਸ਼ਰ ਸਾਨੂੰ ਦੱਸਦਾ ਹੈ ਕਿ ਸਾਡੇ ਜੀਵਨੀ ਜੀਵਨ ਦੇ ਲਈ ਉਸ ਦੇ ਕੋਲ ਮਹਾਨ ਯੋਜਨਾ ਹੈ। ਅਸੀਂ ਮਸੀਹ ਵਿਚ ਪਹਿਲਾਂ ਹੀ ਮਰ ਗਏ ਹਾਂ। ਅਤੇ ਮਸੀਹ ਵਿਚ ਮਰੇ ਹੋਣ ਦੇ ਕਾਰਨ ਅਤੇ ਸ਼ਰਾ ਦੀਆਂ ਸਾਰੀਆਂ ਗੱਲਾਂ ਦੇ ਲਈ ਮਰ ਗਏ ਹਾਂ। ਇਸ ਲਈ, ਜਿਵੇਂ ਭੂਤਕਾਲ ਵਿਚ ਸੀ ਉਸੇ ਤਰਾਂ ਹੁਣ ਵੀ ਹੈ ਅਤੇ ਭਵਿੱਖ ਵਿਚ ਰਹੇਗਾ, ਯਾਨਿ ਸ਼ਰਾ ਦੇ ਕਿਸੇ ਵੀ ਨਿਯਮ ਦੇ ਲਈ ਮਰੇ ਹੋਏ ਹਾਂ। ਹਾਂ, ਅਸੀਂ ਆਪਣੇ ਆਪ ਤੋਂ ਆਤਮਿਕ ਜੀਵਨ ਦੇ ਹਰ ਲੱਛਣ ਦੇ ਲਈ ਮਰੇ ਹੋਏ ਹਾਂ। ਪਰੰਤੂ ਪਰਮੇਸ਼ਰ ਦੀ ਵਡਿਆਈ ਹੋਵੇ ਕਿ ਅਸੀਂ ਜੀ ਉੱਠੇ ਮਸੀਹ ਵਿਚ ਹਰ ਉਸ ਸੁਰੱਖਿਆ ਵਿਚ ਜੀਵਿਤ ਹਾਂ।

ਸਮੱਸਿਆ ਉਸ ਵੇਲੇ ਖੜੀ ਹੁੰਦੀ ਹੈ ਜਦ ਅਸੀਂ ਪ੍ਰੀਖਿਆਵਾਂ ਨੂੰ ਆਪਣੇ ਆਪ ਆਪਣੇ ਤਰੀਕੇ ਦੇ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਕ ਨਵਾਂ ਵਿਸ਼ਵਾਸੀ ਇਹ ਮਹਿਸੂਸ ਕਰਦਾ ਹੈ ਕਿ ਜਿਸ ਤਰਾਂ ਉਹ ਆਪਣਾ ਪੁਰਾਣਾ ਜੀਵਨ ਬਤੀਤ ਕਰਦਾ ਸੀ, ਹੁਣ ਨਵਾਂ ਜਨਮ ਪਾਉਣ ਦੇ ਬਾਅਦ ਉਹ ਆਪਣੇ ਆਪ ਤੋਂ ਮਸੀਹੀ ਜੀਵਨ ਜੀਉਣ ਵਿਚ ਅਸਮਰਥ ਹੈ, ਇਸ ਵਿਚਾਰ ਦੇ ਲਈ ਸਾਨੂੰ ਇਕ ਚੇਤਾਵਨੀ ਦਿੱਤੀ ਜਾ ਰਹੀ ਹੈ, ਪ੍ਰਭੂ ਯਿਸੂ ਮਸੀਹ ਨੇ ਸਪਸ਼ਟ ਰੂਪ ਦੇ ਨਾਲ ਇਹ ਕਿਹਾ ਹੈ ਕਿ, *...ਮੈਥੋਂ ਅੱਡ ਹੋ ਕੇ ਤੁਸੀਂ ਕੁਝ ਵੀ ਨਹੀਂ ਕਰ ਸਕਦੇ* (ਯੂਹੰਨਾ 15:5)।

ਵਾਸਤਵ ਵਿਚ ਆਪਣੇ ਆਪ ਤੋਂ ਮੂਰਖਤਾ ਭਰੀ ਕੋਸ਼ਿਸ਼ ਕਰਨ ਦੇ ਵਿਖੇ ਪੌਲੁਸ ਰਸੂਲ ਗਲਾਤੀਆਂ ਵਿਚ ਬਹੁਤ ਹੀ ਸਖਤ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ। ਪੌਲੁਸ ਆਖਦਾ ਹੈ ਕਿ ਵਿਸ਼ਵਾਸ ਦੇ ਅਧਾਰ ਤੇ ਜੀਉਣ ਦੇ ਸਿਧਾਂਤ ਤੋਂ ਮੁੜ ਕੇ ਜਦ ਤੁਸੀਂ ਪਰਮੇਸ਼ਰ ਤੋਂ ਦੂਰ ਜਾ ਰਹੇ ਹੋ ਤਾਂ ਉਨ੍ਹਾਂ ਨੂੰ ਸੁਧਾਰੋ ਅਤੇ ਕੇਵਲ ਵਿਸ਼ਵਾਸ ਦੇ ਅਧਾਰ ਤੇ ਜੀਓ, ਪੌਲੁਸ ਇਕ ਆਡੰਬਰਪੂਰਣ ਸਵਾਲ ਪੁੱਛਦਾ ਹੈ ਜਿਹੜਾ ਉਨ੍ਹਾਂ ਦੇ ਆਪਣੇ ਆਪ ਤੋਂ ਇਕ ਜਵਾਬ ਹੈ ਜਿਹੜੇ ਆਪਣੀ ਕੋਸ਼ਿਸ਼ ਦੇ ਨਾਲ ਜੀਉਣਾ ਚਾਹੁੰਦੇ ਹਨ

> *ਮੈਂ ਤੁਹਾਥੋਂ ਨਿਰਾ ਇੰਨਾਂ ਮਲੂਮ ਕਰਨਾ ਚਾਹੁੰਦਾ ਹਾਂ ਭਈ ਤੁਹਾਨੂੰ ਸ਼ਰਾ ਦੇ ਕੰਮਾਂ ਤੋਂ ਆਤਮਾ ਪ੍ਰਾਪਤ ਹੋਇਆ ਅਥਵਾ ਨਿਹਚਾ ਦੇ ਸੁਨੇਹੇ ਤੋਂ? ਕੀ ਤੁਸੀਂ ਇਹੋ ਜਿਹੇ ਮੂਰਖ ਹੋ? ਭਲਾ, ਆਤਮਾ ਦੁਆਰਾ ਅਰੰਭ ਕਰ ਕੇ ਤੁਸੀਂ ਹੁਣ ਸਰੀਰ ਦੁਆਰਾ ਸਮਾਪਤ ਕਰਦੇ ਹੋ?* (ਗਲਾਤੀਆਂ 3:2–3)।

ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਜਿਸ ਤਰਾਂ ਤੁਸੀਂ ਵਿਸ਼ਵਾਸ ਵਿਚ ਆਪਣਾ ਜੀਵਨ ਜੀਉਣਾ ਸ਼ੁਰੂ ਕੀਤਾ ਸੀ ਉਹ ਵੀ ਮਸੀਹ ਵਿਚ ਨਵਾਂ ਜੀਵਨ ਸ਼ੁਰੂ ਕਰ ਰਹੇ ਹਨ। ਅਤੇ ਉਹ ਕੇਵਲ ਉਸ ਨਿਰਭਰ ਕਰਨ ਵਾਲੇ ਵਿਸ਼ਵਾਸ ਦੇ ਰਾਹੀਂ ਹੈ ਜਿਸ ਦੀ ਉਹ ਆਸ ਕਰ ਸਕਦੇ ਹਨ : *ਮਸੀਹ ਦੇ ਰਾਹੀਂ ਜੀਵਨ ਵਿਚ ਰਾਜ ਕਰਨਗੇ* (ਰੋਮੀਆਂ 5:17)

ਗਲਾਤੀਆਂ ਵਿਚ ਨਿਰਭਰ ਕਰਨ ਵਾਲੇ ਵਿਸ਼ਵਾਸ ਦੀ ਸ਼ਕਤੀ ਨੂੰ ਆਪਣੇ ਆਪ ਤੋਂ ਕੋਸ਼ਿਸ਼ ਕਰਨ ਦੀ ਬਾਂਝ ਕਾਨੂੰਨੀ ਵਿਚਾਰਾਂ ਨੇ ਖਤਮ ਕਰ ਦਿੱਤਾ ਸੀ। ਪਰੰਤੂ, ਪਰਮੇਸ਼ਰ ਦਾ ਧੰਨਵਾਦ ਹੋਵੇ, ਜੇ ਤੁਸੀਂ ਪ੍ਰਭੂ ਦੇ ਉੱਤੇ ਜਿਸ ਨੂੰ ਤੁਸੀਂ ਹਾਲ

ਵਿਚ ਲੱਭਿਆ ਹੈ ਉਸ ਦੇ ਉੱਤੇ ਨਿਹਚਾ ਕਰਕੇ ਲਗਾਤਾਰ ਕਰਦੇ ਹੋ, ਤਾਂ ਕਿ ਉਹ ਦੁੱਖ ਵਾਲਾ ਅਨੁਭਵ ਜਿਹੜਾ ਗਲਾਤੀਆਂ ਦੇ ਲੋਕਾਂ ਨੇ ਅਨੁਭਵ ਕੀਤਾ ਤੁਸੀਂ ਕਦੇ ਨਾ ਕਰੋ।

## ਮਸੀਹ ਮੇਰੇ ਵਿਚ ਜੀਉਂਦਾ ਹੈ

> *ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ, ਪਰ ਹੁਣ ਤੋਂ ਮੈਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿਚ ਜੀਉਂਦਾ ਹੈ ...*(ਗਲਾਤੀਆਂ 2:20)।
>
> *ਪਰ ਜੇ ਮਸੀਹ ਤੁਹਾਡੇ ਵਿਚ ਹੈ ਤਾਂ ਦੇਹੀ ਪਾਪ ਦੇ ਕਾਰਨ ਮਰ ਗਈ ਪਰ ਆਤਮਾ ਧਰਮ ਦੇ ਕਾਰਨ ਜੀਵਤ ਹੈ, ਅਤੇ ਜੋ ਉਹ ਦਾ ਆਤਮਾ ਜਿਹ ਨੇ ਯਿਸੂ ਨੂੰ ਮੁਰਦਿਆਂ ਵਿਚੋਂ ਜਿਵਾਲਿਆ ਤੁਹਾਡੇ ਵਿਚ ਵੱਸਦਾ ਹੈ ਤਾਂ ਜਿਹ ਨੇ ਮਸੀਹ ਯਿਸੂ ਨੂੰ ਮੁਰਦਿਆਂ ਵਿਚੋਂ ਜਿਵਾਲਿਆ ਉਹ ਆਪਣੇ ਆਤਮਾ ਦੇ ਵਸੀਲੇ ਨਾਲ ਜਿਹੜਾ ਤੁਹਾਡੇ ਵਿਚ ਵਸਦਾ ਹੈ ਤੁਹਾਡੀਆਂ ਮਰਨਹਾਰ ਦੇਹੀਆਂ ਨੂੰ ਵੀ ਜਿਵਾਏਗਾ* (ਰੋਮੀਆਂ 8:10–11)।
>
> *ਜਿਨ੍ਹਾਂ ਨੂੰ ਪਰਮੇਸ਼ਰ ਨੇ ਮਰਿਯਮ ਕਰਨਾ ਚਾਹਿਆ ਭਈ ਪਰਾਈਆਂ ਕੌਮਾਂ ਵਿਚ ਇਸ ਭੇਤ ਦੇ ਧਨ ਦਾ ਪਰਤਾਪ ਕੀ ਹੈ, ਸੋ ਇਹ ਮਸੀਹ ਤੁਹਾਡੇ ਵਿਚ ਪਰਤਾਪ ਦੀ ਆਸ ਹੈ* (ਕੁਲੁਸੀਆਂ 1:27)।
>
> *ਮਸੀਹ ਤੁਹਾਡਿਆਂ ਮਨਾਂ ਵਿਚ ਨਿਹਚਾ ਦੇ ਦੁਆਰਾ ਵੱਸੇ* (ਅਫਸੀਆਂ 3:17)।

ਤੁਸੀਂ ਇਹ ਆਖਦੇ ਹੋਏ ਮਸੀਹ ਵਿਚ ਜੀਉਂਦੇ ਹੋਣ ਦਾ ਆਪਣਾ ਪ੍ਰਮਾਣ ਦੇ ਸਕਦੇ ਹੋ : ''ਪ੍ਰਭੂ ਯਿਸੂ ਤੇਰਾ ਧੰਨਵਾਦ ਹੋਵੇ, ਕਿ ਜੋ ਮੈਂ ਨਹੀਂ ਪਰੰਤੂ ਤੂੰ ਸਭ ਕੁਝ ਹੈ। ਮੈਂ ਤੈਨੂੰ ਅਨੁਮਤੀ ਦਿੰਦਾ ਹਾਂ ਕਿ ਜੋ ਕੁਝ ਤੂੰ ਹੈ ਅਤੇ ਦੋਵੇਂਮੇਰੇ ਅੰਦਰ ਅਤੇ ਮੇਰੇ ਰਾਹੀਂ ਤੂੰ ਪ੍ਰਗਟ ਹੋ।'' ਤੁਹਾਡੇ ਮਸੀਹੀ ਜੀਵਨ ਵਿਚ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪਰਮੇਸ਼ਰ ਨੇ ਤੁਹਾਡੀ ਸਫਲਤਾ ਦੀ ਜ਼ਿੰਮੇਵਾਰੀ ਕਿਸੇ ਹੋਰ ਨੂੰ ਦੇ ਦਿੱਤੀ ਹੈ – ਯਾਨਿ ਕਿ ਪ੍ਰਭੂ ਯਿਸੂ ਮਸੀਹ ਨੂੰ। ਜਿਹੜੀਆਂ ਪਰੇਸ਼ਾਨੀਆਂ ਅਤੇ ਪ੍ਰੀਖਿਆਵਾਂ ਦਾ ਸਾਹਮਣਾ ਤੁਸੀਂ ਆਪਣੇ ਜੀਵਨ ਵਿਚ ਕਰਨ ਜਾ ਰਹੇ ਹੋ ਉਨ੍ਹਾਂ ਦਾ ਸਾਹਮਣਾ ਪ੍ਰਭੂ ਆਪ ਕਰੇਗਾ। ਇਹ ਸੰਭਵ ਹੈ ਕਿ ਬਿਨ੍ਹਾਂ ਮਸੀਹ ਦੇ ਤੁਸੀਂ ਧਰਮ ਗਿਆਨੀ ਬਣ ਸਕਦੇ ਹੋ, ਇਹ ਸੰਭਵ ਹੈ ਕਿ ਬਿਨ੍ਹਾਂ ਮਸੀਹ ਦੇ ਤੁਸੀਂ

ਪ੍ਰਚਾਰਕ ਬਣ ਸਕਦੇ ਹੋ ਪਰੰਤੂ ਇਹ ਅਸੰਭਵ ਹੈ ਕਿ ਜੇ ਮਸੀਹ ਤੁਹਾਡੇ ਦਿਲ ਵਿਚ ਵਾਸ ਨਹੀਂ ਕਰਦਾ ਤਾਂ ਤੁਸੀਂ ਇਕ ਮਸੀਹੀ ਬਣ ਸਕੋ।

ਯਿਸੂ ਹੀ ਕੇਵਲ ਇਕ ਅਜਿਹਾ ਵਿਅਕਤੀ ਹੈ ਜਿਹੜਾ ਵਾਸਤਵ ਵਿਚ ਮਸੀਹੀ ਜੀਵਨ ਦੀ ਅਗਵਾਈ ਕਰਦਾ ਹੈ। ਹੁਣ, ਉਸ ਨੇ ਆਪਣੇ ਆਤਮਾ ਦੇ ਰਾਹੀਂ ਤੁਹਾਡੇ ਦਿਲ ਵਿਚ ਆਪਣਾ ਵਾਸ ਕਰ ਲਿਆ ਹੈ। ਹੁਣ ਉਹ ਤੁਹਾਡੇ ਰਾਹੀਂ ਅਤੇ ਤੁਹਾਡੇ ਅੰਦਰ ਉਹ ਸਾਰੇ ਕੰਮ ਕਰ ਸਕਦਾ ਹੈ ਜਿਹੜੇ ਤੁਸੀਂ ਆਪਣੇ ਲਈ ਨਹੀਂ ਕਰ ਸਕਦੇ ਸੀ। ਉਹ ਜਿਹੜਾ ਪਵਿੱਤਰ ਹੈ ਉਹ ਅਨੈਤਿਕ ਸੰਸਾਰ ਵਿਚ ਤੁਹਾਡੀ ਪਵਿੱਤਰਤਾਈ ਹੈ, ਉਹ ਜਿਹੜਾ ਵਿਜਈ ਹੈ ਉਹ ਪ੍ਰੀਖਿਆ ਭਰੇ ਇਸ ਸੰਸਾਰ ਵਿਚ ਤੁਹਾਡੀ ਜਿੱਤ ਹੈ। ਉਹ ਜਿਹੜਾ ਪਿਆਰ ਹੈ ਇਸ ਸੁਆਰਥੀ ਸੰਸਾਰ ਵਿਚ ਤੁਹਾਡੇ ਲਈ ਪਿਆਰ ਹੈ। ਵਾਸਤਵ ਵਿਚ, ਉਹ ਜਿਹੜਾ ਪੁਨਰਉਥਾਨ ਅਤੇ ਜੀਵਨ ਹੈ ਹੁਣ ਤੁਹਾਡਾ ਮਸੀਹੀ ਜੀਵਨ ਹੈ।

ਜਦ ਤੁਸੀਂ ਵੱਡੀ ਹਲੀਮੀ ਦੇ ਨਾਲ ਆਪਣੇ ਆਪ ਨੂੰ ਪ੍ਰਭੂ ਯਿਸੂ ਦੇ ਲਈ ਦੇ ਦਿੰਦੇ ਹੋ, *ਜਿਹੜਾ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਦੇ ਲਈ ਆਇਆ ਹੈ* (ਲੂਕਾ 19:10)। ਹੁਣ ਤੁਸੀਂ ਭਰੋਸਾ ਕਰ ਸਕਦੇ ਹੋ ਕਿ ਤੁਹਾਡੇ ਰਾਹੀਂ ਉਹ ਗੁਆਚੇ ਹੋਇਆਂ ਨੂੰ ਬਚਾ ਸਕਦਾ ਹੈ। ਜੀਵਨ ਬਹੁਤ ਹੀ ਦਿਲਚਸਪ ਹੋ ਜਾਂਦਾ ਹੈ ਜਦ ਇਕ ਵਿਸ਼ਵਾਸੀ ਜਾਣ ਲੈਂਦਾ ਹੈ ਕਿ ਬਹੁਤ ਸਾਰੇ ਲੋਕਾਂ ਦੇ ਲਈ ਜੀਵਨ ਦਾ ਇਕ ਵਸੀਲਾ ਹੋ ਗਿਆ ਹੈ।

ਚੇਤੇ ਰੱਖੋ - ਹਾਲਾਂਕਿ ਯਿਸੂ ਸੁਰਗ ਵਿਚ ਗਿਆ ਹੈ, ਉਸ ਨੇ ਆਪਣੇ ਆਪ ਨੂੰ ਤੁਹਾਡੇ ਵਿਚੋਂ ਬਾਹਰ ਨਹੀਂ ਕੀਤਾ ਹੈ। ਜਦ ਉਸ ਨੇ ਧਰਤੀ ਉੱਤੇ ਆਪਣੇ ਚੇਲਿਆਂ ਨੂੰ ਛੱਡਿਆ ਸੀ ਤਾਂ ਉਸ ਨੇ ਕਿਹਾ :

> *ਪਰ ਥੋੜੇ ਚਿਰ ਪਿੱਛੋ ਜਗਤ ਮੈਨੂੰ ਫੇਰ ਨਾ ਵੇਖੇਗਾ ਪਰ ਤੁਸੀਂ ਮੈਨੂੰ ਵੇਖੋਗੇ। ਇਸ ਕਰਕੇ ਜੋ ਮੈਂ ਜੀਉਂਦਾ ਹਾਂ ਤੁਸੀਂ ਭੀ ਜੀਉਗੇ, ਉਸ ਦਿਨ ਤੁਸੀਂ ਜਾਣੋਗੇ ਭਈ ਮੈਂ ਆਪਣੇ ਪਿਤਾ ਵਿਚ ਅਰ ਤੁਸੀਂ ਮੇਰੇ ਵਿਚ ਅਤੇ ਮੈਂ ਤੁਹਾਡੇ ਵਿਚ ਹਾਂ* (ਯੂਹੰਨਾ 14:19-20)।

ਹੁਣ ਤੁਸੀਂ ਪੁੱਛ ਸਕਦੇ ਹੋ ਕਿ, "ਉਹ ਸਾਰੇ ਸਰੋਤ ਜਿਹੜੇ ਪਰਮੇਸ਼ਰ ਨੇ ਮਸੀਹ ਵਿਚ ਮੈਨੂੰ ਦਿੱਤੇ ਹੈ ਮੇਰੇ ਜੀਵਨ ਵਿਚ ਵਾਸਤਵਿਕ ਕਿਵੇਂਬਣ ਸਕਦੇ ਹਨ?" ਇਹ ਬਹੁਤ ਹੀ ਚੰਗਾ ਸਵਾਲ ਹੈ। ਇਸ ਤੋਂ ਦਿਮਾਗੀ ਵਿਸ਼ਵਾਸ ਅਤੇ ਤਜਰਬੇ ਵਾਲੇ ਵਿਸ਼ਵਾਸ ਦੀ ਪਹਿਚਾਣ ਹੁੰਦੀ ਹੈ। ਇਸ ਸਵਾਲ ਵਿਚ ਵਿਸ਼ਵਾਸ

ਦੇ ਪ੍ਰਤੀ ਉਹ ਇੱਛਾ ਵੀ ਹੈ ਜਿਹੜੀ ਕੰਮ ਕਰਦੀ ਹੈ। ਇਸ ਦਾ ਸਧਾਰਣ ਜਵਾਬ ਮਸੀਹ ਦਾ ਸ਼ਾਹੀ ਜੀਵਨ ਹੈ ਜਿਹੜਾ ਇਕ ਵਿਸ਼ਵਾਸੀ ਦੇ ਧੰਨਵਾਦ ਦੇਣ ਦੇ ਰਾਹੀਂ ਪ੍ਰਗਟ ਹੁੰਦਾ ਹੈ। ਸੱਚਾ ਵਿਸ਼ਵਾਸ ਹਮੇਸ਼ਾ ਇਹ ਆਖਦਾ ਹੈ, ''ਤੁਹਾਡਾ ਧੰਨਵਾਦ।''

ਮਿਸਾਲ ਦੇ ਤੌਰ ਤੇ, ਮਸੀਹ ਦੇ ਵਿਚ ਤੁਸੀਂ ਆਪਣੇ ਵਿਸ਼ਵਾਸ ਨੂੰ ਇਸ ਤਰਾਂ ਪ੍ਰਗਟ ਕਰ ਸਕਦੇ ਹੋ ਕਿ ਪ੍ਰਭੂ ਯਿਸੂ ਮਸੀਹ ਤੇਰਾ ਧੰਨਵਾਦ ਕਿ ਤੂੰ ਮੇਰੇ ਪਾਪ ਮਾਫ ਕੀਤੇ ਹਨ। ਇਸ ਦੇ ਨਾਲ ਹੀ ਤੁਸੀਂ ਉਸ ਦਾ ਧੰਨਵਾਦ ਉਸ ਸਚਾਈ ਦੇ ਲਈ ਕਰ ਸਕਦੇ ਹੋ, ਕਿ ਤੁਹਾਡੇ ਲੋੜ ਦੇ ਸਮੇਂ ਉਹ ਤੁਹਾਡੇ ਲਈ ਉਹੀ ਬਣੇ ਗਾ ਜਿਸ ਦੀ ਤੁਹਾਨੂੰ ਲੋੜ ਹੈ। *ਅਤੇ ਨਿਹਚਾ ਬਾਝੋਂ ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ* (ਇਬਰਾਨੀਆਂ 11:6)। ਜਦ ਤੁਸੀਂ ਉਸ ਨੂੰ ਖੁਸ਼ ਕਰਨ ਦੀ ਇੱਛਾ ਕਰਦੇ ਹੋ, ਤਾਂ ਆਪਣਾ ਜੀਵਨ ਵਿਸ਼ਵਾਸ ਦੇ ਨਾਲ ਇਸ ਤਰਾਂ ਬਤੀਤ ਕਰੋ ਕਿ ਸਭਨਾਂ ਵਸਤਾਂ ਦੇ ਲਈ ਲਗਾਤਾਰ ਪ੍ਰਭੂ ਯਿਸੂ ਦਾ ਧੰਨਵਾਦ ਕਰੋ।

ਜਦ ਪਤਰਸ ਉਨ੍ਹਾਂ ਮਸੀਹੀਆਂ ਨੂੰ ਲਿਖ ਰਿਹਾ ਸੀ ਜਿਨ੍ਹਾਂ ਨੇ ਪ੍ਰਭੂ ਯਿਸੂ ਮਸੀਹ ਦੇ ਲਈ ਵਿਸ਼ਵਾਸਯੋਗਤਾ ਦੇ ਨਾਲ ਦੁੱਖ, ਸਤਾਉ ਸਹਿਨ ਕੀਤਾ ਉਹ ਉਨ੍ਹਾਂ ਦੀ ਵਡਿਆਈ ਕਰਦਾ ਹੈ, *ਆਪਣੇ ਦਿਲਾਂ ਵਿਚ ਪ੍ਰਭੂ ਮਸੀਹ ਨੂੰ ਪਵਿੱਤਰ ਜਾਣੋ ...* (1ਪਤਰਸ 3:15)। ਇਸ ਵਿਚ ਪਰਮੇਸ਼ਰ ਨੇ ਉਸ ਭੇਦ ਨੂੰ ਖੋਲਿਆ ਹੈ ਕਿ ਸਤਾਉ ਵਿਚ ਤੁਸੀਂ ਵਿਸ਼ਵਾਸ ਵਿਚ ਕਿਵੇਂ ਸਥਿਰ ਰਹਿਣਾ ਹੈ। ਨਿਸ਼ਚੈ ਕਰ ਲਵੋ ਕਿ ਯਿਸੂ ਮਸੀਹ ਤੁਹਾਡੇ ਜੀਵਨ ਦਾ ਪ੍ਰਭੂ ਹੈ।

ਤੁਸੀਂ ਚੇਤੇ ਕਰ ਸਕਦੇ ਹੋ ਕਿ ਪੁਰਾਣੇ ਨੇਮ ਵਿਚ ਪਰਮੇਸ਼ਰ ਦੇ ਨਾਵਾਂ ਵਿਚ ਇਕ ਨਾਂ ਅਦੋਨਾਈ ਹੈ। ਅਦੋਨਾਈ ਦਾ ਅਰਥ ਹੈ ਕਿ ਪਰਮੇਸ਼ਰ ਜਾਣਦਾ ਹੈ ਕਿ ਉਹ ਮੇਰਾ ਸੁਆਮੀ ਹੈ। ਇਹ ਉਸ ਵਿਖੇ ਵਿਚ ਲਿਆ ਗਿਆ ਹੈ ਕਿ ਪ੍ਰਭੂ ਪਰਮੇ ਸ਼ਰ ਮੇਰਾ ਸੁਆਮੀ ਹੈ ਜਦ ਪਤਰਸ ਵਿਸ਼ਵਾਸੀਆਂ ਨੂੰ ਇਹ ਚੇਤਾਵਨੀ ਦਿੰਦਾ ਹੈ *ਮਸੀਹ ਨੂੰ ਆਪਣੇ ਦਿਲਾਂ ਵਿਚ ਪਵਿੱਤਰ ਜਾਣੋ*।

ਜਦ ਪ੍ਰਭੂ ਯਿਸੂ ਤੁਹਾਡੇ ਜੀਵਨ ਦਾ ਸੁਆਮੀ ਹੈ ਤਾਂ ਤੁਸੀਂ ਉਸ ਦੀ ਸੰਗਤੀ ਦਾ ਲਗਾਤਾਰ ਅਨੰਦ ਲਵੋਗੇ। ਕੇਵਲ ਉਸੇ ਵੇਲੇ ਤੁਸੀਂ ਹਰੇਕ ਦਿਨ ਉਸ ਦੇ ਉੱਤੇ ਵਿਸ਼ਵਾਸ ਕਰਨ ਵਿਚ ਅਜ਼ਾਦੀ ਮਹਿਸੂਸ ਕਰੋਗੇ ਅਤੇ ਆਪਣੇ ਜੀਵਨ ਵਿਚ ਉਸ ਦਾ ਅਨੰਦ ਲੈ ਸਕੋਗੇ। ਜਿਵੇਂ ਜੋਰਜ ਮੈਥਸਨ ਗੀਤ ਵਿਚ ਲਿਖਦਾ ਹੈ :

ਪ੍ਰਭੂ ਮੈਨੂੰ ਗੁਲਾਮ ਬਣਾ
ਅਤੇ ਫੇਰ ਮੈਂ ਅਜ਼ਾਦ ਹੋਵਾਂਗਾ
ਮੈਨੂੰ ਮਜਬੂਰ ਕਰ ਕਿ ਮੈਂ ਆਪਣੀ ਤਲਵਾਰ ਅਰਪਿਤ ਕਰਾਂ
ਤਾਂ ਜੋ ਮੈਂ ਵਿਜਈ ਹੋ ਜਾਵਾਂ

ਅਜ਼ਾਦੀ ਦੇ ਇਸ ਸਧਾਰਣ ਵਿਚਾਰ ਦੀ ਤੁਲਨਾ ਵਿਚ, ਮੈਂ ਉਸ ਵਾਸਤਵਿਕ ਅਜ਼ਾਦੀ ਦੇ ਨਾਲ ਮੈਂ ਉਹ ਨਹੀਂ ਕਰ ਸਕਦਾ ਹਾਂ ਜੋ ਕੁਝ ਮੈਂ ਕਰਨਾ ਚਾਹੁੰਦਾ ਹਾਂ। ਬਲਕਿ ਮੇਰੇ ਅੰਦਰ ਉਹ ਸਾਮਰਥ ਹੈ ਜਿਹੜੀ ਮੈਥੋਂ ਉਹ ਕਰਾਉਂਦੀ ਹੈ ਜੋ ਕਰਨਾ ਹੈ। ਪੌਲੁਸ ਰਸੂਲ ਦੇ ਉਨ੍ਹਾਂ ਸ਼ਬਦਾਂ ਨੂੰ ਯਾਦ ਕਰੋ ਕਿ ਉਹ ਆਖਦਾ ਹੈ, ਮੈਂ ਮਸੀਹ ਵਿਚ ਸਭ ਕੁਝ ਕਰ ਸਕਦਾ ਹਾਂ ਜੋ ਮੈਨੂੰ ਸਾਮਰਥ ਦਿੰਦਾ ਹੈ (ਫਿਲਿਪੀਆਂ 4:13)

1859 ਵਿਚ ਆਯਰਲੈਂਡ ਵਿਚ ਬੇਦਾਰੀ ਦੀ ਸਭਾ ਦੇ ਦੌਰਾਨ, ਹਜ਼ਾਰਾਂ ਲੋਕ ਮਸੀਹ ਦੇ ਕੋਲ ਆਏ। ਤੋਬਾ ਕਿਤੇ ਇਨ੍ਹਾਂ ਲੋਕਾਂ ਨੇ ਇਕ ਸਮਰਪਣ ਗੀਤ ਦੇ ਰਾਹੀਂ ਆਪਣੇ ਵਿਸ਼ਵਾਸ ਨੂੰ ਪ੍ਰਗਟ ਕੀਤਾ। ਉਨ੍ਹੀਂ ਦਿਨੀ ਜੀ ਉੱਠੇ ਪ੍ਰਭੂ ਵਿਚ ਬਹੁਤ ਸਾਰੇ ਲੋਕਾਂ ਨੇ ਜੀਵਨ ਵਿਚ ਪਰਿਵਰਤਨ ਦਾ ਅਨੁਭਵ ਕੀਤਾ ਜਿਸ ਦੇ ਵਜੋ ਸਾਰੇ ਦੇਸ਼ ਵਿਚ ਇਕ ਵੱਡਾ ਵਾਸਤਵਿਕ ਪਰਿਵਰਤਨ ਆਇਆ।

ਹਾਲਾਂਕਿ ਅਜਿਹਾ ਗੀਤ ਗਾਉਣ ਵਿਚ ਕੋਈ ਸਰਾਹਨਾਯੋਗ ਗੱਲ ਨਹੀਂ ਹੈ, ਪਰੰਤੂ ਹੋ ਸਕਦਾ ਹੈ ਕਿ ਇਸ ਵੇਲੇ ਇਹ ਤੁਹਾਡੇ ਲਈ ਮਦਦਗਾਰ ਸਾਬਤ ਹੋਵੇ, ਕਿ ਤੁਸੀਂ ਇਹ ਗੀਤ ਜਿਹੜਾ ਹੇਠਾਂ ਸਫੇ ਤੇ ਦਿੱਤਾ ਹੈ ਗਾ ਕੇ ਪਰਮੇਸ਼ਰ ਦੇ ਲਈ ਪ੍ਰਤੀਉੱਤਰ ਦੇ ਸਕੋ

*ਹੁਣ ਸ਼ਾਂਤੀ ਦਾਤਾ ਪਰਮੇਸ਼ਰ ਜਿਹੜਾ ਭੇਡਾਂ ਦੇ ਵੱਡੇ ਅਯਾਲੀ ਅਰਥਾਤ ਸਾਡੇ ਪ੍ਰਭੂ ਦੇ ਸਦੀਪਕ ਨੇਮ ਦੇ ਲਹੂ ਨਾਲ ਮੁਰਦਿਆਂ ਵਿਚੋਂ ਉਠਾ ਲਿਆਇਆ, ਤੁਹਾਨੂੰ ਹਰੇਕ ਭਲੇ ਕੰਮ ਵਿਚ ਸੰਪੂਰਨ ਕਰੇ ਭਈ ਉਹ ਦੀ ਇੱਛਿਆ ਨੂੰ ਪੂਰਿਆਂ ਕਰੋ ਅਤੇ ਜੋ ਕੁਝ ਉਹ ਨੂੰ ਭਾਉਂਦਾ ਹੈ ਉਹੋ ਸਾਡੇ ਵਿਚ ਯਿਸੂ ਮਸੀਹ ਦੇ ਰਾਹੀਂ ਕਰੇ ਜਿਹ ਦੀ ਵਡਿਆਈ ਜੁੱਗੋ ਜੁੱਗ ਹੋਵੇ, ਆਮੀਨ* (ਇਬਰਾਨੀਆਂ 13:20–21)।

## *ਹੰਗਰੀ ਤੋਂ ਲਿਖਿਆ ਖਤ*

‘‘ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਪਵਿੱਤਰ ਬਾਈਬਲ ਅਤੇ ਰੀਚਡ ਏ ਬੈਨਟ ਦੇ ਰਾਹੀਂ ਲਿਖੀ ਕਿਤਾਬ, ‘‘ਪਰਮੇਸ਼ਰ ਦੇ ਪ੍ਰਤੀ ਤੁਹਾਡੇ ਸਵਾਲ’’ ਭੇਜੀ ਹੈ।

‘‘ਮੈਂ ਇਹ ਕਿਤਾਬ ਖਤਮ ਕਰ ਲਈ ਹੈ ਅਤੇ ਬਾਈਬਲ ਵਿਚੋਂ ਹਰ ਹਬਾਲਾ ਵੇਖਿਆ ਹੈ।

‘‘ਪਰਮੇਸ਼ਰ ਦੇ ਪ੍ਰਤੀ ਤੁਹਾਡੇ ਸਵਾਲ’’ ਇਸ ਕਿਤਾਬ ਨੇ ਮੇਰੀ ਸਹਾਇਤਾ ਕੀਤੀ ਹੈ ਕਿ ਮੈਂ ਜਾਣ ਲਵਾਂ ਕਿ ਮੈਨੂੰ ਕੀ ਵਿਸ਼ਵਾਸ ਕਰਨਾ ਚਾਹੀਦਾ ਹੈ ਅਤੇ ਕਿਉਂ ਵਿਸ਼ਵਾਸ ਕਰਨਾ ਚਾਹੀਦਾ ਹੈ। ਹੁਣ ਮੈਂ ਇਕ ਵਿਸ਼ਵਾਸੀ ਹਾਂ ਅਤੇ ਇਸ ਕਿਤਾਬ ਦੀ ਸਹਾਇਤਾ ਦੇ ਨਾਲ ਮੈਂ ਆਪਣੇ ਜੀਵਨ ਦੇ ਪ੍ਰਤੀ ਵਿਸ਼ਵਾਸ ਦੇ ਨਾਲ ਵਾਯਦਾ ਕੀਤਾ ਹੈ।

– ਟਰਾਂਸ ਵਰਲਡ ਦੇ ਰਾਹੀਂ ਅਨੁਵਾਦ ਕਰਕੇ ਪੇਸ਼ ਕੀਤੀ ਰਿਪੋਰਟ

ਹੁਣ ਤੁਹਾਡੀ ਸਹਾਇਤਾ ਦੇ ਲਈ
ਵਿਸ਼ਵਾਸ ਦੇ ਪ੍ਰਤੀ ਸਮਰਪਨ ਕਰਨ ਲਈ
ਸਫਾ 136–137 ਤੇ ਵਚਨ ਦਿੱਤੇ ਗਏ ਹਨ

# ਵਿਸ਼ਵਾਸ ਦੇ ਪ੍ਰਤੀ ਮੇਰਾ ਸਮਰਪਨ

**ਮੈਂ ਪਰਮੇਸ਼ਰ ਪਿਤਾ ਨੂੰ ਆਪਣੇ ਪਿਤਾ ਸਵੀਕਾਰ ਕਰਦਾ ਹਾਂ**

ਤੁਸੀਂ ਕਿਵੇਂ ਮੂਰਤੀਆਂ ਨੂੰ ਛੱਡ ਕੇ ਪਰਮੇਸ਼ਰ ਦੀ ਵੱਲ ਮੁੜੇ ਭਈ ਸਰਵ ਸਾਮਰਥੀ ਪਰਮੇਸ਼ਰ ਦੀ ਸੇਵਾ ਕਰੋ (1ਥੱਸਲੁਨੀਕੀਆਂ 1:9)

**ਮੈਂ ਯਿਸੂ ਮਸੀਹ ਨੂੰ ਆਪਣਾ ਪ੍ਰਭੂ ਅਤੇ ਮੁਕਤੀਦਾਤਾ ਸਵੀਕਾਰ ਕਰਦਾ ਹਾਂ**

ਉਸੇ ਨੂੰ ਪਰਮੇਸ਼ਰ ਨੇ ਆਪਣੇ ਸੱਜੇ ਹੱਥ ਨਾਲ ਅੱਤ ਉੱਚਾ ਕਰਕੇ ਹਾਕਮ ਅਤੇ ਮੁਕਤੀਦਾਤਾ ਠਹਿਰਾਇਆ ਤਾਂ ਜੋ ... ਤੋਬਾ ਅਤੇ ਪਾਪਾਂ ਦੀ ਮਾਫੀ ਬਖ਼ਸ਼ੇ (ਰਸੂਲਾਂ ਦੇ ਕਰਤੱਬ 5:31)

**ਮੈਂ ਪਵਿੱਤਰ ਆਤਮਾ ਨੂੰ ਸਵੀਕਾਰ ਕਰਦਾ ਹਾਂ ਕਿ ਉਹ ਯਿਸੂ ਮਸੀਹ ਦੇ ਪਿਆਰ ਦੇ ਨਾਲ ਮੈਨੂੰ ਭਰੇ**

ਇਸ ਲਈ ਜੋ ਪਰਮੇਸ਼ਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿਚ ਪਾਇਆ ਹੋਇਆ ਹੈ (ਰੋਮੀਆਂ 5:5)।

**ਮੈਂ ਪਰਮੇਸ਼ਰ ਦੇ ਵਚਨ ਨੂੰ ਆਪਣਾ ਨੇਮ ਸਵੀਕਾਰ ਕਰਦਾ ਹਾਂ**

ਸਾਰੀ ਲਿਖਤ ਪਰਮੇਸ਼ਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ, ਭਈ ਪਰਮੇਸ਼ਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ (2ਤਿਮੋਥਿਉਸ 3:16–17)

**ਮੈਂ ਪਰਮੇਸ਼ਰ ਦੇ ਲੋਕਾਂ ਨੂੰ ਆਪਣੇ ਲੋਕ ਸਵੀਕਾਰ ਕਰਦਾ ਹਾਂ**

ਤੇਰੇ ਲੋਕ ਸੋ ਮੇਰੇ ਲੋਕ ਅਤੇ ਤੇਰਾ ਪਰਮੇਸ਼ਰ ਮੇਰਾ ਪਰਮੇਸ਼ਰ ਹੋਵੇਗਾ (ਰੂਥ 1:16)

**ਮੈਂ ਆਪਣਾ ਜੀਵਨ ਪਰਮੇਸ਼ਰ ਦੇ ਲਈ ਸਮਰਪਿਤ ਕਰਦਾ ਹਾਂ**

ਸਾਡੇ ਵਿਚੋਂ ਤਾਂ ਕੋਈ ਆਪਣੇ ਲਈ ਨਹੀਂ ਜੀਉਂਦਾ, ਨਾ ਕੋਈ ਆਪਣੇ ਲਈ ਮਰਦਾ ਹੈ ਇਸ ਲਈ ਜੋ ਅਸੀਂ ਜੀਵੀਏ ਤਾਂ ਪ੍ਰਭੂ ਦੇ ਲਈ ਜੀਉਂਦੇ ਹਾਂ ਅਰ ਜੇ ਅਸੀਂ ਮਰੀਏ ਤਾਂ ਪ੍ਰਭੂ ਦੇ ਲਈ ਮਰਦੇ ਹਾਂ (ਰੋਮੀਆਂ 14:7-8)

**ਇਹ ਫੈਸਲਾ ਮੈਂ ਆਪਣੇ ਆਪ ਤੋਂ ਲੈਂਦਾਂ ਹਾਂ**

ਅੱਜ ਤੁਸੀਂ ਇਹ ਚੁਣ ਲਓ ਜਿਹ ਦੀ ਉਪਾਸਨਾ ਤੁਸੀਂ ਕਰੋਗੇ ...ਪਰ ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ (ਯਹੋਸ਼ੁਆ 24:15)

**ਅਤੇ ਇਮਾਨਦਾਰੀ ਦੇ ਨਾਲ**

ਸਰੀਰਕ ਗਿਆਨ ਤੋਂ ਨਹੀਂ ਸਗੋਂ ਪਰਮੇਸ਼ਰ ਦੀ ਕਿਰਪਾ ਤੋਂ ਪਵਿੱਤਰਤਾਈ ਅਤੇ ਨਿਸ਼ਕਪਟਤਾ ਨਾਲ ਜੋ ਪਰਮੇਸ਼ਰ ਦੇ ਜੋਗ ਹੈ (2ਕੁਰਿੰਥੀਆਂ 1:12)

**ਅਤੇ ਅਜ਼ਾਦੀ ਦੇ ਨਾਲ**


ਤੇਰੇ ਲੋਕ ਤੇਰੀ ਭਗਤੀ ਦੇ ਵੇਲੇ ਆਪਣੇ ਆਪ ਨੂੰ ਖੁਸ਼ੀ ਨਾਲ ਪੇਸ਼ ਕਰਦੇ ਹਨ (ਜਬੂਰਾਂ ਦੀ ਪੋਥੀ 110:3)

**ਅਤੇ ਹਮੇਸ਼ਾ ਦੇ ਲਈ**

ਕੌਣ ਸਾਨੂੰ ਮਸੀਹ ਦੇ ਪ੍ਰੇਮ ਤੋਂ ਅੱਡ ਕਰੇਗਾ? ਕੀ ਬਿਪਤਾ ਯਾ ਕਸ਼ਟ ਯਾ ਅਨ੍ਹੇਰ ਯਾ ਕਾਲ ਯਾ ਨੰਗ ਯਾ ਭੋਜਲ ਯਾ ਤਲਵਾਰ? (ਰੋਮੀਆਂ 8:35)

ਦਸਖਤ ..............................................................................

ਤਾਰੀਖ ..............................................................................




ਹੁਣ ਤੁਹਾਨੂੰ ਉਤਸਾਹਿਤ ਕੀਤਾ ਜਾਂਦਾ ਹੈ ਕਿ ਤੁਸੀਂ ਲੇਖਕ ਦੀ

ਦੂਜੀ ਕਿਤਾਬ

# ਨਿਹਚਾ ਲਈ ਖੁਰਾਕ ਪੜ੍ਹੋ

ਜਿਵੇਂ ਇਕ ਵਿਅਕਤੀ ਉਸ ਕਿਤਾਬ ਤੋਂ ਜਿਸ ਵਿਚ ਭੋਜਨ ਪਕਾਉਣ ਵਾਲੀ ਵਿਧੀਆਂ ਹੁੰਦੀਆਂ ਹਨ ਮੋਹ ਲਿਆ ਜਾਂਦਾ ਹੈ ਪਰੰਤੂ ਫੇਰ ਵੀ ਭੁੱਖ ਦੇ ਨਾਲ ਮਰਦਾ ਹੈ, ਉਸੇ ਤਰਾਂ ਹੀ ਇਨਸਾਨ ਵਚਨ ਦੀਆਂ ਵਿਧੀਆਂ ਤੋਂ ਸਫਲ ਜੀਵਨ ਦਾ ਮਾਰਗ ਤਾਂ ਜਾਣਦਾ ਹੋਇਆ ਵੀ ਆਤਮਿਕ ਤੌਰ ਤੇ ਕਮਜੋਰ ਰਹਿ ਸਕਦਾ ਹੈ

**ਨਿਹਚਾ ਦੀ ਖੁਰਾਕ ਕਿਤਾਬ ਵਚਨ ਦੇ ਉੱਤੇ ਅਧਾਰਿਤ ਤੁਹਾਡੇ ਲਈ ਇਸ ਲਈ ਲਿਖੀ ਗਈ ਹੈ ਕਿ ਤੁਸੀਂ ਵਚਨ ਨੂੰ ਹੱਥ ਤੋਂ ਆਪਣੇ ਦਿਮਾਗ ਵਿਚ – ਅਤੇ ਦਿਮਾਗ ਤੋਂ ਆਪਣੇ ਮਨ ਵਿਚ ਸਵੀਕਾਰ ਕਰੋ**

www.CCIM-Media.com